ISSN 2394-8507
ਭੇਟਾ : ₹ ੫/-

ਮਾਸਿਕ

# ਗੁਰਮਤਿ ਪ੍ਰਕਾਸ਼

ਜਿਲਦ : 67 ਮੱਘਰ-ਪੋਹ ਸੰਮਤ ਨਾਨਕਸ਼ਾਹੀ 554 ਦਸੰਬਰ 2022 ਅੰਕ : 9
Vol. : 67 December 2022 Issue : 9



ਪ੍ਰਕਾਸ਼-ਸਥਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ,
ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ (ਬਿਹਾਰ)


ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ,
ਸ੍ਰੀ ਚਮਕੌਰ ਸਾਹਿਬ

ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਮੱਘਰ-ਪੋਹ, ਸੰਮਤ ਨਾਨਕਸ਼ਾਹੀ ੫੫੪ ਦਸੰਬਰ 2022

ਜਿਲਦ ੬੬ (Vol. 66) ਅੰਕ ੯ (Issue 9)

*ਮੁੱਖ ਸੰਪਾਦਕ*
ਸਿਮਰਜੀਤ ਸਿੰਘ

*ਸੰਪਾਦਕ*
ਸਤਵਿੰਦਰ ਸਿੰਘ

*ਸਹਾਇਕ ਸੰਪਾਦਕ*
ਬਿਕਰਮਜੀਤ ਸਿੰਘ


## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ 5 | ਸਾਲਾਨਾ | ₹ 1250 |
| ਸਾਲਾਨਾ | ₹ 50 | ਪੰਜ ਸਾਲ | ₹ 5000 |
| ਪੰਜ ਸਾਲ | ₹ 250 | ਲਾਈਫ਼ | ₹ 10000 |
| ਲਾਈਫ਼ | ₹ 500 | | |

## ਚੰਦਾ ਭੇਜਣ ਦਾ ਪਤਾ


ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

**Secretary**
**Dharam Parchar Committee**
**(S.G.P.C.)**
**Sri Amritsar-143006**

**ਫੋਨ :** 0183-2553956-59 **ਐਕਸ** 304 **ਫੈਕਸ :** 0183-2553919

website : www.sgpc.net

e-mail :gurmatparkashmonthly@gmail.com,
gyan_gurmat@yahoo.com


**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**

Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

# ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਗੁਰੂ ਨਾਨਕ ਸਾਹਿਬ ਜੀ ਦੇ ਕਿਰਤ ਸਿਧਾਂਤ . . . | -ਡਾ. ਜਸਬੀਰ ਸਿੰਘ ਸਾਬਰ | ੮ |
| ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨ-ਛੋਹ ਪ੍ਰਾਪਤ ਅਸਥਾਨ | -ਡਾ. ਪਰਮਵੀਰ ਸਿੰਘ | ੧੬ |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਛੋਹ ਦੀਆਂ ਕੁਦਰਤੀ ਨਿਸ਼ਾਨੀਆਂ | -ਡਾ. ਸਰਬਜੀਤ ਕੌਰ ਸੰਧਾਵਾਲੀਆ | ੨੨ |
| ਮਹਾਂਕਾਵਿ 'ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ' | -ਡਾ. ਕਸ਼ਮੀਰ ਸਿੰਘ | ੨੫ |
| ਭਗਤ ਨਾਮਦੇਵ ਜੀ | -ਸ. ਸਤਬੀਰ ਸਿੰਘ ਧਾਮੀ | ੩੧ |
| ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ | -ਸ. ਗੁਰਦੀਪ ਸਿੰਘ | ੩੬ |
| ਕਾਜ਼ੀਆਂ ਵੇਖੀ ਗੱਲ ਅਜੀਬ ਦੀ. . . | -ਡਾ. ਧਰਮ ਸਿੰਘ | ੪੧ |
| . . . ਮਾਤਾ ਗੁਜਰੀ ਜੀ | -ਡਾ. ਕੁਲਦੀਪ ਕੌਰ | ੪੫ |
| ਸ਼ਹੀਦ ਬਾਬਾ ਗੁਰਬਖਸ਼ ਸਿੰਘ ਜੀ (ਨਿਹੰਗ ਸਿੰਘ) | -ਬਿਕਰਮਜੀਤ ਸਿੰਘ ਜੀਤ | ੪੮ |
| ਤੀਰਥ ਇਸ਼ਨਾਨ | -ਡਾ. ਬਲਦੇਵ ਸਿੰਘ | ੫੩ |
| ਰਾਸ਼ਟ੍ਰੀਯ? ਸਿੱਖ? ਸੰਗਤ? - ਤੱਥ ਕਿ ਮਿੱਥ | -ਐਡਵੋਕੇਟ ਗੁਰਚਰਨਜੀਤ ਸਿੰਘ ਲਾਂਬਾ | ੫੯ |
| ਸਿੱਖੀ ਦੇ ਜਾਮੇ ਵਿਚ ਭੇਖੀ ਸਿੱਖਾ ਉਏ (ਕਵਿਤਾ) | -ਸ. ਕੁਲਦੀਪ ਸਿੰਘ ਲਾਂਬਾ | ੬੩ |
| ਸਿੱਖ ਇਸਤਰੀ-ਮੂਲਕ ਇਤਿਹਾਸਕਾਰੀ . . . | -ਡਾ. ਹਰਪ੍ਰੀਤ ਕੌਰ | ੬੪ |
| 'ਅਖਰ': ਗੁਰਬਾਣੀ ਪਰਿਪੇਖ | -ਡਾ. ਪਲਵਿੰਦਰ ਕੌਰ | ੭੧ |
| ਸ੍ਰੀ ਗੁਰੁ ਪੰਥ ਪ੍ਰਕਾਸ਼ : ਵਿਵਰਨਾਤਮਿਕ ਅਧਿਐਨ | -ਬੀਬੀ ਜਸਪ੍ਰੀਤ ਕੌਰ | ੭੭ |
| ਦੱਖਣੀ ਸਿੱਖਾਂ ਦੇ ਭਾਰਤ . . . | -ਸ. ਜਗਰਾਜ ਸਿੰਘ | ੮੨ |
| ਪੁਸਤਕ 'ਗੁਰਬਾਣੀ ਇਕ ਜੀਵਨ-ਜਾਚ':ਇਕ ਅੰਤਰ-ਝਾਤ | -ਗਿ. ਸੁਰਿੰਦਰ ਸਿੰਘ ਨਿਮਾਣਾ | ੮੬ |
| ਪੋਹ ਸੁਦੀ ਸਤਮੀ ੨੯ ਦਸੰਬਰ, ੨੦੨੨ ਦਿਨ ਵੀਰਵਾਰ | -ਐਡਵੋਕੇਟ ਗੁਰਚਰਨਜੀਤ ਸਿੰਘ ਲਾਂਬਾ | ੯੧ |
| ਮਾਂ ਬੋਲੀ (ਕਵਿਤਾ) | -ਕਰਨਲ ਪ੍ਰਤਾਪ ਸਿੰਘ | ੯੨ |
| ਪੋਹ ਦਾ ਮਹੀਨਾ (ਕਵਿਤਾ) | -ਸ. ਚਰਨ ਸਿੰਘ ਮਾਹੀ (ਲੰਮਿਆਂ ਵਾਲਾ) | ੯੩ |
| ਖ਼ਬਰਨਾਮਾ | | ੯੪ |

# ਗੁਰਬਾਣੀ ਵਿਚਾਰ

*ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥*
*ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ॥*
*ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ॥*
*ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ॥*
*ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ॥*
*ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ॥*
*ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ॥*
*ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ॥*
*ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥੧੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਬਾਰਹ ਮਾਹਾ ਮਾਂਝ ਦੀ ਇਸ ਪਾਵਨ ਪਉੜੀ ਦੇ ਮਾਧਿਅਮ ਦੁਆਰਾ ਜੀਵ ਨੂੰ ਸਮਝਾਉਂਦੇ ਹਨ ਕਿ ਜਿਸ ਜੀਵ ਰੂਪੀ ਇਸਤਰੀ ਨੇ ਪਤੀ ਰੂਪੀ ਪ੍ਰਭੂ ਦੇ ਨਾਮ ਨਾਲ ਸਾਂਝ ਪਾਈ ਹੈ ਅਰਥਾਤ ਜਿਸ ਨੇ ਆਪਣਾ ਮਨ ਪ੍ਰਭੂ ਦੀ ਸਿਫਤ-ਸਾਲਾਹ ਵਿਚ ਜੋੜਿਆ ਹੈ, ਵਿਕਾਰਾਂ ਰੂਪੀ ਠੰਡ ਉਸ ਦਾ ਕੁਝ ਨਹੀਂ ਵਿਗਾੜ ਸਕਦੀ। ਉਸ ਦਾ ਚਿੱਤ/ਮਨ ਅਰਥਾਤ ਉਸ ਦਾ ਇੱਕ-ਇੱਕ ਸਾਹ ਹਮੇਸ਼ਾਂ ਹੀ ਪ੍ਰਭੂ ਦੇ ਦੀਦਾਰਾਂ ਦੀ ਚਾਹ ਵਿਚ ਜੁੜਿਆ ਰਹਿੰਦਾ ਹੈ। ਗੁਰੂ ਸਾਹਿਬ ਫੁਰਮਾਨ ਕਰਦੇ ਹਨ ਕਿ ਜਿਸ ਜੀਵ ਰੂਪੀ ਇਸਤਰੀ ਨੇ ਜਗਤ ਦੇ ਮਾਲਕ ਅਤੇ ਪਾਲਣਹਾਰ ਪ੍ਰਭੂ ਦਾ ਆਸਰਾ ਲਿਆ ਹੈ, ਉਸ ਨੇ ਹੀ ਪ੍ਰਭੂ-ਪਤੀ ਦੀ ਸੇਵਾ ਵਿਚ ਸਫਲਤਾ ਪ੍ਰਾਪਤ ਕੀਤੀ ਹੈ। ਗੁਰੂ ਸਾਹਿਬ ਦੱਸਦੇ ਹਨ ਕਿ ਜਿਸ ਨੇ ਪ੍ਰਭੂ ਦੇ ਗੁਣਾਂ ਦੀ ਵਿਚਾਰ ਕੀਤੀ ਹੈ, ਉਸ ਨੂੰ ਮਾਇਆ ਰੂਪੀ ਹਨੇਰਾ ਛੋਹ ਵੀ ਨਹੀਂ ਸਕਦਾ। ਅਜਿਹੀ ਜੀਵ ਇਸਤਰੀ ਹਮੇਸ਼ਾਂ ਉਸ ਪਰਮਾਤਮਾ ਦੀ ਹੀ ਸਿਫਤ-ਸਾਲਾਹ ਵਿਚ ਜੁੜੀ ਰਹਿੰਦੀ ਹੈ ਅਰਥਾਤ ਉਸ ਦੀ ਲਿਵ ਪ੍ਰਭੂ ਦੀ ਹੀ ਪ੍ਰੀਤ ਵਿਚ ਲੀਨ ਰਹਿੰਦੀ ਹੈ ਜਿਸ ਤੋਂ ਉਸ ਨੇ ਜਨਮ ਲਿਆ ਹੈ। ਅਸਲ ਵਿਚ ਪਰਮਾਤਮਾ ਨੇ ਹੀ ਅਜਿਹੀ ਜੀਵ ਇਸਤਰੀ ਨੂੰ ਹੱਥ ਫੜ ਕੇ ਆਪਣੇ ਨਾਲ ਜੋੜਿਆ ਹੁੰਦਾ ਹੈ ਅਤੇ ਉਹ ਕਦੀ ਵੀ ਉਸ ਤੋਂ ਵਿਛੜਦੀ ਨਹੀਂ। ਗੁਰੂ ਸਾਹਿਬ ਦੱਸਦੇ ਹਨ ਕਿ ਅਜਿਹਾ ਸੱਜਣ ਰੂਪੀ ਪਰਮਾਤਮਾ ਅਪਹੁੰਚ ਹੈ। ਉਸ ਦੇ ਗੁਣਾਂ ਦੀ ਡੂੰਘਾਈ ਤਕ ਨਹੀਂ ਪਹੁੰਚਿਆ ਜਾ ਸਕਦਾ। ਮੈਂ ਅਜਿਹੇ ਪਰਮਾਤਮਾ ਤੋਂ ਲੱਖ ਵਾਰ ਕੁਰਬਾਨ ਜਾਂਦਾ ਹਾਂ ਜੋ ਦਰ ਆਇਆਂ/ਸਰਣ ਪਿਆਂ ਦੀ ਲਾਜ ਰੱਖਦਾ ਹੈ। ਪਰਮਾਤਮਾ ਬਹੁਤ ਹੀ ਨਰਮ-ਦਿਲ ਵਾਲਾ ਦਿਆਲੂ ਹੈ। ਉਸ ਨੂੰ ਆਪਣੇ ਸਰਣ ਪਏ ਭਗਤਾਂ ਦੀ ਲਾਜ ਰੱਖਣੀ ਹੀ ਪੈਂਦੀ ਹੈ। ਗੁਰੂ ਸਾਹਿਬ ਅੰਤ ਵਿਚ ਫੁਰਮਾਨ ਕਰਦੇ ਹਨ ਕਿ ਜਿਸ ਜੀਵ ਉੱਤੇ ਬੇਪਰਵਾਹ ਦਿਆਲੂ ਪਰਮਾਤਮਾ ਮਿਹਰ ਦੀ ਨਿਗਾਹ ਪਾਉਂਦਾ ਹੈ, ਉਸ ਨੂੰ ਸਾਰੇ ਹੀ ਸੁੱਖ ਮਿਲ ਜਾਂਦੇ ਹਨ ਫਿਰ ਉਸ ਨੂੰ ਪੋਹ ਦੀ ਕਕਰੀਲੀ ਠੰਡ ਵਾਲਾ ਮਹੀਨਾ ਵੀ ਨਿੱਘਾ ਅਤੇ ਸੁਹਾਵਣਾ ਲੱਗਦਾ ਹੈ। ■

ਸੰਪਾਦਕੀ...

# ਆਓ! ਸ਼ਹੀਦਾਂ ਦੇ ਅਸਲ ਵਾਰਸ ਬਣੀਏ!

*ਸਿੱਖੀ ਦੇ ਮਹੱਲ ਨੂੰ ਮਜ਼ਬੂਤ ਕਰਨ ਲਈ ਕੁੱਛੜ ਦੇ ਲਾਲਾਂ ਤੋਂ ਲੈ ਕੇ ਵਡੇਰੀ ਉਮਰ ਦੇ ਬਜ਼ੁਰਗਾਂ ਤਕ ਨੇ ਇਸ ਦੀਆਂ ਨੀਹਾਂ ਨੂੰ ਸ਼ਹਾਦਤ ਦੇ ਖ਼ੂਨ ਨਾਲ ਸਿੰਜਿਆ ਹੈ ਅਤੇ ਕਰਤਾ ਪੁਰਖ ਦੀ ਕਿਰਪਾ ਸਦਕਾ ਇਨ੍ਹਾਂ ਵਿੱਚੋਂ ਇੱਕ ਵੀ ਅਜਿਹਾ ਨਹੀਂ ਜੋ ਆਪਣੇ ਅਕੀਦੇ ਤੋਂ ਡੋਲਿਆ ਹੋਵੇ। ਸਿੱਖ ਸ਼ਹੀਦੀ ਤਵਾਰੀਖ਼ ਅੰਦਰ ਪੋਹ ਦੇ ਮਹੀਨੇ ਦੀ ਸ਼ਹੀਦੀ ਦਾਸਤਾਨ ਤਾਂ ਰੌਂਗਟੇ ਖੜੇ ਕਰ ਦੇਣ ਵਾਲੀ ਹੈ। ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਤੋਂ ਕੁਝ ਹੀ ਦਿਨਾਂ ਦੇ ਅੰਦਰ ਗੁਰੂ ਜੀ ਦੇ ਦੋਨੋਂ ਵੱਡੇ ਸਾਹਿਬਜ਼ਾਦੇ ਅਤੇ ਬਹੁਤ ਸਾਰੇ ਪਿਆਰੇ ਗੁਰਸਿੱਖ ਚਮਕੌਰ ਦੀ ਜੰਗ ਵਿਚ ਜੂਝਦਿਆਂ ਸ਼ਹਾਦਤ ਦਾ ਜਾਮ ਪੀ ਗਏ। ਛੋਟੇ ਦੋਨੋਂ ਸਾਹਿਬਜ਼ਾਦਿਆਂ ਨੂੰ ਸਰਹੰਦ ਵਿਖੇ ਜਿਊਂਦਾ ਨੀਹਾਂ ਵਿਚ ਚਿਣ ਕੇ ਸ਼ਹੀਦ ਕੀਤਾ ਗਿਆ ਅਤੇ ਮਾਤਾ ਗੁਜਰੀ ਜੀ ਠੰਡੇ ਬੁਰਜ ਵਿਚ ਸ਼ਹੀਦੀ ਪਾ ਗਏ। ਜੇਕਰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਗੱਲ ਕਰੀਏ ਤਾਂ ਉਮਰ ਦੇ ਤਕਾਜ਼ੇ ਨਾਲ ਇਹ ਸ਼ਹਾਦਤ ਬਾ-ਕਮਾਲ ਅਤੇ ਬੇਮਿਸਾਲ ਹੈ। ਛੋਟੀ-ਛੋਟੀ ਉਮਰ ਹੋਵੇ ਅਤੇ ਅੱਗੋਂ ਵੈਰੀਆਂ ਦੀ ਸ਼ਸਤਰ-ਬੱਧ ਸ਼ਾਹੀ ਫੌਜ ਤਰ੍ਹਾਂ-ਤਰ੍ਹਾਂ ਦੇ ਲਾਲਚ, ਡਰਾਵੇ ਆਦਿ ਹਰ ਪ੍ਰਕਾਰ ਦਾ ਹੀਲਾ ਵਰਤ ਕੇ ਥੱਕ ਜਾਵੇ ਪਰ ਹੌਂਸਲੇ ਬੁਲੰਦ ਰਹਿਣ, ਅਜਿਹੀ ਦਲੇਰੀ ਪਿੱਛੇ ਖੰਡੇ-ਬਾਟੇ ਦੇ ਅੰਮ੍ਰਿਤ ਦੀ ਸ਼ਕਤੀ, ਮਾਤਾ ਜੀਤੋ ਜੀ ਅਤੇ ਦਾਦੀ, ਮਾਤਾ ਗੁਜਰੀ ਜੀ ਦੀ ਸਿੱਖਿਆ ਅਤੇ ਦਾਦਾ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ* ***ਸੀਸ ਦੀਆ ਪਰ ਸਿਰਰੁ ਨ ਦੀਆ*** *ਵਾਲੀ ਪ੍ਰੇਰਨਾ ਕੰਮ ਕਰ ਰਹੀ ਸੀ। ਗੁਰੂ ਜੀ ਦੇ ਇਨ੍ਹਾਂ ਲਾਡਲੇ ਸਾਹਿਬਜ਼ਾਦਿਆਂ ਨੇ ਇਹ ਸਾਬਤ ਕਰ ਵਿਖਾਇਆ ਕਿ ਜ਼ਿੰਦਗੀ ਵਿਚ ਵੱਡੇ ਕੀਰਤੀਮਾਨ ਸਥਾਪਤ ਕਰਨ ਲਈ ਲੰਮੀ ਉਮਰ ਦੀ ਨਹੀਂ ਬਲਕਿ ਵੱਡੇ ਜਜ਼ਬੇ ਅਤੇ ਦ੍ਰਿੜ੍ਹ ਇਰਾਦੇ ਦੀ ਲੋੜ ਹੁੰਦੀ ਹੈ। ਜਿਸ ਪ੍ਰਕਾਰ ਗੁਰੂ ਜੀ ਦੇ ਚੌਹਾਂ ਸਾਹਿਬਜ਼ਾਦਿਆਂ ਨੇ ਜਬਰ-ਜ਼ੁਲਮ ਅਤੇ ਅਨਿਆਂ ਵਿਰੁੱਧ ਸੱਚ ਧਰਮ ਦੀ ਅਵਾਜ਼ ਬੁਲੰਦ ਕਰਦਿਆਂ ਜਾਲਮ ਅੱਗੇ ਝੁਕਣ ਦੀ ਬਜਾਇ ਆਪਣੀ ਜਾਨ ਨਿਛਾਵਰ ਕਰਨ ਦਾ ਮਾਰਗ ਚੁਣਿਆ। ਇਸੇ ਲਈ ਅੱਜ ਸਮੁੱਚਾ ਸਿੱਖ ਜਗਤ ਚਾਰੇ ਸਾਹਿਬਜ਼ਾਦਿਆਂ ਨੂੰ 'ਬਾਬਾ' ਦੇ ਲਕਬ ਨਾਲ ਯਾਦ ਕਰਦਾ ਹੈ।*

*ਸਾਹਿਬਜ਼ਾਦਿਆਂ ਦੀ ਇਸ ਲਾਸਾਨੀ ਸ਼ਹਾਦਤ ਦੇ ਜਜ਼ਬੇ ਨੂੰ ਪਰਵਾਰਿਕ ਪਿਛੋਕੜ ਵਿੱਚੋਂ ਤਲਾਸ਼ਣ ਦਾ ਯਤਨ ਕਰੀਏ ਤਾਂ ਸਭ ਤੋਂ ਪਹਿਲਾਂ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬੇਅੰਤ ਤਸੀਹੇ ਝੱਲਦਿਆਂ ਸ਼ਹਾਦਤ ਦੇ ਕੇ ਜਬਰ ਦਾ ਟਾਕਰਾ ਸਬਰ ਨਾਲ ਕਰਨਾ ਸਿਖਾਇਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤਾਂ ਦੁਨੀਆ ਦੇ ਇਤਿਹਾਸ ਅੰਦਰ ਇੱਕੋ ਇਕ ਅਜਿਹੀ ਲਾਸਾਨੀ ਸ਼ਹਾਦਤ ਸੀ ਜੋ ਦੂਸਰੇ ਦੇ ਧਰਮ ਦੀ ਰਾਖੀ ਕਰਦਿਆਂ ਪ੍ਰਵਾਨ ਚੜ੍ਹੀ।*

*ਸਮੁੱਚੇ ਸਿੱਖ ਸੰਘਰਸ਼ ਦੇ ਸੰਦਰਭ ਵਿਚ ਇਨ੍ਹਾਂ ਸ਼ਹਾਦਤਾਂ ਦੇ ਮੰਤਵ ਬਾਰੇ ਵਿਚਾਰ ਕਰੀਏ ਤਾਂ ਇਹ ਮੁੱਖ ਪਹਿਲੂ ਸਾਹਮਣੇ ਆਉਂਦੇ ਹਨ ਕਿ ਹਰੇਕ ਮਨੁੱਖ ਨੂੰ ਆਪਣੇ ਧਰਮ ਅਨੁਸਾਰ ਆਪਣੇ ਧਾਰਮਿਕ ਸੰਸਕਾਰ ਕਰਨ ਦੀ ਸੁਤੰਤਰਤਾ ਹੋਵੇ। ਕਿਸੇ ਉੱਪਰ ਜਬਰੀ ਆਪਣਾ ਧਰਮ ਨਾ ਥੋਪਿਆ ਜਾਵੇ। ਆਪਣੇ ਸੱਭਿਆਚਾਰ ਅਨੁਸਾਰ ਪਹਿਰਾਵਾ ਪਹਿਨਣ*

ਅਤੇ ਆਪਣੀ ਬੋਲੀ ਬੋਲਣ ਦੀ ਅਜ਼ਾਦੀ ਹੋਵੇ। ਦੇਸ਼ ਦੇ ਆਰਥਿਕ ਸਾਧਨ ਯੋਗਤਾ ਅਨੁਸਾਰ ਸਭ ਲਈ ਬਰਾਬਰ ਹੋਣ। ਕਿਸੇ ਗਰੀਬ-ਗੁਰਬੇ ਦਾ ਹੱਕ ਨਾ ਮਾਰਿਆ ਜਾਵੇ। ਹਰੇਕ ਕੰਮ ਨਿਆਂ ਦੀ ਕਸਵੱਟੀ 'ਤੇ ਪਰਖ ਕੇ ਕੀਤਾ ਜਾਵੇ ਆਦਿ। ਇਨ੍ਹਾਂ ਸਭ ਗੱਲਾਂ ਨੂੰ ਅਮਲ ਵਿਚ ਲਿਆਉਣ ਦੀ ਖਾਤਰ ਗੁਰੂ ਸਾਹਿਬਾਨ ਨੇ ਗੁਰਬਾਣੀ ਰਾਹੀਂ ਪ੍ਰਚਾਰ ਕੀਤਾ। ਜਦੋਂ-ਜਦੋਂ ਇਨ੍ਹਾਂ ਅਸੂਲਾਂ, ਮਾਨਵੀ ਹੱਕਾਂ ਦਾ ਘਾਣ ਹੋਇਆ ਉਦੋਂ ਲੋੜ ਪੈਣ 'ਤੇ ਸ਼ਸਤਰ-ਬੱਧ ਸੰਘਰਸ਼ ਵੀ ਕਰਨਾ ਪਿਆ। ਇਸ ਸੰਘਰਸ਼ ਵਿਚ ਗੁਰੂ ਸਾਹਿਬਾਨ, ਗੁਰੂ-ਪਰਵਾਰ, ਬੱਚਿਆਂ-ਬਜ਼ੁਰਗਾਂ ਅਤੇ ਬੇਅੰਤ ਸਿੱਖਾਂ ਦੀਆਂ ਸ਼ਹਾਦਤਾਂ ਹੋਈਆਂ। ਹੱਕ-ਸੱਚ ਲਈ ਜੂਝਦਿਆਂ ਦਿੱਤੀਆਂ ਸ਼ਹੀਦੀਆਂ ਦੇ ਲਹੂ ਭਿੱਜੇ ਇਤਿਹਾਸ ਨੂੰ ਪੜ੍ਹ-ਸੁਣ ਕੇ ਹਰੇਕ ਗੁਰਸਿੱਖ ਨੂੰ ਆਪਣੇ ਪੁਰਖਿਆਂ ਉੱਪਰ ਮਾਣ ਮਹਿਸੂਸ ਹੁੰਦਾ ਹੈ। ਪਰ ਅਸਲ ਵਿਚ ਇਹ ਮਾਣ ਤਾਂ ਹੀ ਸਮਝਿਆ ਜਾ ਸਕਦਾ ਹੈ ਜੇਕਰ ਇਨ੍ਹਾਂ ਸ਼ਹਾਦਤਾਂ ਦੇ ਮੰਤਵ ਨੂੰ ਅੱਜ ਅਸੀਂ ਆਪਣੇ ਅਮਲੀ ਜੀਵਨ ਵਿਚ ਦ੍ਰਿੜ੍ਹ ਕਰ ਸਕੀਏ। ਅੱਜ ਪੱਛਮੀ ਸੱਭਿਅਤਾ ਦੇ ਪ੍ਰਭਾਵ ਹੇਠ ਸਿੱਖ ਪਰਵਾਰਾਂ ਵਿਚ ਬਹੁਤ ਸਾਰੀਆਂ ਅਜਿਹੀਆਂ ਅਲਾਮਤਾਂ ਘਰ ਕਰ ਚੁੱਕੀਆਂ ਹਨ ਜਿਨ੍ਹਾਂ ਕਰਕੇ ਸਾਨੂੰ ਇਹ ਸੋਚਣ ਦੀ ਜ਼ਰੂਰਤ ਹੈ ਕਿ ਅਸੀਂ ਸਚਮੁਚ ਉਪਰੋਕਤ ਸ਼ਹੀਦਾਂ ਦੇ ਵਾਰਸ ਹਾਂ? ਇਨ੍ਹਾਂ ਸਭ ਵਿੱਚੋਂ ਸਿੱਖ ਪਰਵਾਰਾਂ ਵਿਚ ਫੈਲਿਆ, ਪਤਿਤਪੁਣਾ ਸਭ ਤੋਂ ਵੱਡੀ ਅਲਾਮਤ ਸਮਝਿਆ ਜਾ ਸਕਦਾ ਹੈ। ਸਾਡੀ ਖਾਤਰ ਜਿਨ੍ਹਾਂ ਸਾਹਿਬਜ਼ਾਦਿਆਂ ਨੇ ਸ਼ਹਾਦਤ ਸਮੇਂ ਫ਼ਖ਼ਰ ਨਾਲ ਇਹ ਸ਼ਬਦ ਕਹੇ ਹੋਣ:

ਹਮ ਜਾਨ ਦੇਕੇ ਔਰੋਂ ਕੀ ਜਾਨੇ ਬਚਾ ਚਲੇ
ਸਿੱਖੀ ਕੀ ਨੀਂਵ ਹਮ ਹੈਂ ਸਰੋਂ ਪਰ ਉਠਾ ਚਲੇ. . .
ਸਿੱਖੀ ਕੀ ਸਲਤਨਤ ਕਾ ਹੈ ਪੌਦਾ: ਲਗਾ ਚਲੇ।

ਅਸੀਂ ਇਨ੍ਹਾਂ ਸਾਹਿਬਜ਼ਾਦਿਆਂ ਦੇ ਵਾਰਸ ਹੋਈਏ ਅਤੇ ਸਾਡੇ ਸਿਰਾਂ ਉੱਪਰ ਕੈਂਚੀਆਂ ਚੱਲਣ ਇਹ ਗੱਲ ਹਰਗਿਜ਼ ਸ਼ੋਭਾ ਨਹੀਂ ਦਿੰਦੀ।

ਅਸੀਂ ਉਸ ਦਾਦੀ ਮਾਂ, ਮਾਤਾ ਗੁਜਰੀ ਜੀ ਦੇ ਵਾਰਸ ਹੋਈਏ, ਜਿਹੜੇ ਸਾਹਿਬਜ਼ਾਦਿਆਂ ਨੂੰ ਸ਼ਹਾਦਤ ਲਈ ਤੋਰਨ ਤੋਂ ਪਹਿਲਾਂ ਕਹਿੰਦੇ ਸਨ:

ਜਾਨੇ ਸੇ ਪਹਿਲੇ ਆਓ ਗਲੇ ਸੇ ਲਗਾ ਤੋਂ ਲੂੰ
ਕੇਸੋਂ ਕੋ ਕੰਘੀ ਕਰ ਦੂੰ ਜ਼ਰਾ ਮੂੰਹ ਧੁਲਾ ਤੋਂ ਲੂੰ।

ਅਤੇ ਸਾਡੇ ਪਰਵਾਰਾਂ ਵਿਚ ਫੈਲੇ ਪਤਿਤਪੁਣੇ ਲਈ ਮਾਤਾਵਾਂ ਵੀ ਬਰਾਬਰ ਦੀਆਂ ਜ਼ਿੰਮੇਵਾਰ ਹੋਣ, ਉਨ੍ਹਾਂ ਨੂੰ ਆਪਣੇ ਬੱਚਿਆਂ ਦੇ ਕੇਸ ਕਤਲ ਕਰਾਉਣ ਤੋਂ ਪਹਿਲਾਂ ਨੀਂਹਾਂ ਵਿਚ ਖਲੋਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਲ ਨਜ਼ਰ ਨਾ ਆਉਣ ਇਹ ਸਾਡੇ ਲਈ ਦੁੱਖ ਦੀ ਗੱਲ ਹੈ।

ਅੱਜ ਆਧੁਨਿਕ ਯੁੱਗ ਵਿਚ ਸਾਨੂੰ ਲੋੜ ਹੈ ਕਿ ਅਸੀਂ ਆਪ ਗੁਰਮਤਿ ਸਿਧਾਂਤਾਂ ਦੇ ਧਾਰਨੀ ਹੋ ਕੇ ਆਪਣੇ ਬੱਚਿਆਂ ਨੂੰ ਆਪਣੇ ਲਾਸਾਨੀ ਵਿਰਸੇ ਤੋਂ ਜਾਣੂ ਕਰਵਾਈਏ, ਸਿੱਖ ਰਹਿਤ ਮਰਯਾਦਾ ਦੇ ਧਾਰਨੀ ਹੋ ਕੇ ਆਪਣੇ ਸ਼ਹੀਦਾਂ ਦੇ ਸੱਚਮੁਚ ਵਾਰਸ ਕਹਾਉਣ ਦੇ ਹੱਕਦਾਰ ਬਣੀਏ।

-ਸਤਵਿੰਦਰ ਸਿੰਘ ਫੂਲਪੁਰ
ਮੋ. +੯੧੯੯੧੪੪-੧੯੪੮੪

# ਗੁਰੂ ਨਾਨਕ ਸਾਹਿਬ ਜੀ ਦੇ ਕਿਰਤ ਸਿਧਾਂਤ ਦੀ ਵਿਲੱਖਣਤਾ : ਸਰੂਪ ਤੇ ਸੰਦਰਭ

*-ਡਾ. ਜਸਬੀਰ ਸਿੰਘ ਸਾਬਰ**

ਗੁਰੂ ਨਾਨਕ ਪਾਤਸ਼ਾਹ ਦੇ ਸਿਰਜੇ ਹਰ ਸਿਧਾਂਤ ਦਾ ਡੂੰਘਾਈ ਨਾਲ ਕੀਤਾ ਗਿਆ ਅਧਿਐਨ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਉਨ੍ਹਾਂ ਨੇ ਹੈ ਹੈ ਕਰਦੀ ਜਗਤਿ ਲੋਕਾਈ ਦੇ ਦੂਖ, ਰੋਗ, ਸੰਤਾਪ ਹਰਨ ਲਈ ਜੋ ਜੀਵਨ-ਜੁਗਤਿ ਦਰਸਾਈ ਉਸ ਦੀ ਸਿਰਜਣਾ ਕਰਨ ਤੋਂ ਪੂਰਵ ਸਮਕਾਲ ਦੀ ਧਾਰਮਿਕ, ਸਮਾਜਿਕ, ਆਰਥਿਕ ਤੇ ਰਾਜਨੀਤਕ ਸਥਿਤੀ ਨੂੰ ਪਹਿਲੋਂ ਵੇਖਿਆ ਜੋ *'ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ'*, *'ਅੰਧੀ ਰਯਤਿ ਗਿਆਨ ਵਿਹੂਣੀ'* *'ਰਾਜੇ ਸੀਹ ਮੁਕਦਮ ਕੁਤੇ'* ਵਾਂਗ ਸੀ, ਫੇਰ ਗੰਭੀਰਤਾ ਨਾਲ ਇਸ ਨੂੰ ਵਿਚਾਰਿਆ ਉਪਰੰਤ ਇਸ ਅਧੋਗਤੀ ਦੇ ਸਮਾਧਾਨ ਲਈ ਅਜਿਹੇ ਸਿਧਾਂਤ ਸਿਰਜੇ ਜੋ ਜਨ-ਜੀਵਨ ਲਈ ਕਲਿਆਣਕਾਰੀ, ਮਾਨਵ-ਹਿਤਕਾਰੀ ਅਤੇ ਵਿਹਾਰੀ ਬਣਨ ਦੇ ਯੋਗ ਸਨ। ਵਿਸ਼ੇਸ਼ਤਾ ਇਹ ਉਨ੍ਹਾਂ ਨੇ ਜੋ ਵੀ ਸਿਧਾਂਤ ਸਿਰਜੇ ਉਹ ਨਿੱਜ-ਰੂਪ ਵਿਚ ਆਪਣੇ ਪਿੰਡੇ 'ਤੇ ਹੰਢਾ ਕੇ ਪ੍ਰਤੱਖ ਰੂਪ ਵਿਚ ਮਾਨਵ-ਸਮਾਜ ਨੂੰ ਵਿਖਾਏ।

ਇਹ ਇਕ ਅਟੱਲ ਸਚਾਈ ਹੈ ਕਿ ਸਮਾਜ ਉਸ ਸ਼ਖ਼ਸੀਅਤ ਨੂੰ ਹੀ ਮਹਾਨ ਪ੍ਰਵਾਨ ਕਰਦਾ ਹੈ ਜੋ ਨਿੱਜਲਾਭ ਨੂੰ ਤਿਆਗ ਕੇ ਪਰ ਹਿੱਤ ਅਥਵਾ ਮਾਨਵ-ਸਮਾਜ ਭਲਾਈ ਨੂੰ ਅੱਗੇ ਰੱਖੇ ਕਿਉਂਕਿ ਨਿੱਜਵਾਦੀ ਸੋਚ ਵਾਲਾ ਹੈਵਾਨੀਅਤ ਦਾ ਜੀਵਨ ਜਿਉਂਦਾ ਹੈ ਅਤੇ ਪਰ-ਹਿੱਤ ਸੋਚ ਵਾਲਾ ਰੂਹਾਨੀ ਦੈਵੀਅਤਾ ਦੀ ਪਦਵੀ ਪ੍ਰਾਪਤ ਕਰ ਲੈਂਦਾ ਹੈ। ਹਰ ਸਿਧਾਂਤ ਦਾ ਮੁੱਲ ਸਮਾਜਿਕ ਸਰੋਕਾਰਾਂ ਨਾਲ ਜੁੜ ਕੇ ਪੈਂਦਾ ਹੈ ਅਤੇ ਸਮਾਜਿਕ ਸਰੋਕਾਰਾਂ ਨਾਲੋਂ ਟੁੱਟੇ ਸਿਧਾਂਤ ਮੁੱਲਹੀਣ ਹੀ ਬਣੇ ਰਹਿੰਦੇ ਹਨ। ਏਸੇ ਲਈ ਗੁਰੂ ਨਾਨਕ ਸਾਹਿਬ ਕੋਈ ਅਜਿਹਾ ਸਿਧਾਂਤ ਨਹੀਂ ਸਿਰਜਦੇ ਜੋ ਪਰੰਪਰਾ ਵਿਚ ਪਹਿਲਾਂ ਹੀ ਮੁੱਲਹੀਣ ਬਣ ਚੁਕਾ ਹੋਵੇ ਅਤੇ ਵਿਹਾਰਕ ਪੱਧਰ 'ਤੇ ਲਾਗੂ ਕਰਨਾ ਮੁਸ਼ਕਲ ਹੋਵੇ। ਏਸੇ ਲਈ ਉਨ੍ਹਾਂ ਨੇ ਮਾਨਵ-ਸਮਾਜ ਦੇ ਉਸਾਰੂ ਨਿਰਮਾਣ ਲਈ ਆਪਣੇ ਸਿਧਾਂਤਾਂ ਨੂੰ ਵਿਵਹਾਰਿਕ ਆਧਾਰ ਦੇਣੇ ਜ਼ਰੂਰੀ ਸਮਝੇ ਤਾਂ ਜੋ ਇਕ ਕਰਮਸ਼ੀਲ ਸਾਰਥਿਕ ਤੇ ਅਜਿਹੇ ਨਰੋਏ ਸਮਾਜ ਦਾ ਨਿਰਮਾਣ ਕੀਤਾ ਜਾ ਸਕੇ ਜਿਸ ਦੇ ਹਿੱਸਾ ਬਣੇ ਵਾਸੀ ਸਭੈ ਸਾਂਝੀਵਾਲ ਬਣ ਕੇ 'ਸਰਬੱਤ ਦਾ ਭਲਾ' ਮੰਗਣ ਵਾਲੀ ਜੀਵਨ-ਸ਼ੈਲੀ ਦੇ ਧਾਰਨੀ ਹੋਣ।

ਗੁਰੂ ਨਾਨਕ ਸਾਹਿਬ ਜੀ ਦੇ ਸਿਰਜੇ 'ਤ੍ਰੈ-ਰਤਨੀ' ਸਿਧਾਂਤ ਨਾਮ ਜਪੋ, ਕਿਰਤ

**#੧੩, ਗੁਰੂ ਤੇਗ ਬਹਾਦਰ ਨਗਰ, ਡਾਕ: ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ-੧੪੩੦੦੨; ਮੋ. +੯੧੯੮੮੮੪੬੦੧੯੦*

ਕਰੋ ਤੇ ਵੰਡ ਛਕੋ ਨੂੰ ਏਸੇ ਸੰਦਰਭ ਵਿਚ ਜਾਣਨ ਤੇ ਮਾਣਨ ਦੀ ਲੋੜ ਹੈ। ਗੁਰੂ-ਪਾਤਸ਼ਾਹ ਨੇ ਆਪਣੇ ਸਮਕਾਲ ਦੀਆਂ ਪ੍ਰਸਥਿਤੀਆਂ ਦੇ ਸੰਕੇਤ ਆਪਣੀਆਂ ਬਾਣੀਆਂ ਵਿੱਚੋਂ ਮਾਝ ਕੀ ਵਾਰ, ਆਸਾ ਕੀ ਵਾਰ, ਮਲਾਰ ਕੀ ਵਾਰ ਵਿਚ ਵਿਸ਼ੇਸ਼ ਰੂਪ ਵਿਚ ਕੀਤੇ ਹਨ ਜਿਨ੍ਹਾਂ ਦੇ ਸਨਮੁਖ ਉਨ੍ਹਾਂ ਦੇ 'ਕਿਰਤ' ਦੇ ਸਿਧਾਂਤ ਨੂੰ ਇਸ ਲੇਖ ਵਿਚ ਵਿਚਾਰਨ ਦਾ ਜਤਨ ਕੀਤਾ ਗਿਆ ਹੈ।

ਦਰਅਸਲ ਗੁਰੂ ਨਾਨਕ ਸਾਹਿਬ ਵੱਲੋਂ ਸਿਰਜੇ 'ਨਾਨਕ ਨਿਰਮਲ ਪੰਥ' ਦੇ ਉਦੇਸ਼ ਦੀ ਆਧਾਰਸ਼ਿਲ੍ਹਾ ਸੰਸਾਰੀ ਜ਼ਿੰਮੇਵਾਰੀਆਂ ਤੋਂ ਮੂੰਹ ਮੋੜਨ ਅਤੇ ਕਰਮ ਹੀਣ ਵਾਲਾ ਅਜਿਹਾ ਵਰਗ ਖੜਾ ਕਰਨ ਵਾਲੀ ਨਹੀਂ ਸੀ ਜੋ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਣ ਦੀ ਥਾਂ ਬੋਝ ਬਣੇ ਸਗੋਂ ਜ਼ਿੰਮੇਵਾਰੀਆਂ ਨਿਭਾਉਣ ਵਾਲਾ ਹੋਵੇ। ਏਸੇ ਲਈ ਉਨ੍ਹਾਂ ਨੇ ਪਲਾਇਣ ਕਰਨ ਦੀ ਰੁਚੀ ਵਾਲੀ ਸੋਚ ਨੂੰ ਮਿਟਾ ਕੇ ਕਿਰਤ ਕਰਨ ਦੇ ਸਿਧਾਂਤ ਦੀ ਸਿਰਜਣਾ ਕੀਤੀ। ਇਹ ਅਜਿਹਾ ਸਿਧਾਂਤ ਹੈ ਜੋ ਜੀਵਨ-ਵਿਹੂਣਾ ਨਹੀਂ ਸਗੋਂ ਜੀਵਨ-ਮਈ ਹੈ। ਉਹ ਅਧਿਆਤਮਿਕਤਾ ਨੂੰ ਕੇਵਲ ਮਾਲਾ ਫੇਰਨ ਤਕ ਸੀਮਤ ਨਹੀਂ ਕਰਦੇ ਸਗੋਂ ਉਨ੍ਹਾਂ ਦੀ ਅਧਿਆਤਮਿਕਤਾ ਜੀਵਨ-ਮਈ ਹੈ ਭਾਂਜਵਾਦੀ ਨਹੀਂ। ਇਸ ਤਰਾਂ ਕਿਰਤ-ਕਮਾਈ ਤੇ ਨਾਮ-ਸਾਧਨਾ ਇਕ ਦੂਜੇ ਦੇ ਪੂਰਕ ਬਣ ਜਾਂਦੇ ਹਨ। ਅਸਲ ਵਿਚ ਕਿਰਤ-ਕਮਾਈ ਵਿਹੂਣਾ ਧਰਮ-ਕਰਮ ਅਧਿਆਤਮਿਕ ਮੰਡਲ ਵਿਚ ਪ੍ਰਵਾਨ ਹੀ ਨਹੀਂ ਚੜ ਸਕਦਾ, ਉਹ ਤਾਂਹੀ ਸਾਰਥਿਕ ਬਣਦਾ ਹੈ ਜੇਕਰ ਸੰਸਾਰੀ ਘਾਲਣਾ ਕਰਦਿਆਂ ਕੀਤੀ ਕਮਾਈ ਵਿੱਚੋਂ ਕੀਤਾ ਜਾਵੇ ਵਰਨਾ *ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ॥ ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ॥*

ਗੁਰੂ ਨਾਨਕ ਸਾਹਿਬ ਤਾਂ ਇੱਥੋਂ ਤਕ ਸਪੱਸ਼ਟ ਕਰਦੇ ਹਨ ਕਿ ਅਕਾਲ ਪੁਰਖ ਨੇ ਸ੍ਰੇਸ਼ਟ ਮਨੁੱਖਾ ਜਨਮ ਬਖਸ਼ਿਸ਼ ਕਰਨ ਸਮੇਂ ਉਸ ਨੂੰ ਕਰਮ-ਇੰਦਰੇ ਵੀ ਬਖ਼ਸ਼ੇ ਹਨ ਜਿਨ੍ਹਾਂ ਦਾ ਕਰਮ ਆਪੋ ਆਪਣੀ ਥਾਂ ਕਾਰਜਸ਼ੀਲ ਹੋਣਾ ਹੈ। ਇਸ ਤਰਾਂ ਗੁਰੂ ਨਾਨਕ ਸਾਹਿਬ ਨੇ ਕਿਰਤ ਕਰਨ ਦੇ ਸਿਧਾਂਤ ਨੂੰ ਧਰਮ ਦਾ ਅਟੁੱਟ ਅੰਗ ਦੱਸਿਆ ਹੈ ਜੋ ਹੋਰ ਕਿਸੇ ਧਰਮ ਵਿਚ ਨਹੀਂ ਏਸੇ ਲਈ ਉਨ੍ਹਾਂ ਨੇ ਗ੍ਰਿਹਸਥ ਧਰਮ ਨੂੰ ਸ੍ਰੇਸ਼ਟਤਾ ਦਿੱਤੀ ਅਤੇ ਆਪਣੇ ਤ੍ਰੈ-ਰਤਨਾਂ ਵਿੱਚੋਂ ਕਿਰਤ ਨੂੰ ਪਹਿਲੋਂ ਰੱਖਿਆ। ਅਸਲ ਵਿਚ ਗੁਰੂ ਨਾਨਕ ਸਾਹਿਬ ਦਾ ਇਹ ਕਿਰਤ ਸਿਧਾਂਤ ਕੇਵਲ ਕਮਾਈ ਕਰਨ ਦਾ ਸਾਧਨ ਨਹੀਂ ਸਗੋਂ ਬੰਦਗੀ ਹੈ। ਏਸੇ ਲਈ ਉਹ ਕੇਵਲ ਮੰਗਣਾ ਹੀ ਨਹੀਂ ਹਰ ਅਨੈਤਿਕ ਢੰਗ ਦੀ ਕਿਰਤ-ਕਮਾਈ ਜਿਵੇਂ, ਚੋਰੀ, ਠੱਗੀ, ਲੁੱਟ ਖਸੁੱਟ, ਖੋਹ, ਰਿਸ਼ਵਤ ਆਦਿ ਸਭ ਨੂੰ ਨਕਾਰਦੇ ਆਖਦੇ ਹਨ ਕਿ 'ਚੋਰ ਕੀ ਹਾਮਾ ਭਰੇ ਨ ਕੋਇ' ਕਿਉਂਕਿ ਅਜਿਹੀ ਰੁਚੀ ਵਾਲੇ ਲੋਕ :

*-ਧੰਧਾ ਕਰਤ ਸਗਲੀ ਪਤਿ ਖੋਵਸਿ ਭਰਮੁ ਨ ਮਿਟਸਿ ਗਵਾਰਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੨੭)*

*-ਘਰਿ ਘਰਿ ਮਾਗੈ ਜਗੁ ਪਰਬੋਧੈ ਮਨ ਅੰਧੈ ਪਤਿ ਹਾਰੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੧੨)*

ਗੁਰੂ ਨਾਨਕ ਸਾਹਿਬ ਅਨੁਸਾਰ ਮੰਗਣਾ ਅਸਲ ਵਿਚ ਆਪਣੀ ਪੱਤ ਗਿਰਵੀ ਰੱਖਣ ਵਾਲਾ ਕਰਮ ਹੈ:

*-ਜੋਗੀ ਬੈਸਿ ਰਹਹੁ ਦੁਬਿਧਾ ਦੁਖੁ ਭਾਗੈ॥ ਘਰਿ ਘਰਿ ਮਾਗਤ ਲਾਜ ਨ ਲਾਗੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੦੩)*

'ਰਹਿਤਨਾਮਾ ਪਰੇਮ ਸੁਮਾਰਗ' ਵਿਚ ਏਥੋਂ ਤਕ ਆਖਿਆ ਗਿਆ ਹੈ ਕਿ *"ਪਰਾਏ ਦਰਬ ਕੋ ਅੰਗੀਕਾਰ ਨ ਕਰੇ। ਧਰਮ ਕੀ ਕਿਰਤ ਕਰ ਵੰਡ ਖਾਏ।"*

ਗੁਰੂ ਨਾਨਕ ਸਾਹਿਬ ਤਾਂ ਏਥੋਂ ਤਕ ਆਖਦੇ ਹਨ ਕਿ ਉਹ ਧਰਮ-ਆਗੂ, ਧਰਮੀ ਕਹਾਉਣ ਦੇ ਹੱਕਦਾਰ ਹੀ ਨਹੀਂ ਜੋ ਘਰ-ਘਰ ਜਾ ਕੇ ਭਿਖਿਆ ਮੰਗਦੇ ਫਿਰਦੇ ਹਨ:

*-ਗੁਰੁ ਪੀਰ ਸਦਾਏ ਮੰਗਣ ਜਾਇ॥ ਤਾ ਕੈ ਮੂਲਿ ਨ ਲਗੀਐ ਪਾਇ॥*
*ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੪੫)*

*-ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥*
*ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੨)*

ਦੀ ਜੀਵਨ-ਜੁਗਤ ਵਾਲੇ ਸਨ। ਸੱਚ ਆਧਾਰਿਤ ਤੱਥ ਇਹ ਸੀ ਕਿ ਇਸ ਵਰਗ ਨੇ ਨਾਮ ਜਪਣ ਨੂੰ ਕੇਵਲ ਨਿੱਜ-ਕਲਿਆਣ ਤੇ ਭੇਖ ਤਕ ਸੀਮਤ ਕਰ ਦਿੱਤਾ ਸੀ, ਹੱਥੀਂ ਕਿਰਤ ਕਰ ਕੇ ਖ਼ੂਨ-ਪਸੀਨੇ ਦੀ ਕੀਤੀ ਕਮਾਈ 'ਤੇ ਜੱਫਾ ਮਾਰਨ ਅਤੇ ਵੰਡ ਛਕਣ ਨੂੰ ਮੰਗ ਛਕਣ ਬਣਾਇਆ ਹੋਇਆ ਸੀ। ਸਿੱਟੇ ਵਜੋਂ ਇਸ ਜੀਵਨ ਜੁਗਤ ਨੇ ਮਾਨਵ-ਜੀਵਨ ਨੂੰ ਉਚਾਣ ਵੱਲ ਲਿਜਾਣ ਦੀ ਥਾਂ ਨੀਵਾਣ ਵੱਲ ਧਕੇਲਣਾ ਸ਼ੁਰੂ ਕੀਤਾ ਹੋਇਆ ਸੀ। ਗੁਰੂ ਨਾਨਕ ਸਾਹਿਬ ਨੇ ਮਾਨਵ-ਜੀਵਨ ਦੀ ਇਸ ਅਣਉੱਨਤ ਜੁਗਤ ਨੂੰ ਅਪ੍ਰਵਾਨ ਕਰਦਿਆਂ ਇਸ ਦੇ ਬਦਲ ਵਿਚ ਜੋ ਜੁਗਤ ਦਰਸਾਈ ਉਹ ਹੈ:

*-ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੨੨)*

*-ਸਤਿਗੁਰ ਕੀ ਐਸੀ ਵਡਿਆਈ॥ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੧)*

ਅਸਲ ਵਿਚ ਜੋਗੀਆਂ ਤੇ ਸੰਨਿਆਸੀਆਂ ਦਾ ਮਤ ਹੈ ਕਿ ਨਿਰੰਕਾਰੀ ਮਾਰਗ ਤੇ ਸੰਸਾਰੀ ਮਾਰਗ 'ਤੇ ਇਕੱਠਿਆਂ ਤੁਰਨਾ ਨਾ-ਮੁਮਕਿਨ ਹੈ। ਏਸੇ ਲਈ ਉਨ੍ਹਾਂ ਦੀ ਪ੍ਰਭੂ ਕੋਲ ਫਰਿਆਦ ਹੀ ਇਹ ਹੁੰਦੀ ਹੈ ਕਿ ਮੇਰੀ ਪਤਨੀ ਤੇ ਪਰਵਾਰ ਨੂੰ ਗਲੋਂ ਲਾਹ ਤਾਂ

ਕਿ ਮੈਂ ਤੇਰੀ ਬੰਦਗੀ ਕਰ ਸਕਾਂ। ਕਈ ਤਾਂ ਅੱਧੀ ਰਾਤ ਚੁੱਪ-ਚੁਪੀਤੇ ਪਤਨੀ ਤੇ ਪਰਵਾਰ ਨੂੰ ਸੁੱਤਿਆਂ ਛੱਡ ਕੇ ਅਣਦੱਸੀ ਥਾਂ 'ਤੇ ਚਲੇ ਜਾਂਦੇ ਸਨ। ਉਹ ਧਰਮ ਤੇ ਧੰਦੇ ਨੂੰ ਇਕਸਾਰ ਚਲਾਉਣ ਵਿਚ ਯਕੀਨ ਹੀ ਨਹੀਂ ਰੱਖਦੇ। ਪਰ ਗੁਰੂ ਨਾਨਕ ਸਾਹਿਬ ਦਾ ਦਰਸਾਇਆ ਮਾਰਗ ਜੈਵਿਕ (Organic and Unique) ਅਤੇ ਵਿਲੱਖਣ ਹੈ। ਇਸ ਮਾਰਗ ਦਾ ਪਾਂਧੀ, ਧਰਮ-ਕਰਮ ਕਰਦਿਆਂ ਕਿਰਤ ਵੀ ਨਾਲੋਂ-ਨਾਲ ਕਰਦਾ ਹੈ। ਗੌਰਤਲਬ ਹੈ ਕਿ ਗੁਰੂ ਨਾਨਕ ਸਾਹਿਬ ਨੇ ਆਪਣੇ ਪੈਰੋਕਾਰਾਂ ਨੂੰ ਇਸ ਮਾਰਗ ਦੇ ਪਾਂਧੀ ਬਨਾਉਣ ਤੋਂ ਪਹਿਲਾਂ ਖ਼ੁਦ ਇਸ ਸਾਰਥਿਕ ਤੇ ਜੈਵਿਕ ਜੀਵਨ-ਜੁਗਤਿ ਨੂੰ ਆਪਣੇ ਅੰਗ-ਸੰਗ ਕੀਤਾ।

'ਜਨਮ-ਸਾਖੀ ਸਾਹਿਤ' ਅਨੁਸਾਰ ਗੁਰੂ ਨਾਨਕ ਸਾਹਿਬ ਜੀ ਨੇ ਬਚਪਨ ਵਿਚ ਮੱਝਾਂ ਚਾਰੀਆਂ, ਸੁਲਤਾਨਪੁਰ ਦੇ ਮੋਦੀਖਾਨੇ ਵਿਚ ਨੌਕਰੀ ਕੀਤੀ ਅਤੇ ਆਪਣੀਆਂ ਚਾਰ ਉਦਾਸੀਆਂ ਕਰਨ ਸਮੇਂ ਸੈਦਪੁਰ (ਏਮਨਾਬਾਦ) ਵਿਚ ਭਾਈ ਲਾਲੋ ਜੀ ਦੇ ਘਰ ਠਹਿਰਦਿਆਂ ਉਸ ਦੀ ਸੱਚੀ-ਸੁੱਚੀ ਹੱਥੀਂ ਕੀਤੀ ਕਿਰਤ-ਕਮਾਈ ਨਾਲ ਬਣਿਆ ਭੋਜਨ ਵੀ ਛਕਦੇ ਰਹੇ। ਏਸੇ ਸਮੇਂ ਉਸ ਇਲਾਕੇ ਦੇ ਨਵਾਬ ਮਲਕ ਭਾਗੋ ਵੱਲੋਂ ਲੋਕਾਂ ਦੇ ਖ਼ੂਨ-ਪਸੀਨੇ ਦੀ ਕਮਾਈ ਨੂੰ ਲੁੱਟ-ਲੁੱਟ ਆਪਣੇ ਖ਼ਜ਼ਾਨੇ ਭਰਨ ਦੀਆਂ ਘਟਨਾਵਾਂ ਵੀ 'ਹੱਥੀਂ ਕਿਰਤ' ਕਰਨ ਦੇ ਸੰਬੰਧ ਵਿਚ ਬਹੁਤ ਮਹੱਤਤਾ ਰੱਖਦੀਆਂ ਹਨ। ਪਹਿਲੀ ਘਟਨਾ ਅਨੁਸਾਰ ਮਲਕ ਦਾ ਮੁੰਡਾ ਅਸਾਧ ਰੋਗ ਦਾ ਸ਼ਿਕਾਰ ਹੋ ਜਾਂਦਾ ਹੈ। ਵੈਦ, ਹਕੀਮਾਂ ਦੀ ਬੇਬਸੀ ਸਨਮੁਖ ਮਲਕ ਆਪਣੇ ਪੁੱਤਰ ਦੀ ਦੇਹ ਅਰੋਗਤਾ ਲਈ ਖ਼ੁਦਾ ਅੱਗੇ ਬੰਦਗੀ ਕਰਨ ਲਈ ਹੁਕਮ ਦਿੰਦਾ ਹੈ। ਪਰ ਗੁਰੂ ਨਾਨਕ ਸਾਹਿਬ ਅਜਿਹਾ ਨਹੀਂ ਕਰਦੇ ਤੇ ਮਲਕ ਨੂੰ ਦੱਸਦੇ ਹਨ ਕਿ ਤੂੰ ਜਿਸ ਖ਼ੁਦਾ ਦੇ ਬੰਦਿਆਂ ਨੂੰ ਤਸੀਹੇ ਦੇ ਰਿਹਾ ਹੈਂ ਉਨ੍ਹਾਂ ਦਾ ਖ਼ੁਦਾ ਤੇਰੇ 'ਤੇ ਦਇਆ ਨਹੀਂ ਕਰ ਸਕਦਾ। ਮਲਕ ਦੇ ਲਿਲਕੜੀਆਂ ਕੱਢਣ 'ਤੇ ਗੁਰੂ ਨਾਨਕ ਪਾਤਸ਼ਾਹ ਮਲਕ ਨੂੰ ਆਖਦੇ ਹਨ ਕਿ ਉਹ ਭਾਈ ਲਾਲੋ ਜੀ ਦੇ ਘਰੋਂ ਕੋਧਰੇ ਦੀ ਰੋਟੀ ਦਾ ਇਕ ਟੁੱਕੜਾ ਮੰਗਵਾ ਕੇ ਬੱਚੇ ਨੂੰ ਖੁਆਵੇ ਜਿਸ ਨਾਲ ਉਹ ਰਾਜ਼ੀ ਹੋ ਜਾਵੇਗਾ। ਦੂਸਰੀ ਘਟਨਾ ਮਲਕ ਦੇ ਬ੍ਰਹਮ ਭੋਜ ਅਤੇ ਭਾਈ ਲਾਲੋ ਜੀ ਦੇ ਭੋਜਨ ਨਾਲ ਜੁੜੀ ਹੋਈ ਹੈ। ਦੋਹਾਂ ਘਟਨਾਵਾਂ ਵਿਚ ਪਾਪ-ਕਰਮ ਨਾਲ ਇਕੱਤਰ ਕੀਤੀ ਧਨ-ਦੌਲਤ, ਬੀਮਾਰੀਆਂ ਤੇ ਖ਼ੂਨ ਨਾਲ ਜੁੜੀਆਂ ਹੋਈਆਂ ਹਨ ਅਤੇ ਭਾਈ ਲਾਲੋ ਜੀ ਦੀ ਹੱਥੀਂ ਕਿਰਤ ਕਮਾਈ ਦੁੱਧ ਨਾਲ। ਭਾਈ ਲਾਲੋ ਜੀ ਤੇ ਮਲਕ ਭਾਗੋ ਨਾਲ ਜੁੜੀ ਇਹ ਸਾਖੀ 'ਹੱਥੀਂ ਕਿਰਤ ਕਰਨ' ਦੇ ਸੰਦਰਭ ਵਿਚ ਸੇਧ ਇਹ ਦਿੰਦੀ ਹੈ ਕਿ ਹਰ ਇਨਸਾਨ ਨੂੰ ਦਸਾਂ 'ਨਹੁੰਆਂ' ਦੀ ਕਿਰਤ-ਕਮਾਈ ਕਰ ਕੇ ਆਪਣੀ ਰੋਟੀ, ਕੱਪੜਾ ਅਤੇ ਮਕਾਨ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਨਾ ਤਾਂ ਮੰਗਣ ਦੀ ਜੁਗਤਿ ਹੀ ਠੀਕ ਹੈ ਅਤੇ ਨਾ ਹੀ ਦੂਜਿਆਂ ਨੂੰ ਲੁੱਟਣ ਦੀ ਨੀਅਤ। ਇਹ ਇਕ ਅਟੱਲ ਸਚਾਈ ਹੈ ਕਿ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲਾ ਨਾ ਤਾਂ ਕਿਸੇ ਨੂੰ ਲੁੱਟਦਾ ਹੈ

ਅਤੇ ਨਾ ਹੀ ਧੋਖਾ ਕਰਦਾ ਹੈ। ਏਸੇ ਲਈ ਉਹ ਮਨ ਕਰਕੇ ਅਤੇ ਤਨ ਕਰਕੇ ਅਰੋਗ ਰਹਿੰਦਾ ਹੈ। ਸ਼ਾਇਦ ਏਹੋ ਕਾਰਨ ਹੈ ਕਿ ਅਰੰਭ ਵਿਚ ਗੁਰੂ ਨਾਨਕ ਸਾਹਿਬ ਦੇ ਪੈਰੋਕਾਰਾਂ ਵਿਚ ਬਹੁਗਿਣਤੀ ਉਸ ਵਰਗ ਦੀ ਵਧੇਰੇ ਸੀ, ਜੋ 'ਹਥੀਂ ਕਿਰਤ ਕਰਨ ਦੀ' ਜੁਗਤ ਨਾਲ ਜੁੜੇ ਹੋਏ ਸਨ।

ਗੁਰਬਾਣੀ ਵਿਚ ਇਸ ਦੇ ਹਵਾਲੇ ਕਈ ਥਾਂ ਪ੍ਰਾਪਤ ਹੁੰਦੇ ਹਨ:

*-ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੨੨)*
*-ਖੇਤੀ ਵਣਜੁ ਨਾਵੈ ਕੀ ਓਟ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੫੨)*
*-ਸਖੀਹੋ ਸਹੇਲੜੀਹੋ ਮੇਰਾ ਪਿਰੁ ਵਣਜਾਰਾ ਰਾਮ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੩੬)*
*-ਸਚਾ ਸਾਹੁ ਇਕੁ ਤੂੰ ਹੋਰੁ ਜਗਤੁ ਵਣਜਾਰਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੦)*
*-ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੯੫)*

ਗੁਰੂ ਨਾਨਕ ਸਾਹਿਬ ਦੀ 'ਹੱਥੀਂ ਕਿਰਤ ਕਰਨ' ਦੀ ਜੁਗਤ ਦੀ ਮਹਾਨਤਾ ਹੀ ਇਸ ਤੱਥ ਵਿਚ ਹੈ ਕਿ ਉਨ੍ਹਾਂ ਨੇ ਹਿੰਦੂ-ਸ਼੍ਰੇਣੀ ਦੇ ਸਿਆਸੀ ਪਤਨ ਤੋਂ ਬਾਅਦ, ਉੱਚ-ਸ਼੍ਰੇਣੀ ਦੇ ਵਰਗ ਦੀ ਥਾਂ ਨਿਤਾਣੇ ਤੇ ਨਿਮਾਣੇ ਵਰਗ ਦੀ ਸਾਰ ਲਈ ਜਿਸ ਦੇ ਫਲਸਰੂਪ ਸਿੱਖ ਧਰਮ ਦੀਆਂ ਜੜ੍ਹਾਂ, ਨਿਮਨ ਵਰਗ ਵਿਚ ਦਿਨ-ਬ-ਦਿਨ ਹੋਰ ਡੂੰਘੀਆਂ ਤੇ ਮਜ਼ਬੂਤ ਹੁੰਦੀਆਂ ਗਈਆਂ। ਗੁਰੂ ਨਾਨਕ ਸਾਹਿਬ ਦੀ ਬਾਣੀ ਤਾਂ ਏਥੋਂ ਤਕ ਆਖਦੀ ਹੈ ਕਿ ਮੇਰੀ ਸਾਂਝ ਅਥਵਾ ਸਹਾਨੁਭੂਤੀ ਹੀ ਉਸ ਵਰਗ ਨਾਲ ਹੈ ਜੋ ਨੀਵੀਂ ਤੋਂ ਨੀਵੀਂ ਜਾਤ ਦੇ ਸਮਝੇ ਜਾਂਦੇ ਹਨ ਕਿਉਂਕਿ ਪ੍ਰਭੂ ਦੀ ਮਿਹਰ ਉੱਥੇ ਹੁੰਦੀ ਜਿੱਥੇ ਨੀਵਿਆਂ ਦੀ ਪਾਲਣਾ ਕੀਤੀ ਜਾਂਦੀ ਹੈ :

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥*
*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕੀਆ ਰੀਸ॥*
*ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੫)*

ਪੰਡਤ ਕਹਾਉਣ ਵਾਲਾ ਵਰਗ *'ਰੋਟੀਆ ਕਾਰਣਿ ਪੂਰਹਿ ਤਾਲ'* ਭਾਵ ਰਸਮੀ ਭਜਨ ਤਾਂ ਗਾਉਂਦਾ ਹੈ ਪਰ ਉਸ ਦੀ ਇਹ ਕਿਰਿਆ ਕੇਵਲ ਪੇਟ ਪੂਜਾ ਲਈ ਦਾਨ ਲੈਣ ਤਕ ਸੀਮਤ ਹੈ ਭਜਨ ਦਾ ਮੂਲ ਸੰਦੇਸ਼ ਉਸ ਦੀ ਸਮਝ ਤੋਂ ਬਾਹਰ ਹੁੰਦਾ ਹੈ। ਮੁੱਲਾਂ ਮਸੀਤੇ ਜਾਂਦੇ ਹਨ ਤੇ ਰੋਟੀ ਦੇ ਵਸੀਲੇ ਲਈ ਬਾਂਗ ਦਿੰਦੇ ਹਨ। ਜੋਗੀ ਵੀ ਕੰਨ ਪੜਵਾ ਕੇ ਫਕੀਰਾਂ ਵਾਂਗ ਦਰ-ਦਰ 'ਤੇ ਭੀਖ ਵੀ ਮੰਗਦੇ ਹਨ ਤੇ ਪੈਰੀਂ ਹੱਥ ਵੀ ਲਵਾਉਂਦੇ ਹਨ। ਅਜਿਹੇ ਵਿਹਲੜ ਮਖੱਟੂ ਵਰਗ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੇਧ ਦਿੱਤੀ ਕਿ:

*ਗਿਆਨ ਵਿਹੂਣਾ ਗਾਵੈ ਗੀਤ॥ ਭੁਖੇ ਮੁਲਾਂ ਘਰੇ ਮਸੀਤਿ॥*

*ਮਖਟੂ ਹੋਇ ਕੈ ਕੰਨ ਪੜਾਏ॥ ਫਕਰੁ ਕਰੇ ਹੋਰੁ ਜਾਤਿ ਗਵਾਏ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੪੫)*

ਇਸ ਲਈ ਜੋ ਵਿਅਕਤੀ 'ਹੱਥੀਂ ਕਿਰਤ ਕਰ ਕੇ' ਆਪਣਾ ਜੀਵਨ-ਨਿਰਬਾਹ ਕਰਦਾ ਹੈ ਉਹੋ ਜ਼ਿੰਦਗੀ ਦਾ ਠੀਕ ਰਸਤਾ ਪਛਾਣਦਾ ਹੈ।

ਸਾਡੇ ਦੇਸ਼ ਦੇ ਸਾਧੂਆਂ ਨੇ ਤਿਆਗਵਾਦ ਦਾ ਪ੍ਰਚਾਰ ਕਰ ਕੇ ਮਾਨਵ-ਸਮਾਜ ਦਾ ਬਹੁਤ ਵੱਡਾ ਨੁਕਸਾਨ ਕੀਤਾ ਹੈ। ਜੇ ਉਹ ਧਰਮ-ਕਰਮ ਦੇ ਨਾਲ ਵਿਵਹਾਰਕ ਜ਼ਿੰਮੇਵਾਰੀਆਂ ਨਿਭਾਉਣ ਲਈ ਜ਼ੋਰ ਦਿੰਦੇ ਤਾਂ ਅੱਜ ਦੇਸ਼ ਵਿਚ ਆਰਥਿਕ ਦਸ਼ਾ ਇਤਨੀ ਤਰਸਯੋਗ ਨਹੀਂ ਸੀ ਹੋਣੀ ਜਿਤਨੀ ਬਣ ਗਈ ਹੈ। 'ਭਾਰਤ ਸੋਨੇ ਦੀ ਚਿੜੀਆ' ਵਜੋਂ ਏਸ ਕਰਕੇ ਹੀ ਜਾਣਿਆ ਜਾਂਦਾ ਸੀ ਕਿਉਂਕਿ ਏਥੇ ਲੁੱਟ-ਖਸੁੱਟ ਦੀ ਥਾਂ ਹਰੇਕ ਵਿਅਕਤੀ ਕੋਈ ਨਾ ਕੋਈ ਹੱਥੀਂ-ਕਾਰ ਕਰਦਾ ਸੀ। ਪਰ ਜਦੋਂ ਧਰਮੀ ਸਮਝੇ ਜਾਂਦੇ ਆਗੂ ਉਪਦੇਸ਼ ਹੀ ਇਹ ਕਰਨ ਲੱਗ ਪਏ ਕਿ ਕੋਈ ਕੰਮ ਨਾ ਕਰੋ, ਸੰਸਾਰ ਤਿਆਗੋ, ਕਿਉਂਕਿ ਇਹ ਨਾਲ ਨਹੀਂ ਜਾਣਾ ਅਤੇ ਮਾਇਆ ਨੂੰ ਸਰਪਣੀ ਆਖਣ। ਹਨੇਰ ਸਾਂਈ ਦਾ! ਉਪਦੇਸ਼ ਤਿਆਗ ਦਾ ਪਰ ਰੋਟੀਆਂ ਉਨ੍ਹਾਂ ਗ੍ਰਹਿਸਥੀਆਂ ਪਾਸੋਂ ਹੀ ਮੰਗ ਕੇ ਖਾਧੀਆਂ। ਗੁਰੂ ਨਾਨਕ-ਜੁਗਤਿ ਅਨੁਸਾਰ ਉਹ ਸਾਧੂ ਸੰਤ ਹੋ ਹੀ ਨਹੀਂ ਸਕਦਾ ਜੋ ਜੀਵਨ ਲੋੜਾਂ ਲਈ 'ਵਿਡਾਨੀ ਆਸ' ਰਖੇ, ਕਿਉਂਕਿ ਸੱਚਾ ਸਾਧ-ਸੰਤ ਦੂਸਰਿਆਂ ਦੇ ਹੱਥਾਂ ਵੱਲ ਵੇਖਣ ਦੀ ਥਾਂ ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕਰਦਾ ਹੈ।

ਦਰਅਸਲ ਧਰਮ ਕਰਮ ਅਤੇ 'ਹੱਥੀਂ ਕਿਰਤ ਕਰਨ' ਨੂੰ ਦੋ ਵੱਖਰੇ-ਵੱਖਰੇ ਜੁੱਟ ਬਣਾ ਕੇ ਰੱਖਣ ਵਾਲੇ ਬੁਰੀ ਤਰ੍ਹਾਂ ਅਸਫਲ ਹੋ ਗਏ ਹਨ। ਵਿਸ਼ਵੀਕਰਨ ਦੇ ਅਜੋਕੇ ਯੁੱਗ ਵਿਚ 'ਹੱਥੀਂ ਕਿਰਤ ਕਰਨ' ਵਾਲਾ ਵਰਗ ਪਦਾਰਥਵਾਦੀ ਲਹਿਰ ਅਧੀਨ ਨਿੱਜਵਾਦ, ਨਿੱਜਲਾਭ ਆਦਿ ਨਾਲ ਵਧੇਰੇ ਜੁੜਨ ਕਾਰਨ ਅੰਦਰੋਂ ਅਸ਼ਾਂਤ ਹੈ। ਸਬਰ-ਸੰਤੋਖ ਦੀ ਘਾਟ ਕਾਰਨ ਵੰਡ-ਛਕਣ ਦੀ ਰੁਚੀ ਉਸ ਦੀ ਚੇਤਨਾ ਵਿੱਚੋਂ ਗਾਇਬ ਹੋ ਗਈ ਹੈ। ਏਸ ਲਈ ਉਹ ਮਨ ਦੀ ਸ਼ਾਂਤੀ ਲਈ ਗਿਆਨ ਵਿਹੂਣੇ ਭੇਖਧਾਰੀ ਸਾਧੂ-ਸੰਤਾਂ ਦੀ ਓਟ ਤੇ ਆਸਰਾ ਲੈਂਦਾ ਹੈ ਤਾਂ ਜੋ ਉਨ੍ਹਾਂ ਦੇ ਨਾਮ-ਸਿਮਰਨ ਦੀ ਸਾਧਨਾ ਵਿੱਚੋਂ ਕੁਝ ਗੱਫਾ ਉਸ ਨੂੰ ਵੀ ਮਿਲ ਜਾਵੇ ਕਿਉਂਕਿ ਉਸ ਨੂੰ ਧਨ ਇਕੱਤਰ ਕਰਨ ਤੋਂ ਇਲਾਵਾ ਹੋਰ ਕੁਝ ਸੁਝਦਾ ਵੀ ਨਹੀਂ। ਦੂਜੇ ਪਾਸੋਂ ਸਾਧੂ-ਸੰਤਾਂ ਦਾ ਵੀ ਸ਼ਰਧਾਲੂਆਂ ਤੋਂ ਬਿਨਾਂ ਗੁਜ਼ਾਰਾ ਨਹੀਂ। ਦੋਵੇਂ ਹੀ ਇਕ ਦੂਜੇ ਪਾਸੇ ਆਪਣਾ ਕਲਿਆਣ ਸਮਝਦੇ ਹਨ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਮਤਿ ਦਾ ਜੋ ਗਾਡੀ ਰਾਹ ਪ੍ਰਸਤੁਤ ਕੀਤਾ ਉਸ ਵਿਚ ਧਰਮ-ਕਰਮ ਤੇ 'ਹੱਥੀਂ ਕਿਰਤ ਕਰਨ' ਦੋ ਵੱਖਰੇ ਜੁਟ ਨਹੀਂ ਸਗੋਂ ਇਕ ਹਨ। ਗੁਰੂ ਨਾਨਕ ਸਾਹਿਬ ਨੇ ਮੱਝਾਂ ਚਾਰੀਆਂ, ਦੁਕਾਨਦਾਰੀ ਕੀਤੀ, ਖੇਤੀ ਕੀਤੀ, ਵਪਾਰ ਕੀਤਾ, ਸ੍ਰੀ ਗੁਰੂ ਅੰਗਦ ਦੇਵ ਜੀ ਵੀ ਭਾਈ ਲਹਿਣਾ ਜੀ ਦੇ ਰੂਪ ਵਿਚ ਪਹਿਲਾਂ ਵਪਾਰੀ ਹੀ ਸਨ, ਸ੍ਰੀ ਗੁਰੂ ਅਮਰਦਾਸ ਜੀ ਵੀ ਵਪਾਰ ਕਰਦੇ ਸਨ, ਸ੍ਰੀ ਗੁਰੂ ਰਾਮਦਾਸ

ਜੀ ਵੀ ਘੁੰਗਣੀਆਂ ਵੇਚਦੇ ਸਨ। ਇਹ ਕਾਰ-ਵਿਹਾਰ ਕਰਨ ਦੇ ਬਾਵਜੂਦ ਉਹ ਗੁਰੂ ਹੀ ਰਹੇ। ਸਮਝਣ ਦੀ ਲੋੜ ਹੈ ਜੇ ਗੁਰੂ ਸਾਹਿਬਾਨ ਹੱਥੀਂ ਕਿਰਤ ਕਰਦਿਆਂ 'ਗੁਰੂ-ਪਦ' ਦੇ ਅਧਿਕਾਰੀ ਬਣੇ ਰਹਿ ਸਕਦੇ ਹਨ ਤਾਂ ਉਨ੍ਹਾਂ ਦੇ ਸਿੱਖ 'ਹੱਥੀਂ ਕਿਰਤ ਕਰਨ' ਕਰ ਕੇ ਸਿੱਖ ਕਿਉਂ ਨਹੀਂ ਹੋ ਸਕਦੇ? ਗੁਰੂ ਸਾਹਿਬ ਦਾ ਉਪਦੇਸ਼ ਹੀ ਇਹ ਹੈ ਕਿ ਭਿਖਾਰੀ ਨਹੀਂ ਬਣਨਾ, ਦਰ-ਦਰ ਮੰਗਣਾ ਨਹੀਂ, ਸੁੱਚੀ ਸ਼ੁਭ ਕਿਰਤ ਕਰਨੀ, ਪਰਵਾਰ ਵਿਚ ਹੀ ਰਹਿਣਾ ਹੈ ਅਤੇ ਜੀਵਨ ਨਾਲ ਜੁੜੇ ਸਾਰੇ ਫ਼ਰਜ਼ ਨਿਭਾਉਣੇ ਹਨ। ਸੰਸਾਰ ਤੋਂ ਦੌੜਨਾ ਨਹੀਂ, ਸੰਸਾਰ ਵਿਚ ਰਹਿ ਕੇ ਹੀ ਸਫਲ ਜੀਵਨ ਜਿਊਣਾ ਹੈ :

*ਵਿਚੇ ਗ੍ਰਿਹ ਸਦਾ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੭੦)*

ਸਿੱਖ ਧਰਮ ਵਿਚ 'ਹੱਥੀਂ ਕਿਰਤ ਕਰਨ ਦੀ ਮਹਾਨਤਾ ਦਾ ਅੰਦਾਜ਼ਾ ਏਥੋਂ ਲਗਾਇਆ ਜਾ ਸਕਦਾ ਹੈ ਕਿ ਅੱਜ ਵਿਸ਼ਵ ਭਰ ਵਿਚ ਇਕ ਸਿੱਖ ਦੀ ਪਹਿਚਾਣ ਮਿਹਨਤਕਸ਼ ਵਿਅਕਤੀ ਵਜੋਂ ਸਥਾਪਿਤ ਹੈ। ਇਸ ਕਿਰਤੀ ਜੀਵਨ ਨੇ ਹੀ ਉਸ ਨੂੰ ਨਿਆਰਾਪਣ ਦਿੱਤਾ ਹੈ। ਸਿੱਖੀ ਜੀਵਨ ਵਿਚ ਕਿਰਤ ਤੇ ਕਿਰਤੀ ਦੀ ਇਤਨੀ ਮਹਾਨਤਾ ਹੈ ਕਿ ਵਿਹਲੜ, ਮਖੱਟੂ ਬੰਦਾ ਇਸ ਵਿਚ ਫਿੱਟ ਨਹੀਂ ਹੋ ਸਕਦਾ। ਏਥੋਂ ਤਕ ਕਿ ਕਿਰਤ ਕਰਨੀ ਸਿੱਖ ਦਾ ਬੁਨਿਆਦੀ ਧਾਰਮਿਕ ਫ਼ਰਜ਼ ਬਣ ਗਿਆ ਹੈ। ਇਹ ਵੀ ਇਕ ਅਟੱਲ ਸਚਾਈ ਹੈ ਕਿ ਕਿਰਤ ਇਕ ਧਾਰਮਿਕ-ਕ੍ਰਿਆ ਹੈ ਇਸ ਦੀ ਪਹਿਚਾਨ ਤੇ ਸਥਾਪਨਾ ਪਹਿਲੀ ਵਾਰ ਸਿੱਖ ਧਰਮ ਵਿਚ ਹੀ ਅਰੰਭ ਹੋਈ। ਸਿੱਖ ਧਰਮ, ਬੁਨਿਆਦੀ ਤੌਰ 'ਤੇ ਕਿਰਤੀਆਂ ਤੇ ਗ੍ਰਿਹਸਥੀਆਂ ਦਾ ਧਰਮ ਹੈ। ਏਸੇ ਲਈ ਗੁਰੂ ਨਾਨਕ ਪਾਤਸ਼ਾਹ ਤੋਂ ਅਗਲੇ ਸਿੱਖ ਗੁਰੂ ਸਾਹਿਬਾਨ ਵੀ ਕਿਰਤੀ ਤੇ ਗ੍ਰਿਹਸਥੀ ਹੀ ਹੋਏ।

ਕਿਰਤ ਵੀ ਕਈ ਪ੍ਰਕਾਰ ਦੀ ਹੋ ਸਕਦੀ ਹੈ। ਖੇਤੀ ਕਰਨੀ, ਦੁਕਾਨ ਕਰਨੀ, ਮਜ਼ਦੂਰੀ ਕਰਨੀ, ਕੱਪੜਾ ਬੁਣਨਾ, ਸਿਉਣਾ ਆਦਿ। ਭਗਤ ਨਾਮਦੇਵ ਜੀ, ਭਗਤ ਕਬੀਰ ਜੀ, ਭਗਤ ਰਵਿਦਾਸ ਜੀ, ਭਗਤ ਧੰਨਾ ਜੀ, ਭਗਤ ਸੈਣ ਜੀ, ਭਗਤ ਸਧਨਾ ਜੀ ਆਦਿ ਭਗਤ ਸਾਹਿਬਾਨ ਕਿਰਤ ਕਰਦੇ ਸਨ। ਦੁਕਾਨਦਾਰੀ ਕਿਰਤ ਹੈ ਸੱਚੀ ਤੇ ਸੁੱਚੀ ਜੇਕਰ ਤੋਲ ਪੂਰਾ ਹੋਵੇ, ਮੁੱਲ ਜਾਇਜ਼ ਹੋਵੇ ਅਤੇ ਮਿਲਾਵਟ ਤੋਂ ਮੁਕਤ ਹੋਵੇ। ਇਕ ਹਾਕਮ ਵੀ ਕਿਰਤੀ ਹੈ ਜੇ ਉਹ ਸਹੀ ਇਨਸਾਫ ਕਰੇ, ਇਕ ਰਾਜਾ ਵੀ ਕਿਰਤੀ ਹੈ ਜੇ ਉਹ ਪਰਜਾ ਦਾ ਪਾਲਣ ਠੀਕ ਪ੍ਰਸੰਗ ਵਿਚ ਕਰੇ। ਇਕ ਵਪਾਰੀ ਵੀ ਕਿਰਤੀ ਹੈ ਜੇ ਉਹ ਆਪਣੇ ਚਾਕਰਾਂ ਨੂੰ ਠੀਕ ਮਜ਼ਦੂਰੀ ਦੇਵੇ ਤੇ ਵਾਜ਼ਬ ਕੰਮ ਲਵੇ। ਪਰ ਜੇ ਉਹ ਆਪਣੇ ਕਿਰਤੀਆਂ ਦਾ ਸ਼ੋਸ਼ਣ ਕਰਦਿਆਂ ਵਧੇਰੇ ਲਾਭ ਲੈਂਦਾ ਹੈ ਤਾਂ ਉਸ ਦੀ ਕਮਾਈ ਵਿਚ ਕਿਰਤੀਆਂ ਦਾ ਖ਼ੂਨ ਦਾਖ਼ਲ ਹੋ ਉਸ ਦੀ ਮਾਨਸਿਕਤਾ ਨੂੰ ਰੋਗੀ ਬਣਾ ਦਿੰਦਾ ਹੈ। ਉਹ ਇਸ ਸੱਚ ਤੋਂ ਅੱਖਾਂ ਮੀਟ ਲੈਂਦਾ ਹੈ ਕਿ:

*ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥*

*ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੦)*

ਗੁਰੂ ਸਾਹਿਬ ਇਹ ਵੀ ਸਪੱਸ਼ਟ ਕਰਦੇ ਹਨ ਕਿ ਕਿਸੇ ਦੀ ਕਮਾਈ ਦੌਲਤ ਵਿੱਚੋਂ ਬਿਨਾਂ ਕੋਈ ਕੰਮ ਕੀਤਿਆਂ ਹਿੱਸਾ (ਕਮਿਸ਼ਨ) ਰਿਸ਼ਵਤ ਲੈਣ ਵਾਲਾ ਵਿਅਕਤੀ ਕਿਰਤੀ ਨਹੀਂ ਹੋ ਸਕਦਾ। ਅਜਿਹੇ ਵਿਅਕਤੀ ਅੱਜ ਵੀ ਬੇਅੰਤ ਹਨ ਤੇ ਘਾਟ ਪਹਿਲਾਂ ਵੀ ਨਹੀਂ ਸੀ। ਅਜਿਹੇ ਵਿਅਕਤੀਆਂ ਪ੍ਰਤੀ ਹੀ ਗੁਰੂ ਨਾਨਕ ਸਾਹਿਬ ਨੇ ਉਪਦੇਸ਼ ਕੀਤਾ ਕਿ :

*ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧)*

ਅਜੋਕੇ ਸਮੇਂ ਅਜਿਹੇ ਲੋਕਾਂ ਨੂੰ ਪੂੰਜੀਪਤੀ ਵਜੋਂ ਜਾਣਿਆ ਜਾਂਦਾ ਹੈ। ਇਹ ਲੋਕ, ਕਿਰਤੀ ਨੂੰ ਉਜਰਤ ਘੱਟ ਤੇ ਕੰਮ ਬਹੁਤਾ ਲੈਂਦੇ ਹਨ। ਇਹ ਲੋਕ ਹੱਥੀਂ ਕਿਰਤ ਕਰਨ ਦੀ ਥਾਂ ਪੂੰਜੀ ਨਾਲ ਮੁਨਾਫਾ ਕਮਾਉਂਦੇ ਹਨ। ਇਹ ਵਰਗ ਕਿਰਤੀਆਂ ਦੀ ਪਾਲ ਵਿਚ ਨਹੀਂ ਆਉਂਦਾ।

ਸਿੱਖ ਧਰਮ, ਕਿਸੇ ਵੀ ਕਿਰਤ ਨੂੰ ਛੋਟੀ ਜਾਂ ਵੱਡੀ ਨਹੀਂ ਮੰਨਦਾ, ਸਗੋਂ ਕਿਰਤ ਨੂੰ ਦੋ ਰੂਪਾਂ ਵਿਚ ਦਰਸਾਉਂਦਾ ਹੈ। ਪਹਿਲੇ ਰੂਪ ਵਿਚ ਸੱਚੀ-ਸੁੱਚੀ ਕਿਰਤ ਤੇ ਦੂਜੀ ਰੂਪ ਵਿਚ ਝੂਠੀ ਕਿਰਤ। ਸੱਚੀ-ਸੁੱਚੀ ਕਿਰਤ ਉਹ ਜੋ ਦਸਾਂ ਨਹੁੰਆਂ ਨਾਲ ਕੀਤੀ ਗਈ ਹੋਵੇ। ਏਸੇ ਕਿਰਤ ਕਮਾਈ ਨੂੰ ਨੇਕ ਕਮਾਈ ਆਖਿਆ ਜਾਂਦਾ ਹੈ। ਨੇਕ ਕਮਾਈ ਕਰਨ ਵਾਲਾ ਕਿਰਤੀ ਇਸ ਪੱਖੋਂ ਸੁਚੇਤ ਹੁੰਦਾ ਹੈ ਕਿ ਉਸ ਦੀ ਕਿਰਤ ਦਾ ਸਮਾਜ ਦੇ ਕਿਸੇ ਪੱਖ ਉੱਪਰ ਕੋਈ ਦੁਰ-ਪ੍ਰਭਾਵ ਤਾਂ ਨਹੀਂ ਪਵੇਗਾ। ਜਿਵੇਂ ਅਜੋਕੇ ਸਮੇਂ ਮਾਰੂ ਹਥਿਆਰਾਂ ਨੂੰ ਬਣਾਉਣ ਦੀ ਦੌੜ ਵਿਚ ਵੱਡੇ-ਵੱਡੇ ਮੁਲਕ ਇਕ ਦੂਜੇ ਤੋਂ ਅੱਗੇ ਲੰਘ ਰਹੇ ਹਨ। ਖਾਣ ਵਾਲੀਆਂ ਵਸਤਾਂ ਵਿਚ ਮਿਲਾਵਟ, ਚਰਸ, ਅਫੀਮ, ਹੈਰੋਇਨ, ਜ਼ਹਿਰੀਲੀ ਸ਼ਰਾਬ, ਨਕਲੀ ਦਵਾਈਆਂ ਆਦਿ ਦੇ ਕਾਰੋਬਾਰ ਰਾਹੀਂ ਧਨ ਕਮਾਉਣ ਦੀ ਲਾਲਸਾ ਆਦਿ ਮਾਨਵਤਾ ਦਾ ਚੀਰ-ਹਰਨ ਵਾਲੇ ਇਹ ਸਭ ਝੂਠੀ ਕਿਰਤ ਦੇ ਰੂਪ ਹਨ।

ਗੁਰੂ ਨਾਨਕ ਸਾਹਿਬ ਨੇ 'ਹੱਥੀਂ ਕਿਰਤ ਕਰਨ' ਦੀ ਜੋ ਪਿਰਤ ਪਾਈ ਸੀ ਉਸ ਦਾ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹੈ। ਅੱਜ ਵਿਸ਼ਵ ਭਰ ਵਿਚ ਲੁੱਟਾਂ ਖੋਹਾਂ, ਮਿਲਾਵਟਖੋਰੀ, ਜਮ੍ਹਾਖੋਰੀ, ਨਸ਼ਾਖੋਰੀ, ਖ਼ੂਨ-ਖ਼ਰਾਬਾ, ਬਲਾਤਕਾਰ ਆਦਿ ਦੀ ਵੱਧ ਰਹੀ ਰੁਚੀ ਨੂੰ ਜੇਕਰ ਕਿਸੇ ਤਰ੍ਹਾਂ ਕੋਈ ਰੋਕ ਸਕਦਾ ਹੈ ਤਾਂ ਉਹ ਕੇਵਲ 'ਹੱਥੀਂ ਕਿਰਤ ਕਰਨ' ਦੀ ਮਹਾਨਤਾ ਨੂੰ ਸਮਝਣਾ ਤੇ ਸਮਝਾਉਣ ਦਾ ਔਜਾਰ ਹੈ। ਪਰ ਇਸ ਦੀ ਸ਼ੁਰੂਆਤ ਸਭ ਤੋਂ ਪਹਿਲਾਂ ਮਾਨਵ-ਸਮਾਜ ਦੇ ਉਸ ਜੁਟ ਨੂੰ ਕਰਨ ਦੀ ਲੋੜ ਹੈ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੈਰੋਕਾਰ ਹੋਣ ਦੇ ਬਾਵਜੂਦ ਵੱਡੀ ਗਿਣਤੀ ਵਿਚ 'ਹੱਥੀਂ ਕਿਰਤ ਕਰਨ' ਦੀ ਥਾਂ 'ਵਿਡਾਣੀ ਆਸ' ਦੀ ਧਿਰ ਬਣਿਆ ਹੋਇਆ ਹੈ। ■

*ਨਵੰਬਰ ੨੦੨੨ ਦਾ ਬਾਕੀ:*

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨ-ਛੋਹ ਪ੍ਰਾਪਤ ਅਸਥਾਨ

*-ਡਾ. ਪਰਮਵੀਰ ਸਿੰਘ**

ਪਟਿਆਲਾ

ਪਟਿਆਲਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਪੰਜਾਬ ਦਾ ਇਕ ਪ੍ਰਮੁੱਖ ਨਗਰ ਹੈ। ਗੁਰੂ ਜੀ ਨੇ ਇਕ ਤੋਂ ਵਧੇਰੇ ਵਾਰੀ ਇੱਥੋਂ ਦੇ ਲੋਕਾਂ ਨੂੰ ਦਰਸ਼ਨ ਦਿੱਤੇ ਸਨ। ਇਸ ਨਗਰ ਵਿਖੇ ਗੁਰੂ ਜੀ ਨਾਲ ਸੰਬੰਧਿਤ ਦੋ ਪ੍ਰਮੁੱਖ ਇਤਿਹਾਸਿਕ ਅਸਥਾਨ ਮੌਜੂਦ ਹਨ:

੧. ਗੁਰਦੁਆਰਾ ਦੂਖ ਨਿਵਾਰਨ ਸਾਹਿਬ : ਇਹ ਗੁਰਧਾਮ ਪਟਿਆਲਾ ਨਗਰ ਦੇ ਰੇਲਵੇ ਸਟੇਸ਼ਨ ਅਤੇ ਬੱਸ ਸਟੈਂਡ ਤੋਂ ਲਗ-ਪਗ ਇਕ ਕਿਲੋਮੀਟਰ ਦੀ ਦੂਰੀ 'ਤੇ ਸਰਹਿੰਦ ਨੂੰ ਜਾਣ ਵਾਲੀ ਸੜਕ 'ਤੇ ਸਥਿਤ ਹੈ। ਮਾਲਵੇ ਦੀ ਯਾਤਰਾ ਦੌਰਾਨ ਜਦੋਂ ਗੁਰੂ ਜੀ ਇਸ ਅਸਥਾਨ 'ਤੇ ਆਏ ਤਾਂ ਇੱਥੇ ਲਹਿਲ ਪਿੰਡ ਵਸਿਆ ਹੋਇਆ ਸੀ। ਪਿੰਡ ਦੇ ਬਾਹਰਵਾਰ ਟੋਭੇ ਦੇ ਕੰਢੇ ਬੋਹੜ ਦੇ ਰੁੱਖ ਹੇਠਾਂ ਗੁਰੂ ਜੀ ਰੁਕੇ ਸਨ ਅਤੇ ਇੱਥੇ ਹੀ ਪਿੰਡ ਦੀ ਇਕ ਬੀਬੀ ਕਰਮੋ ਆਪਣੇ ਬੀਮਾਰ ਬੱਚੇ ਨੂੰ ਲੈ ਕੇ ਗੁਰੂ ਜੀ ਕੋਲ ਆਈ ਸੀ। ਗੁਰੂ ਜੀ ਦੀ ਕਿਰਪਾ ਸਦਕਾ ਬੱਚਾ ਸਿਹਤਯਾਬ ਹੋ ਗਿਆ। ਇਸ ਘਟਨਾ ਦੀ ਯਾਦ ਦਿਵਾਉਂਦਾ ਇਕ ਹੁਕਮਨਾਮਾ ਗੁਰਦੁਆਰਾ ਸਾਹਿਬ ਵਿਖੇ ਸੰਭਾਲ ਕੇ ਰੱਖਿਆ ਹੋਇਆ ਹੈ। ਡਾ. ਗੰਡਾ ਸਿੰਘ ਦੱਸਦੇ ਹਨ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਮਸੰਦ ਭਾਈ ਫ਼ਤਹਿ ਚੰਦ ਦੇ ਪਰਿਵਾਰ ਵਿਚੋਂ ਕਿਸੇ ਗੁਰਸਿੱਖ ਨੇ ਇਸ ਪਿੰਡ ਵਿਖੇ ਗੁਰੂ ਜੀ ਦੇ ਆਉਣ ਦਾ ਬਿਰਤਾਂਤ ਸਿਰਜਿਆ ਹੈ ਜਿਸ ਦੇ ਆਧਾਰ 'ਤੇ ਇਹ ਗੁਰਧਾਮ ਇਸ ਅਸਥਾਨ 'ਤੇ ਸੁਸ਼ੋਭਿਤ ਹੋਇਆ ਦੱਸਿਆ ਜਾਂਦਾ ਹੈ[੨੯]:

*ੴ ਸਤਿਗੁਰ ਪ੍ਰਸਾਦਿ*
*ੴ ਸ੍ਰੀ ਅਕਾਲ ਸਹਾਇ*
*ਸ੍ਰੀ ਗੁਰੂ ਤੇਗ ਬਹਾਦਰ ਸਾਹਿਬ*
*ਬਾਬਾ ਬਕਾਲਾ*
*ਸ੍ਰੀ ਗੁਰੂ ਤੇਗ ਬਹਾਦਰ ਜੀ ਸਹਬ ਨੂੰ ਭਾਗ ਰਾਮ ਝਿਉਰ*
*ਬੇਨਤੀ ਕਰਤ ਭਇ ਜੀ ਲਾਹਲ ਗਾਂਵ ਵਿਚ ਬੀਮਾਰੀ ਜਾਂਦੀ ਨਹੀਂ*
*ਸਚੇ ਸਹਬ ਸਫਾਬਾਦ ਤੇ ਉਠ ਕੇ ਲਾਹਲ ਗਾਂਵ ਦੇ*
*ਪਹਾੜ ਓਰ ਕਰੀਬਨ ਸਤ ਅਠ ਸੈ ਤੌਰ ਬੋਹੜ ਦੇ*
*ਤਾਲੇ ਆਣ ਬਰਾਜਤ ਭਏ ਯੀਹਾ ਟੋਬੜ ਮੇ ਚਰਨ*

**ਮੁਖੀ, ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ- ੧੪੭੦੦੨; ਮੋ: +੯੧੯੮੭੨੦-੭੪੩੨੨*

*ਧੋਬਤ ਭਏ ਹੁਕਮ ਹੋਇਆ ਏਥੇ ਜੋ ਕੋਈ ਰੋਗੀ ਸ੍ਰਧਾ*
*ਸਹਿਤ ਅਸਨਾਨ ਕਰੇਗਾ ਉਸ ਦੇ ਸਭੇ ਰੋਗ ਖੰਡਿਏਗੇ*
*ਏਥੇ ਥੜਾ ਬਣਾਓ ਲੰਗਰ ਚਲਾਓ ਹੁਕਮ ਹੋਇਆ ਜੋ ਇੱਥੇ*
*ਬਸੰਤ ਪੰਚਮੀ ਨੂੰ ਅਸਨਾਨ ਕਰੇਗਾ ਉਸ ਨੂੰ ਸ੍ਰਭ ਤੀਰਥਾਂ*
*ਕਾ ਫਲ ਪਰਾਪਤ ਹੋਵੈਗਾ ਸੰਗਤ ਬੇਨਤੀ ਕਰਤ ਭਈ ਜੀ*
*ਇੱਥੇ ਅਬਾਦੀ ਹੁੰਦੀ ਨਹੀਂ ਅਬਾਦੀ ਹੋਵੇ ਜੀ ਹੁਕਮ ਹੋਇਆ*
*ਇੱਥੇ ਰੌਣਕ ਬਹੁਤ ਹੋਵੇਗੀ ਇੱਥੇ ਗੁਰਸਿਖ ਹੋਸੀ*
*ਰਾਜਧਾਨ ਸੇਵਾ ਕਰਸੀ ਗੁਰਧਾਮ ਉਗਾ ਹੋਸੀ ਸਭ ਜਾਹਾਨ*
*ਜੋ ਕੋਈ ਸੇਵ ਕਮਾਵੇ ਮਨ ਬਾਂਛਤ ਫਲ ਪਾਵੈ ਕਰਮਾ ਦੇਵੀ*
*ਖਤਰਾਣੀ ਚਰਨੀ ਡਿਗੀ ਜੀ ਅਠਰਾਹੇ ਨਾਲ ਬਾਲ ਸਾਂਤ ਹੋ*
*ਜਾਂਦੇ ਹੈ ਜੀ ਹੁਕਮ ਹੋਇਆ ਇੱਥੇ ਅਸਨਾਨ ਕਰ ਸੋ ਦੂਰ ਹੋਸੀ*
*ਕੋਈ ਰੋਗ ਨਾ ਰੈਹਸੀ ਇੱਥੇ ਦਿਨ ਖੋੜਸ ਮਾਘ ਸੁਕਲ ਪੰਚਮੀ*
*ਸਤਾਰਾਂ ਸੌ ਅਠਾਈਸ ਸਭ ਸੰਗਤ ਕੋ ਖੁਸੀ ਕਰਤ ਭਏ*
*ਜੋ ਹੁਕਮਨਾਮੇ ਕੇ ਦਰਸਨ ਪਾਵੇਗਾ ਸੋ ਮੇਰਾ ਦਰਸਨ ਪਾਵੇਗਾ*
*ਗੁਰਧਾਮ ਕੋ ਜਾਵੇਗਾ ਸਭ ਸੁਖ ਪਾਵੇਗਾ ਜਮ ਧਾਮ*
*ਨਾ ਜਾਵੇਗਾ। ਸਮਾਪਤੰ।*

ਡਾ. ਗੁਰਬਚਨ ਸਿੰਘ ਨੇ ਅੰਗਰੇਜ਼ੀ ਵਿਚ ਇਸ ਗੁਰਧਾਮ ਦੇ ਇਤਿਹਾਸ ਸੰਬੰਧੀ ਇਕ ਕਿਤਾਬਚਾ ਤਿਆਰ ਕੀਤਾ ਹੈ ਜਿਸ ਵਿਚ ਪਟਿਆਲਾ ਰਿਆਸਤ ਸਮੇਂ ਇਸ ਦੇ ਵਿਕਾਸ ਦਾ ਜ਼ਿਕਰ ਕਰਦੇ ਹੋਏ ਕਿਹਾ ਗਿਆ ਹੈ:

During his reign, Maharaja Amar Singh 1765-1782 laid out a very beautiful garden near the site of Gurdwara Dukh Niwaran Sahib to cherish the memory of the great Guru, it later on came in the custody of the Nihangs. Tradition holds that Maharaja Karam Singh 1813-45, who was baptised here by the Buddha Dal, granted a piece of 40 bighas revenue free grant to this historic place. Albeit, the Nihangs under the chiefship of one Baba Natha Singh left the place after some time as there arose a quarrel with the Zamindars of village Lehal.[੩੦]

ਇਸ ਗੁਰਦੁਆਰਾ ਸਾਹਿਬ ਦੇ ਪਿਛੋਕੜ ਸੰਬੰਧੀ ਜਾਣਕਾਰੀ ਦਿੰਦੇ ਹੋਏ ਸ. ਸ਼ਮਸ਼ੇਰ ਸਿੰਘ ਅਸ਼ੋਕ ਦੱਸਦੇ ਹਨ ਕਿ ਗੁਰਦੁਆਰਾ ਸਾਹਿਬ ਦੇ ਉਸ ਸਥਾਨ 'ਤੇ

ਕੁਝ ਜ਼ਮੀਨ ਜੋ ਨਿਹੰਗ ਸਿੰਘ ਛੱਡ ਗਏ ਸਨ, ਪਹਿਲਾਂ ਤਾਂ ਪਿੰਡ ਲਹਿਲ ਦੇ ਲੋਕੀ ਉਸ ਪਰ ਕਬਜ਼ਾ ਕਰਨ ਲੱਗੇ ਪਰ ਨੰਬਰਦਾਰ ਕਿਸ਼ਨ ਸਿੰਘ ਤੇ ਬਿਸ਼ਨ ਸਿੰਘ ਦੇ ਕਹਿਣ 'ਤੇ ਇਸ ਸਥਾਨ 'ਤੇ ਕੁੱਝ ਜ਼ਮੀਨ ਇਸ ਗੁਰ-ਸਥਾਨ ਦੇ ਕਬਜ਼ੇ ਵਿਚ ਹੀ ਰਹੀ। ਫੇਰ ਸੰਮਤ ੧੯੨੨ (੧੯੬੫) ਵਿਚ ਚੌਧਰੀ ਕਾਕੂ ਸਿੰਘ ਦੇ ਕਹਿਣ 'ਤੇ ਨਿਹੰਗਾਂ ਵਾਲੇ ਸਥਾਨ ਉੱਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦਗਾਰ ਵਜੋਂ ਗੁਰਦੁਆਰਾ ਦੂਖ ਨਿਵਾਰਨ ਬਣਾਉਣ ਦੀ ਤਜਵੀਜ਼ ਹੋਈ ਜੋ ਪਿੱਛੋਂ ਉਸ ਦੇ ਦਾਮਾਦ ਸਰਦਾਰ ਗੁਰਦਿੱਤ ਸਿੰਘ ਦੇ ਜ਼ੋਰ ਪਾਉਣ 'ਤੇ ਛੇਤੀ ਹੀ ਸਿਰੇ ਚੜ੍ਹ ਗਈ। ਸੰਨ ੧੯੩੦ ਈ. ਵਿਚ ਸਰਦਾਰ ਗੁਰਦਿੱਤ ਸਿੰਘ ਦੇ ਅਕਾਲ ਚਲਾਣਾ ਕਰ ਜਾਣ 'ਤੇ ਸਰਦਾਰ ਆਤਮਾ ਸਿੰਘ, ਬਚਿੱਤਰ ਸਿੰਘ ਆਦਿ ਵੱਲੋਂ ਵਰਤਮਾਨ ਗੁਰਦੁਆਰਾ ਸਾਹਿਬ ਦੂਖ ਨਿਵਾਰਨ ਦੀ ਨੀਂਹ ਰੱਖੀ ਗਈ ਤੇ ਨੀਂਹਾਂ ਭਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਦਿੱਤਾ। ਸੰਤ ਜੁਆਲਾ ਸਿੰਘ, ਸਰਦਾਰ ਹਰਿਚੰਦ ਸਿੰਘ ਜੇਜੀ, ਮਹਾਰਾਣੀ ਸਾਹਿਬਾ ਰਾੜੇਵਾਲਾ ਨੇ ਇਸ ਗੁਰਦੁਆਰੇ ਦੀ ਉਸਾਰੀ ਲਈ ਭਰਪੂਰ ਸਹਾਇਤਾ ਦਿੱਤੀ। ਇਸ ਤਰ੍ਹਾਂ ਲਗਾਤਾਰ ਯਤਨ ਹੋਣ 'ਤੇ ਸੰਨ ੧੯੩੦ ਤੋਂ ੧੯੩੩ ਤੱਕ ਲਗ-ਪਗ ਤਿੰਨ ਸਾਲਾਂ ਵਿਚ ਇਸ ਗੁਰਦੁਆਰੇ ਦੀਆਂ ਦੋ ਮੰਜਲਾਂ ਤਿਆਰ ਹੋ ਗਈਆਂ।[੩੧] ਸ. ਕਾਕੂ ਸਿੰਘ ਲਹਿਲ ਪਿੰਡ ਦੇ ਜੈਲਦਾਰ ਦੱਸੇ ਜਾਂਦੇ ਹਨ। ਇਨ੍ਹਾਂ ਸਮੇਤ ਜਿਹੜੇ ਗੁਰਸਿੱਖਾਂ ਨੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਦੀ ਇਮਾਰਤ ਦੀ ਉਸਾਰੀ ਲਈ ਜ਼ਮੀਨ ਦਾਨ ਦਿੱਤੀ ਸੀ, ਉਹਨਾਂ ਦਾ ਵੇਰਵਾ ਕੜ੍ਹਾਹ ਪ੍ਰਸ਼ਾਦ ਵਰਤਾਉਣ ਵਾਲੇ ਸਥਾਨ ਦੇ ਨਾਲ ਲੱਗੇ ਸੰਗਮਰਮਰ ਦੇ ਇਕ ਪੱਥਰ ਤੋਂ ਮਿਲਦਾ ਹੈ ਜਿਸ 'ਤੇ ਲਿਖਿਆ ਹੈ ਕਿ 'ਨਿਸਕਾਮ ਸੇਵਕ ਜੈਲਦਾਰ ਕਾਕੂ ਸਿੰਘ ਅਤੇ ਸ. ਗੁਰਦਿੱਤ ਸਿੰਘ ਡੀ.ਐਫ.ਓ. ਨੇ ਇਸ ਪਵਿੱਤਰ ਅਸਥਾਨ ਤੇ ਗੁਰਦੁਆਰਾ ਬਣਾਉਣ ਦੀ ਤਜਵੀਜ ਬਣਾਈ ਅਤੇ ਜਮੀਨ ਅਰਦਾਸ ਕੀਤੀ। ਲਹਿਲ ਨਿਵਾਸੀ ਜਿਨ੍ਹਾਂ ਨੇ ਗੁ: ਸਾਹਿਬ ਨੂੰ ਜਮੀਨ ਦਾਨ ਕੀਤੀ ਸ: ਗੁਰਦਿੱਤ ਸਿੰਘ ਡੀ.ਐਫ.ਓ. ਅਤੇ ਉਹਨਾਂ ਦੇ ਸਪੁੱਤਰਾਂ ਸ. ਇੰਦਰਜੀਤ ਸਿੰਘ ਸ. ਉਜਾਗਰ ਸਿੰਘ ਅਤੇ ਕਰਨਲ ਬਲਦੇਵ ਸਿੰਘ ਚਹਿਲ ਨੇ ੧੭ ਵਿਘੇ ੩ ਵਿਸਵੇ, ਸ. ਤਾਰਾ ਸਿੰਘ ਨੰਬਰਦਾਰ ੩੧ ਵਿਘੇ ੩ ਵਿਸਵੇ, ਸ. ਗੁਰਚਰਨ ਸਿੰਘ ਨੰਬਰਦਾਰ ੧ ਵਿਘਾ ੧ ਵਿਸਵਾ, ਸ. ਸੇਵਕਅੰਗ ਸਿੰਘ ੧ ਵਿਘਾ ੧ ਵਿਸਵਾ। ਇਸ ਜਮੀਨ ਵਿੱਚ ਗੁ. ਸਾਹਿਬ ਦੀ ਇਮਾਰਤ ਸਸ਼ੋਭਿਤ ਹੈ।'

੧੯੩੦-੩੩ ਦੌਰਾਨ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਦੀ ਉਸਾਰੀ ਹੋਈ ਇਮਾਰਤ ਦੀ ਥਾਂ 'ਤੇ ਬਾਬਾ ਅਮਰੀਕ ਸਿੰਘ ਨੇ ੫ ਮਾਰਚ ੧੯੯੯ ਨੂੰ ਨਵੀਂ ਇਮਾਰਤ ਦੀ ਕਾਰ ਸੇਵਾ ਅਰੰਭ ਕਰਵਾਈ। ਮੌਜੂਦਾ ਸਮੇਂ ਵਿਚ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਦਾ ਪ੍ਰਮੁੱਖ ਗੁਰਧਾਮ ਹੈ ਜਿੱਥੇ ਹਰ ਸਮੇਂ ਵੱਡੀ ਗਿਣਤੀ

ਵਿਚ ਸੰਗਤ ਹਾਜ਼ਰੀ ਭਰਦੀ ਹੈ। ਯਾਤਰੂਆਂ ਦੀ ਸਹੂਲਤ ਲਈ ਦੀਵਾਨ ਹਾਲ, ਮਾਤਾ ਗੁਜਰੀ ਨਿਵਾਸ, ਸ੍ਰੀ ਗੁਰੂ ਤੇਗ ਬਹਾਦਰ ਨਿਵਾਸ, ਲੰਗਰ, ਲਾਇਬ੍ਰੇਰੀ, ਡਿਸਪੈਂਸਰੀ, ਅਜਾਇਬ ਘਰ, ਜ਼ਮੀਨ-ਦੋਜ਼ ਕਾਰ ਪਾਰਕਿੰਗ, ਮੁਲਾਜ਼ਮਾਂ ਲਈ ਲਗ-ਪਗ ੧੦੦ ਕਵਾਟਰ ਆਦਿ ਮੌਜੂਦ ਹਨ। ਅਕਾਲੀ ਕੌਰ ਸਿੰਘ ਦੇ ਨਾਂ 'ਤੇ ਸਥਾਪਿਤ ਲਾਇਬ੍ਰੇਰੀ ਵੀ ਸੰਗਤ ਦਾ ਧਿਆਨ ਆਪਣੇ ਵੱਲ ਖਿੱਚਦੀ ਹੈ। ੧੯੫੬ ਤੋਂ ਇਹ ਗੁਰਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ।

੨. ਗੁਰਦੁਆਰਾ ਮੋਤੀ ਬਾਗ਼, ਪਟਿਆਲਾ: ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇਹ ਗੁਰਦੁਆਰਾ ਪਟਿਆਲਾ ਸ਼ਹਿਰ ਤੋਂ ਬਾਹਰ ਅਤੇ ਬੱਸ ਸਟੈਂਡ ਤੋਂ ਲਗ-ਪਗ ੫ ਕਿਲੋਮੀਟਰ ਦੀ ਦੂਰੀ 'ਤੇ ਨੈਸ਼ਨਲ ਇੰਸਟੀਚਿਊਟ ਆਫ਼ ਸਪੋਰਟਸ ਦੇ ਨੇੜੇ ਸਥਿਤ ਹੈ। ਸੈਫ਼ਾਬਾਦ ਤੋਂ ਗੁਰੂ ਜੀ ਇਸ ਅਸਥਾਨ 'ਤੇ ਆਏ ਸਨ। ਪਟਿਆਲਾ ਰਿਆਸਤ ਵੱਲੋਂ ਇਸ ਦੀ ਸੇਵਾ-ਸੰਭਾਲ ਕਰਨ ਵਿਚ ਵਡਮੁੱਲੀ ਸਹਾਇਤਾ ਪ੍ਰਦਾਨ ਕੀਤੀ ਗਈ। ਇਹ ਗੁਰ ਅਸਥਾਨ ਮਹਾਰਾਜਾ ਕਰਮ ਸਿੰਘ (੧੭੯੮-੧੮੪੫) ਦੇ ਸਮੇਂ ਵਿਚ ਹੀ ਪ੍ਰਗਟ ਹੋ ਗਿਆ ਸੀ ਅਤੇ ਮਹਾਰਾਜਾ ਨਰਿੰਦਰ ਸਿੰਘ (੧੮੨੪-੧੮੬੨) ਨੇ ਇਸ ਦੀ ਉਸਾਰੀ ਕਰਵਾਈ ਸੀ। ਇਸ ਗੁਰਧਾਮ ਸੰਬੰਧੀ ਜਾਣਕਾਰੀ ਦਿੰਦੇ ਹੋਏ ਗਿਆਨੀ ਗਿਆਨ ਸਿੰਘ ਦੱਸਦੇ ਹਨ ਕਿ ਇਹ ਗੁਰਦੁਆਰਾ ੧੯੦੯ ਬਿ. (ਸੰਨ ੧੮੫੨) ਵਿਚ ਮੇਰੇ ਸਾਹਮਣੇ ਬਣਿਆ ਹੈ ਪਰ ਬਣਨ ਦੀ ਅਚਰਜ ਕਥਾ ਹੈ। ਇਕ ਦਿਨ ਸੰ. ੧੮੯੮ ਬਿ. (ਸੰਨ ੧੮੪੧) ਨੂੰ ਮਹਾਰਾਜਾ ਕਰਮ ਸਿੰਘ ਨੇ ਏਥੇ ਬਾਂਸ ਉੱਤੇ ਗੜਵਾ ਰਖਵਾ ਕੇ ਫ਼ੌਜ ਨੂੰ ਹੁਕਮ ਦਿੱਤਾ ਕਿ ਨਿਸ਼ਾਨਾ ਮਾਰੋ, ਅਨੇਕ ਸਿੱਖਾਂ ਸਰਦਾਰਾਂ ਨੇ ਬੰਦੂਕਾਂ ਚਲਾਈਆਂ ਕਿਸੇ ਦੀ ਗੋਲੀ ਨਾ ਲੱਗੀ। ਏਥੋਂ ਪੁਟਵਾ ਕੇ ਦੂਜੀ ਜਗ੍ਹਾ ਬਾਂਸ ਗੱਡਿਆ ਤਾਂ ਅਨੇਕ ਗੜਵੇ ਉਡਾਏ ਗਏ। ਮਹਾਰਾਜੇ ਨੇ ਫੇਰ ਏਸ ਥਾਂ ਨਿਸ਼ਾਨਾ ਗਡਵਾਯਾ, ਬੰਦੂਕਾਂ ਚਲਵਾਈਆਂ ਫੇਰ ਭੀ ਕਿਸੇ ਦੀ ਗੋਲੀ ਨਾ ਲੱਗੀ, ਏਸੇ ਤਰ੍ਹਾਂ ਚਾਰ ਵਾਰੀ ਏਥੇ ਅਤੇ ਹੋਰ ਥਾਂ ਨਿਸ਼ਾਨਾ ਰਖਵਾਇਆ, ਏਥੇ ਚਾਰੇ ਵਾਰੀ ਕਿਸੇ ਦੀ ਗੋਲੀ ਨਾ ਲੱਗੀ, ਮਹਾਰਾਜੇ ਨੇ ਏਸ ਜਗ੍ਹਾ ਨੂੰ ਬਰਕਤ ਵਾਲੀ ਸਮਝ ਕੇ ਚੌਤਰਾ ਬਣਵਾ ਦਿੱਤਾ। ਓਦੋਂ ਏਥੇ ਰਾਣੀ ਹੁਕਮਾ ਦਾ ਵੈਰਾਨ ਜਿਹਾ ਬਾਗ ਸੀ। ਕਈ ਪ੍ਰਾਚੀਨ ਸਿੱਖਾਂ ਨੇ ਅਰ ਇਕ ਅੱਸੀ ਬਰਸ ਦੇ ਮੀਏਂ ਨੇ ਗਵਾਹੀ ਦਿੱਤੀ ਕਿ ਏਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਸੈਫ਼ਾਬਾਦ ਤੋਂ ਸਮਾਣੇ ਨੂੰ ਜਾਂਦੇ ਹੋਏ ਰਹਿ ਕੇ ਗਏ ਹਨ। ਏਸ ਕਰਕੇ ਫੇਰ ਏਥੇ ਮਹਾਰਾਜੇ ਨਰਿੰਦਰ ਸਿੰਘ ਨੇ ਗੱਦੀ 'ਤੇ ਬੈਠ ਕੇ ਅਬਚਲ ਨਗਰ ਤੇ ਅਨੰਦਪੁਰ ਸਾਹਿਬ ਆਦਿਕ ਸਭਨਾਂ ਗੁਰਦੁਆਰਿਆਂ ਤੋਂ ਮੋਹਰਾਂ ਲਗਵਾ ਕੇ ਆਗਯਾ ਲੈ ਕੇ ਏਥੇ ਗੁਰਦੁਆਰਾ ਬਣਵਾ ਕੇ ਲੰਗਰ ਲਾ ਦਿੱਤਾ ਜੋ ਹੁਣ ਹੈ।[੩੨] ਮੌਜੂਦਾ ਸਮੇਂ ਵਿਚ ਸਥਿਤ ਇਸ ਗੁਰਧਾਮ ਦੀ ਕਾਰ ਸੇਵਾ ੧੯੮੫ ਈ. ਵਿਚ ਬਾਬਾ ਜਗਤਾਰ ਸਿੰਘ

ਨੇ ਕਰਵਾਈ ਸੀ। ੧੯੫੬ ਈ. ਵਿਚ ਇਸ ਗੁਰਧਾਮ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਆ ਗਿਆ ਸੀ। ਇਸ ਦੀ ਕੁਝ ਜ਼ਮੀਨ ਅਤੇ ਪੁਰਾਤਨ ਨਿਸ਼ਾਨੀ ਨੈਸ਼ਨਲ ਇੰਸਟਰੀਚਿਊਟ ਆਫ਼ ਸਪੋਰਟਸ ਦੇ ਕਬਜ਼ੇ ਵਿਚ ਸੀ ਜਿਹੜੀ ਕਿ ੧੯.੦੩.੨੦੦੮ ਨੂੰ ਕਮੇਟੀ ਦੇ ਪ੍ਰਬੰਧ ਅਧੀਨ ਆ ਗਈ। ਗੁਰਦੁਆਰਾ ਸਾਹਿਬ ਕੋਲ ੧੩੮ ਵਿੱਘੇ ਜ਼ਮੀਨ ਹੈ।

ਪਿਲਖਣੀ: ਰਾਜਪੁਰਾ-ਸਰਹਿੰਦ ਸੜਕ 'ਤੇ ਰਾਜਪੁਰੇ ਤੋਂ ਲਗ-ਪਗ ੩ ਕਿਲੋਮੀਟਰ ਦੀ ਦੂਰੀ 'ਤੇ ਇਹ ਪਿੰਡ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ ਜਿੱਥੇ ਇਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਰਜੋ ਪੁਜੋ ਫਲੋ ਫੁਲੋਹ ਸਾਹਿਬ ਸੁਸ਼ੋਭਿਤ ਹੈ। ਬੋਹੜ ਵਰਗਾ ਪਿਲਕਣ ਦਾ ਇਕ ਰੁੱਖ ਹੁੰਦਾ ਹੈ ਜਿਸ ਦੀ ਛਾਂ ਸੰਘਣੀ ਪਰ ਲੱਕੜ ਕੱਚੀ ਹੁੰਦੀ ਹੈ। ਕਿਹਾ ਜਾਂਦਾ ਹੈ ਕਿ ਇਸ ਪਿੰਡ ਵਿਚ ਪਿਲਕਣ ਦੇ ਬਹੁਤ ਸਾਰੇ ਰੁੱਖ ਹੁੰਦੇ ਸਨ ਜਿਸ ਤੋਂ ਇਸ ਦਾ ਨਾਂ ਪਿਲਕਣੀ ਥੇੜ੍ਹੀ ਪੈ ਗਿਆ ਸੀ ਪਰ ਮੌਜੂਦਾ ਸਮੇਂ ਵਿਚ ਇਹ ਪਿੰਡ ਪਿਲਖਣੀ ਵਜੋਂ ਪ੍ਰਸਿੱਧ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਭਾਵੇਂ ਇਹ ਮੁਸਲਮਾਨਾਂ ਦਾ ਪਿੰਡ ਸੀ ਪਰ ਇੱਥੇ ਉਦਾਸੀਆਂ ਦਾ ਡੇਰਾ ਵੀ ਮੌਜੂਦ ਸੀ ਜਿਸ ਤੋਂ ਇੱਥੇ ਹੋਰਨਾਂ ਧਰਮਾਂ ਦੇ ਲੋਕਾਂ ਦੀ ਵੱਸੋਂ ਦਾ ਵੀ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਸੰਮਤ ੧੭੨੮ (ਸੰਨ ੧੬੭੧) ਵਿਚ ਗੁਰੂ ਜੀ ਇਸ ਪਿੰਡ ਵਿਖੇ ਆਏ ਸਨ। ਪਿਲਖਣੀ ਤੋਂ ੬ ਕਿਲੋਮੀਟਰ ਦੂਰ ਗੁਰੂ ਜੀ ਦਾ ਉਗਾਣੀ ਪਿੰਡ ਵਿਖੇ ਡੇਰਾ ਸੀ ਜਿੱਥੋਂ ਭਾਈ ਧਰਮੇ ਦੀ ਬੇਨਤੀ 'ਤੇ ਉਨ੍ਹਾਂ ਨੇ ਇਸ ਪਿੰਡ ਵਿਖੇ ਚਰਨ ਪਾਏ ਸਨ। ਪਿੰਡ ਦੇ ਲੋਕਾਂ ਦੀ ਸੇਵਾ ਤੋਂ ਖ਼ੁਸ਼ ਹੋ ਕੇ ਗੁਰੂ ਜੀ ਨੇ ਉਹਨਾਂ ਨੂੰ "ਰਜੋ ਪੁਜੋ ਫਲੋ ਫੁਲੋਹ" ਦਾ ਅਸ਼ੀਰਵਾਦ ਦਿੱਤਾ ਜਿਸ ਤੋਂ ਇਸ ਗੁਰਧਾਮ ਦਾ ਇਹੀ ਨਾਂ ਪੈ ਗਿਆ। ੧੯੪੭ ਈ. ਤੋਂ ਪਹਿਲਾਂ ਇੱਥੇ ਇਕ ਕੱਚਾ ਕਮਰਾ ਸੀ। ਵੰਡ ਉਪਰੰਤ ਬਹੁਤ ਸਾਰੇ ਸਿੱਖ ਇਸ ਪਿੰਡ ਵਿਖੇ ਆ ਵੱਸੇ ਸਨ ਜਿਨ੍ਹਾਂ ਨੇ ਇਸ ਨੂੰ ਪੱਕਾ ਕਰਨ ਦੀ ਸੇਵਾ ਕੀਤੀ ਸੀ। ਮੌਜੂਦਾ ਗੁਰਧਾਮ ਦੀ ਉਸਾਰੀ ਬਾਬਾ ਅਮਰੀਕ ਸਿੰਘ ਨੇ ੧੯੯੦ ਵਿਚ ਅਰੰਭ ਕੀਤੀ ਸੀ ਅਤੇ ਲਗ-ਪਗ ੨੦੦੦ ਵਿਚ ਇਮਾਰਤ ਸੰਪੂਰਨ ਹੋਣ 'ਤੇ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਸੀ। ਲਗ-ਪਗ ਇਕ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ (ਉਸਾਰੀ ਅਧੀਨ), ਬੇਸਮੈਂਟ ਪਾਰਕਿੰਗ, ਆਦਿ ਬਣੇ ਹੋਏ ਹਨ। ਪਿੰਡ ਦੀ ੧੩ ਮੈਂਬਰੀ ਕਮੇਟੀ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਕਰਦੀ ਹੈ।

ਫੱਗਣ ਮਾਜਰਾ: ਪਟਿਆਲਾ-ਸਰਹਿੰਦ ਸੜਕ 'ਤੇ ਪਟਿਆਲਾ ਤੋਂ ੧੨ ਕਿਲੋਮੀਟਰ ਦੀ ਦੂਰੀ 'ਤੇ ਇਸ ਪਿੰਡ ਵਿਚ ਮੁੱਖ ਸੜਕ 'ਤੇ ਗੁਰਦੁਆਰਾ ਸ੍ਰੀ ਤੋਖਾ ਸਾਹਿਬ ਪਾਤਸ਼ਾਹੀ ਨੌਵੀਂ ਸਥਿਤ ਹੈ। ਰੀਠ ਖੇੜੀ, ਫੱਗਣ ਮਾਜਰਾ ਅਤੇ ਕਮਿਆਣਾ ਤਿੰਨ ਪਿੰਡਾਂ ਦੀ ਸਾਂਝੀ ਜ਼ਮੀਨ 'ਤੇ ਇਹ ਗੁਰਧਾਮ ਸਥਿਤ ਹੈ। ਪੰਡਿਤ ਰੌਣਕੀ ਰਾਮ

ਅਤੇ ਸਾਈ ਬਾਬਾ ਮਸਤ ਵਾਰੇ ਸ਼ਾਹ ਦਾ ਵੀ ਇਸ ਗੁਰਧਾਮ ਦੀ ਉਸਾਰੀ ਵਿਚ ਯੋਗਦਾਨ ਦੱਸਿਆ ਜਾਂਦਾ ਹੈ। ਇਸ ਗੁਰਧਾਮ ਦੀ ਮੌਜੂਦਾ ਇਮਾਰਤ ਲਗ-ਪਗ ੬੦ ਸਾਲ ਪਹਿਲਾਂ ਉਸਾਰੀ ਗਈ ਸੀ ਅਤੇ ਸਥਾਨਿਕ ਕਮੇਟੀ ਇਸ ਦਾ ਪ੍ਰਬੰਧ ਕਰਦੀ ਹੈ।

ਬਹਾਦਰਗੜ੍ਹ: ਇਹ ਕਸਬਾ ਪਟਿਆਲਾ-ਰਾਜਪੁਰਾ ਸੜਕ 'ਤੇ ਪਟਿਆਲਾ ਬੱਸ ਸਟੈਂਡ ਤੋਂ ਲਗ-ਪਗ ੮ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ ਦੋ ਗੁਰਧਾਮ ਸਥਿਤ ਹਨ - ਇਕ ਕਿਲ੍ਹੇ ਦੇ ਅੰਦਰ ਅਤੇ ਦੂਜਾ ਮੁੱਖ ਗੇਟ ਦੇ ਸਾਹਮਣੇ ਚਾਰ-ਮਾਰਗੀ ਸੜਕ ਦੇ ਦੂਜੇ ਪਾਸੇ ਸਸ਼ੋਭਿਤ ਹੈ।

ਹਵਾਲੇ :

੨੯. ਗੰਡਾ ਸਿੰਘ, *ਸਿੱਖ ਇਤਿਹਾਸਿਕ ਯਾਦਗਾਰਾਂ*, ੨੬ ਜੂਨ ੧੯੫੦, ਪੰਨਾ ੩੭; ਭਾਈ ਰਣਧੀਰ ਸਿੰਘ ਇਸ ਪਟੇ ਦੀ ਭਾਲ ਸੰਬੰਧੀ ਵਰਨਨ ਕਰਦੇ ਹੋਏ ਦੱਸਦੇ ਹਨ ਕਿ ਸੰਤ ਭਾਈ ਅਰਜਨ ਸਿੰਘ ਜੀ ਨੂੰ ਇਕ ਪੁਰਾਣਾ ਮੁਸਲਮਾਨ ਪਟਵਾਰੀ ਲੱਭਾ ਜਿਸ ਦੇ ਪਰਵਾਰ ਵਿੱਚੋਂ ਪੀੜ੍ਹੀਆਂ ਤੋਂ ਪਟਵਾਰੀ ਚਲੇ ਆਉਂਦੇ ਸਨ। ਭਾਲ ਕਰਨ 'ਤੇ ੧੯੨੭-੨੮ ਵਿਚ ਇਸ ਦੇ ਘਰੋਂ ਪੁਰਾਣੇ ਕਾਗਜ਼ਾਂ ਵਿੱਚੋਂ ਚਾਰ ਪਟੇ ਮਿਲੇ ਜਿਹੜੇ ਕਿ ਟੀਨ ਦੇ ਪੋਲਰੇ ਵਿਚ ਪਾਏ ਹੋਣ ਕਰਕੇ ਖਰਾਬ ਹੋਣੋਂ ਬਚ ਗਏ ਸਨ। ਇਹ ਚਾਰ ਪਟੇ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਇਨ੍ਹਾਂ ਗੁਰਧਾਮਾਂ ਦੀ ਜਾਣਕਾਰੀ ਪ੍ਰਦਾਨ ਕਰਦੇ ਸਨ - ਗੁਰਦੁਆਰਾ ਸਾਹਿਬ ਨੰਦਪੁਰ ਕਲੌੜ, ਗੁਰਦੁਆਰਾ ਨਥਾਣਾ ਸਾਹਿਬ, ਗੁਰਦੁਆਰਾ ਦੂਖ ਨਿਵਾਰਣ ਸਾਹਿਬ, ਗੁਰਦੁਆਰਾ ਮੁਕਤਸਰ ਸਾਹਿਬ। ੧੯੩੦ ਵਿਚ ਭਾਈ ਆਤਮਾ ਸਿੰਘ ਦੁਆਰਾ ਬਣਾਏ ਗਏ ਨਕਸ਼ੇ ਅਨੁਸਾਰ ਗੁਰਦੁਆਰਾ ਸਾਹਿਬ ਦੀ ਇਮਾਰਤ ਅਰੰਭ ਹੋ ਗਈ ਸੀ। ਸੰਤ ਭਾਈ ਅਰਜਨ ਸਿੰਘ ਅਤੇ ਬੁੱਢਾ ਦਲ ਦੇ ਪੁਰਾਣੇ ਜਥੇਦਾਰ ਭਾਈ ਰਾਮ ਸਿੰਘ ਦਾ ਇਸ ਗੁਰਦੁਆਰਾ ਸਾਹਿਬ ਦੀ ਉਸਾਰੀ ਵਿਚ ਵਿਸ਼ੇਸ਼ ਯੋਗਦਾਨ ਹੈ। ਪੁਰਾਣੇ ਬੋਹੜ ਦੇ ਸਹਾਮਣੇ ਜਿਹੜੀ ਛਪੜੀ ਸੀ ਉਸ ਨੂੰ ਅਕਾਲੀਆਂ ਦੀ ਛਪੜੀ ਕਿਹਾ ਜਾਂਦਾ ਸੀ ਉਸ ਨੂੰ ਸਰੋਵਰ ਦੇ ਰੂਪ ਵਿਚ ਤਬਦੀਲ ਕਰ ਦਿੱਤਾ ਗਿਆ। ਰੰਗਲੇ ਸੱਜਣ, ਪੰਨੇ ੯੭-੧੦੧.

੩੦. Gurbachan Singh, *Around Gurdwara Sri Dukh Niwaran Sahib Patiala,* p. 5.

੩੧. ਸ਼ਮਸ਼ੇਰ ਸਿੰਘ ਅਸ਼ੋਕ, ਪ੍ਰਸਿੱਧ ਗੁਰਦੁਆਰੇ, ਪੰਨਾ ੨੦.

੩੨. ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖ਼ਾਲਸਾ*, ਭਾਗ ਪਹਿਲਾ, ਫੁੱਟ-ਨੋਟ, ਪੰਨੇ ੭੨੫-੨੬.

*ਚਲਦਾ . . .*

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਛੋਹ ਦੀਆਂ ਕੁਦਰਤੀ ਨਿਸ਼ਾਨੀਆਂ

*-ਡਾ. ਸਰਬਜੀਤ ਕੌਰ ਸੰਧਾਵਾਲੀਆ**

ਸ੍ਰੀ ਦਸਮੇਸ਼ ਪਾਤਸ਼ਾਹ ਜੀ ਦੀ ਨੂਰੀ ਛੋਹ ਨਾਲ ਧਰਤ ਅਤੇ ਆਕਾਸ਼ ਹੁਲਸਾਏ ਹੋਏ ਹਨ। ਨਦੀਆਂ, ਪਰਬਤ, ਦਰਿਆ ਅਤੇ ਜੰਗਲ ਬੇਲੇ ਵਰੋਸਾਏ ਹੋਏ ਹਨ। ਆਪ ਜੀ ਦੀ ਚਰਨ-ਛੋਹ ਨਾਲ ਵਣ, ਜੰਡ, ਝਾੜ, ਸੂਲਾਂ ਕੰਡੇ, ਥਲ, ਡੂੰਗਰ ਅਤੇ ਭੀਹਾਵਲੇ ਵੀਰਾਨੇ ਭੀ ਮਹਿਕ ਰਹੇ ਹਨ। ਝਾੜੀਆਂ ਅਤੇ ਮੱਲ੍ਹਿਆਂ ਨੇ ਆਪ ਜੀ ਦੇ ਬਸਤਰਾਂ ਨੂੰ ਬੋਚਿਆ, ਜੰਡਾਂ ਅਤੇ ਵਣਾਂ ਨੇ ਗਲਵਕੜੀਆਂ ਪਾਈਆਂ, ਕੰਡਿਆਂ ਅਤੇ ਸੂਲਾਂ ਨੇ ਕਦਮਬੋਸ਼ੀ ਕੀਤੀ। ਇਨ੍ਹਾਂ ਵਡਭਾਗੀਆਂ ਕੁਦਰਤੀ ਨਿਸ਼ਾਨੀਆਂ ਨੂੰ ਅੱਜ ਅਸੀਂ ਦਾਤਣ ਸਾਹਿਬ, ਬੇਰ ਸਾਹਿਬ, ਜੰਡ ਸਾਹਿਬ, ਲੱਖੀ ਜੰਗਲ, ਕਰੀਰ ਸਾਹਿਬ, ਝਾੜ ਸਾਹਿਬ, ਟਾਹਲੀ ਸਾਹਿਬ, ਰੇਰੂ ਸਾਹਿਬ ਆਦਿ ਕਹਿ ਕੇ ਸਿਰ ਝੁਕਾਉਂਦੇ ਹਾਂ। ਜਿੱਥੇ ਥੱਕੇ ਹੋਏ ਕਲਗੀਧਰ ਪਾਤਸ਼ਾਹ ਨੇ ਕੁਝ ਘੜੀਆਂ ਵਿਸ਼ਰਾਮ ਕਰ ਲਿਆ, ਉਹ ਦਮਦਮਾ ਸਾਹਿਬ ਬਣ ਗਿਆ। ਗੋਦਾਵਰੀ ਦੇ ਤਟ 'ਤੇ ਜਿੱਥੇ ਹੀਰਾ ਸੁੱਟਿਆ ਉਹ ਹੀਰਾ ਘਾਟ ਸਾਹਿਬ ਹੋ ਗਿਆ, ਜਿੱਥੇ ਨਗੀਨਾ ਸੁੱਟਿਆ ਉਹ ਨਗੀਨਾ ਘਾਟ ਸਾਹਿਬ ਬਣ ਗਿਆ। ਜਿੱਥੇ ਫੌਜ ਨੂੰ ਤਨਖਾਹਾਂ ਵੰਡੀਆਂ ਉਹ ਮਾਲ ਟੇਕੜੀ ਸਾਹਿਬ ਹੋ ਗਿਆ। ਜਿੱਥੇ ਪਵਿੱਤਰ ਚਰਨ ਟਿਕਾਏ ਉਹ ਪਾਉਂਟਾ ਸਾਹਿਬ ਹੋ ਗਿਆ, ਜਿੱਥੇ ਅਨੰਦ ਦੀਆਂ ਝੜੀਆਂ ਲਾਈਆਂ ਉਹ ਅਨੰਦਪੁਰ ਸਾਹਿਬ ਅਤੇ ਜਿੱਥੇ ਆਸਣ ਲਗਾਏ ਉਹ ਤਖ਼ਤ ਸਾਹਿਬ ਬਣ ਗਏ। ਆਪ ਜੀ ਦੇ ਨੀਲੇ ਦੇ ਸੁੰਮਾਂ ਦੀ ਛੋਹ ਨਾਲ ਭੱਖਦਾ ਹੋਇਆ ਭੱਠਾ ਸ਼ਾਂਤ ਹੋ ਕੇ ਭੱਠਾ ਸਾਹਿਬ ਬਣ ਗਿਆ। ਆਪ ਜੀ ਦੇ ਸੋਹਣੇ ਚਰਨਾਂ ਦਾ ਸਪਰਸ਼ ਪਾ ਕੇ ਮਾਛੀਵਾੜੇ ਦੀ ਕੰਡਿਆਲੀ ਧਰਤੀ 'ਤੇ ਗੁਰਦੁਆਰਾ ਚਰਨ ਕੰਵਲ ਸਾਹਿਬ ਬਣ ਗਿਆ। ਕਿਤੇ ਕਿਰਪਾਨ ਭੇਟ ਹੋਈ ਤਾਂ ਗੁਰਦੁਆਰਾ ਦੇਗਸਰ ਸਾਹਿਬ ਸੁਸ਼ੋਭਿਤ ਹੋ ਗਿਆ।

ਰੂਹਾਨੀਅਤ ਦੇ ਮਹਾਨ ਸਾਗਰ ਹੋਣ ਦੇ ਨਾਤੇ ਆਪ ਜੀ ਦਾ ਦਰਿਆਵਾਂ, ਨਦੀਆਂ, ਨਾਲਿਆਂ ਨਾਲ ਭੀ ਸਨੇਹ ਰਿਹਾ ਹੈ। ਆਪ ਜੀ ਦੀ ਬਾਣੀ ਵਿਚ ਦਰਿਆਵਾਂ ਦੇ ਵੇਰਵੇ ਮਿਲਦੇ ਹਨ। ਪੰਜ ਦਰਿਆਵਾਂ ਦੀ ਧਰਤੀ ਪੰਜਾਬ ਕਦੇ ਸੱਤ ਦਰਿਆਵਾਂ ਦਾ ਦੇਸ਼ 'ਸਪਤ ਸਿੰਧੂ' ਹੋਇਆ ਕਰਦਾ ਸੀ ਪਰ ਮਹਾਰਾਜ ਜੀ ਨੇ ਇਸ ਇਲਾਕੇ ਨੂੰ 'ਅਸ਼ਟ ਨਦ' ਕਿਹਾ ਹੈ। ਅਸ਼ਟ ਨਦ ਤੋਂ ਭਾਵ ਅੱਠ ਨਦੀਆਂ - ਐਰਾਵਤੀ (ਰਾਵੀ), ਸਤਲੁਜ, ਸਰਸਵਤੀ, ਗੰਗਾ, ਜਮਨਾ, ਜੇਹਲਮ, ਝਨਾਂ ਅਤੇ ਬਿਆਸ ਹੈ। ਆਪ ਜੀ ਚਰਿਤ੍ਰ ੪੦੫ ਵਿਚ ਫੁਰਮਾਉਂਦੇ ਹਨ :

*ਤਹਾ ਸ੍ਰੋਨ ਕੀ ਕੂਲ ਘਾਰੀ ਬਿਰਾਜੈ ॥*

**ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਬੁਲੰਦਪੁਰੀ ਸਾਹਿਬ, ਤਹਿ: ਨਕੋਦਰ-੧੪੪੦੪੧; (ਜ਼ਿਲ੍ਹਾ ਜਲੰਧਰ) ਮੋ. +੯੧੯੮੧੪੭੧੯੩੬੭*

*ਲਖੈ ਅਸਟ ਨਦਜਾਨ ਕੋ ਦ੍ਰਪ ਭਾਜੈ ॥*

ਐਥਨਿਕ ਪੰਜਾਬ ਦੀ ਹੱਦ ਅਸ੍ਰ ਦਰਿਆ ਦਾ ਭੀ ਜ਼ਿਕਰ ਹੈ :

*ਆਮੁੰ ਜਹਾ ਬਹਿਤ ਨਦ ਭਾਰੋ ॥ ਜਨੁ ਬਿਧਿ ਅਸਟਮ ਸਿੰਧੁ ਸਵਾਰੋ ॥*

'ਚੰਡੀ ਦੀ ਵਾਰ' ਵਿਚ ਲੁਪਤ ਹੋ ਚੁੱਕੀ ਸਰਸਵਤੀ ਦਾ ਜ਼ਿਕਰ ਕਰਦੇ ਆਪ ਫੁਰਮਾਉਂਦੇ ਹਨ :

*ਸਾਰਸੁਤੀ ਜਣੁ ਨ੍ਹਾਈਆਂ ਮਿਲ ਕੈ ਦੇਵੀਆ ॥*

ਸਭ ਤੋਂ ਪਹਿਲਾਂ ਸ੍ਰੀ ਦਸਮੇਸ਼ ਜੀ ਦੀ ਪਾਵਨ ਛੋਹ ਮਾਣਨ ਵਾਲੀ ਪਵਿੱਤਰ ਨਦੀ ਗੰਗਾ ਹੈ। ਪਟਨਾ ਸਾਹਿਬ ਵਿਖੇ ਪ੍ਰਕਾਸ਼ਮਾਨ ਹੋ ਕੇ ਆਪ ਜੀ ਨੇ ਬਚਪਨ ਵਿਚ ਗੰਗਾ ਕਿਨਾਰੇ ਅਠਖੇਲੀਆਂ ਕੀਤੀਆਂ, ਇਸ ਵਿਚ ਇਸ਼ਨਾਨ ਕੀਤੇ, ਕੰਗਣ ਸੁੱਟੇ ਅਤੇ ਗੰਗਾ ਤਟ 'ਤੇ ਅਨੇਕਾਂ ਕੌਤਕ ਵਰਤਾਏ। ਦਰਿਆ ਸਤਲੁਜ ਨੇ ਤਾਂ ਆਪ ਜੀ ਦਾ ਸਪਰਸ਼ ਰੱਜ ਕੇ ਮਾਣਿਆ। ਸ੍ਰੀ ਦਸਮੇਸ਼ ਪਾਤਸ਼ਾਹ ਜੀ ਨੇ ਅਨੇਕ ਬਾਣੀਆਂ ਦੀ ਰਚਨਾ ਕੀਤੀ ਅਤੇ ਸਤਲੁਜ ਨੂੰ ਮਾਣ ਬਖਸ਼ਦੇ ਹੋਏ ਫੁਰਮਾਇਆ :

*ਸੰਬਤ ਸਤ੍ਰਹ ਸਹਸ ਭਣਿਜੈ ॥*
*ਅਰਧ ਸਹਸ ਫੁਨਿ ਤੀਨਿ ਕਹਿਜੈ ॥*
*ਭਾਦ੍ਰਵ ਸੁਦੀ ਅਸਟਮੀ ਰਵਿ ਵਾਰਾ*
*ਤੀਰ ਸਤੁਦ੍ਰਵ ਗ੍ਰੰਥ ਸੁਧਾਰਾ ॥*

ਚੌਪਈ ਸਾਹਿਬ ਜੀ ਦੀ ਰਚਨਾ ਭੀ ਆਪ ਜੀ ਨੇ ਸਤਲੁਜ ਦੇ ਕਿਨਾਰੇ ਬਿਭੌਰ ਸਾਹਿਬ ਦੇ ਸੁੰਦਰ ਅਸਥਾਨ 'ਤੇ ਕੀਤੀ। ਸਤਲੁਜ ਦੇ ਪਵਿੱਤਰ ਜਲ ਨਾਲ ਹੀ ਆਪ ਜੀ ਨੇ ਅੰਮ੍ਰਿਤ ਤਿਆਰ ਕੀਤਾ ਅਤੇ ਸਤਲੁਜ ਨੂੰ ਭੀ ਅਮਰ ਕਰ ਦਿੱਤਾ।

ਪਾਉਂਟਾ ਸਾਹਿਬ ਵਿਖੇ ਕਾਲਿੰਦਰੀ (ਜਮਨਾ) ਦੇ ਤਟ 'ਤੇ ਆਪ ਜੀ ਨੇ ਅਸਚਰਜ ਕੌਤਕ ਵਰਤਾਏ। ਭਾਗਾਂ ਭਰੀ ਜਮਨਾ ਦੇ ਪਾਣੀਆਂ ਦੇ ਉਛਲਦੇ ਵਲਵਲਿਆਂ ਨੇ ਕਲਗੀਆਂ ਵਾਲੇ ਦੇ ਅਨੇਕਾਂ ਵਾਰ ਚਰਨ ਸਪਰਸ਼ ਕੀਤੇ। ਇਸ ਦੇ ਕਿਨਾਰੇ ਚੋਜੀ ਪਾਤਸ਼ਾਹ ਜੀ ਨੇ ਅਨੇਕਾਂ ਬਾਣੀਆਂ ਰਚੀਆਂ ਅਤੇ ਕਵੀ ਦਰਬਾਰ ਕਰਵਾਏ।

ਇਸ ਦਾ ਪਾਣੀ ਅੱਗੋਂ ਪਿੱਛੋਂ ਸ਼ੋਰ ਕਰਦਾ ਆਉਂਦਾ ਹੈ ਪਰ ਕਵੀ ਦਰਬਾਰ ਦੇ ਅਸਥਾਨ 'ਤੇ ਆ ਕੇ ਬਿਲਕੁਲ ਖਾਮੋਸ਼ ਹੋ ਜਾਂਦਾ ਹੈ। ਪਰ ਇਕ ਦਰਿਆ ਅਜਿਹਾ ਅਭਾਗਾ ਸੀ ਜਿਸ ਨੇ ਮਹਾਰਾਜ ਜੀ ਦੇ ਪਰਮ ਪਵਿੱਤਰ ਕਾਰਜ ਵਿਚ ਵਿਘਨਕਾਰੀ ਹੋ ਕੇ ਆਪ ਜੀ ਦਾ ਰਸਤਾ ਰੋਕਣ ਦੀ ਭੁੱਲ ਕੀਤੀ। ਪੰਜ ਅਤੇ ਛੇ ਪੋਹ ਦੀ ਰਾਤ ਨੂੰ ਮਹਾਰਾਜ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ ਅਤੇ ਸਰਸੇ ਦੇ ਕੰਢੇ ਤਕ ਭਿਅੰਕਰ ਯੁੱਧ ਹੋਇਆ। ਅਜਿਹੇ ਖ਼ੌਫਨਾਕ ਸਮੇਂ ਭੀ ਸ੍ਰੀ ਦਸਮੇਸ਼ ਜੀ ਨੇ ਸਰਸਾ ਕਿਨਾਰੇ ਅੰਮ੍ਰਿਤ ਵੇਲਾ ਸੰਭਾਲਦੇ ਹੋਏ ਆਸਾ ਜੀ ਦੀ ਵਾਰ ਦਾ ਦੀਵਾਨ ਸਜਾਇਆ। ਦਰਿਆ ਸਰਸਾ ਬਹੁਤ ਚੌੜੇ ਪਦ ਵਿਚ ਵਗਦਾ ਹੈ, ਪਹਾੜ ਵਿਚ ਬਾਰਸ਼ ਹੋਣ ਨਾਲ

ਬਹੁਤ ਠੰਢ ਅਤੇ ਧੁੰਦ ਹੋ ਗਈ, ਸਰਸਾ ਆਪਣੇ ਕੰਢਿਆਂ ਤੋਂ ਉੱਪਰ ਹੋ ਕੇ ਤੇਜ਼ੀ ਨਾਲ ਵਗਣ ਲੱਗਿਆ। ਇਸ ਨੇ ਬਹੁਤ ਅਨਮੋਲ ਸਾਹਿਤ ਅਤੇ ਬੇਸ਼ਕੀਮਤੀ ਜ਼ਿੰਦਗੀ ਦੀ ਭੇਟਾ ਲੈ ਲਈ। ਪਰਵਾਰ ਵਿਛੋੜੇ ਵਾਲੇ ਇਸ ਸਥਾਨ 'ਤੇ ਘੋਰ ਸੰਗ੍ਰਾਮ ਹੋਇਆ। ਅੱਜ ਤਕ ਗੁਰਸਿੱਖ ਇਸ ਦਰਿਆ ਦੇ ਪਾਣੀਆਂ ਉੱਪਰ ਰੋਸ ਪ੍ਰਗਟ ਕਰਦੇ ਹਨ। ਭਾਵੇਂ ਸਭ ਕੁਝ ਹੁਕਮ ਅਧੀਨ ਹੀ ਹੋਇਆ ਪਰ ਜਾਪਦਾ ਹੈ ਸਰਸਾ ਨਦੀ ਨੇ ਵੀ ਪਾਤਸਾਹ ਜੀ ਅੱਗੇ ਰੋ-ਰੋ ਕੇ ਇਹੋ ਫਰਿਆਦ ਕੀਤੀ ਹੋਵੇਗੀ -

*ਸਰਸਾ ਜੋੜ ਕੇ ਹੱਥ ਅੱਜ ਕਹਿਣ ਲੱਗੀ, ਮੇਰੇ ਪਾਤਸ਼ਾਹ ਮੈਥੋਂ ਤਕਸੀਰ ਹੋਈ।*
*ਮੈਂ ਹੁਣ ਲੱਗੀ ਹੋਈ ਕਾਲਖ ਨੂੰ ਝੂਰਦੀ ਹਾਂ, ਮੇਰੀ ਭੁੱਲ ਕੇ ਪੁੱਠੀ ਤਕਦੀਰ ਹੋਈ।*
*ਲੁੱਟੀ ਗਈ ਹਨ੍ਹੇਰੇ ਦੇ ਪੱਖ ਵਿਚ ਮੈਂ, ਮੇਰੀ ਸ਼ਾਨ ਸ਼ੌਕਤ ਲੀਰੋ ਲੀਰ ਹੋਈ।*
*ਮੇਰਾ ਵੇਗ ਤੇ ਚੜ੍ਹੀ ਚੜ੍ਹਾਈ ਦਾਤਾ, ਸਾਰੀ ਡੁੱਬ ਗਈ ਅੱਜ ਅਖ਼ੀਰ ਹੋਈ।*

ਅਨੋਖੇ ਕਲਗੀਧਰ ਪਾਤਸ਼ਾਹ ਜੀ ਨੇ ਗੋਦਾਵਰੀ ਦੇ ਕਿਨਾਰੇ ਅੰਤਮ ਵਿਸਮਾਦੀ ਚੋਜ ਕੀਤੇ ਅਤੇ ਇਹਦੇ ਪਾਣੀਆਂ ਨੂੰ ਨੂਰੀ ਛੋਹ ਨਾਲ ਨਿਵਾਜਿਆ। ਅਨੇਕਾਂ ਸਰਵਰਾਂ ਨੂੰ ਵਰ ਬਖ਼ਸ਼ੇ, ਕੋਈ ਲਿਖਣਸਰ, ਕੋਈ ਗੰਗਸਰ, ਬਣ ਗਿਆ। ਸਾਰੀ ਕਾਇਨਾਤ ਹੀ ਗੋਬਿੰਦ ਸਰਵਰ ਅਤੇ ਨਾਨਕਸਰ ਹੈ ਜਿਸ ਵਿਚ ਮਹਾਰਾਜ ਜੀ ਸਮਾਏ ਹੋਏ ਹਨ। ਜਲ, ਥਲ, ਪੌਣ, ਪਾਣੀ, ਫੁੱਲ ਬੂਟੇ ਸਭ ਉਨ੍ਹਾਂ ਦੇ ਸਰੂਰ ਵਿਚ ਥਰਥਰਾ ਰਹੇ ਹਨ। ਸਾਰੀ ਕੁਦਰਤ ਮਹਾਰਾਜ ਜੀ ਦੇ ਗੀਤ ਗਾ ਰਹੀ ਹੈ। ਸ਼ਿਵਾਲਿਕ ਦੀਆਂ ਪਹਾੜੀਆਂ, ਸ੍ਰੀ ਅਨੰਦਪੁਰ ਸਾਹਿਬ ਦੀਆਂ ਵਾਦੀਆਂ, ਜੰਗਲ ਬੇਲੇ ਸਭ ਆਪ ਜੀ ਦੀਆਂ ਪਾਵਨ ਯਾਦ ਦੀਆਂ ਨਿਸ਼ਾਨੀਆਂ ਬਣ ਕੇ ਪੁਕਾਰ ਰਹੀਆਂ ਹਨ:

*ਮਹਾਂਨੂਰ ਬਹਾਰਾਂ ਦੇ ਜਨਮ ਦਾਤਾ,*
*ਚੌਹਾਂ ਯੁੱਗਾਂ ਵਿਚ ਤੇਰੀ ਮਿਸਾਲ ਕੋਈ ਨਹੀਂ।*
*ਤੇਰੀ ਯਾਦ ਕਾਇਨਾਤ ਵਿਚ ਮਹਿਕਦੀ ਏ,*
*ਤੇਰੇ ਜਿਹਾ ਬਾਬਲ ਅੰਗਪਾਲ ਕੋਈ ਨਹੀਂ।*

■

*ਨਾਸਿਰੋ ਮਨਸੂਰ ਗੁਰ ਗੋਬਿੰਦ ਸਿੰਘ*
*ਈਜ਼ਦਿ ਮਨਜ਼ੂਰ ਗੁਰੂ ਗੋਬਿੰਦ ਸਿੰਘ ॥੧੦੫॥*
*ਹੱਕ ਰਾ ਗੰਜੂਰ ਗੁਰ ਗੋਬਿੰਦ ਸਿੰਘ*
*ਜੁਮਲਾ ਫ਼ੈਜ਼ਿ ਨੂਰ ਗੁਰ ਗੋਬਿੰਦ ਸਿੰਘ ॥੧੦੬॥. . .*
*(ਭਾਈ ਨੰਦ ਲਾਲ ਜੀ)*

# ਮਹਾਂਕਾਵਿ 'ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ'

*-ਡਾ. ਕਸ਼ਮੀਰ ਸਿੰਘ**

ਸ. ਇੰਦਰਜੀਤ ਸਿੰਘ ਤੁਲਸੀ ਵੀਹਵੀਂ ਸਦੀ ਦਾ ਮਹਾਨ ਕਵੀ ਅਤੇ ਮਹਾਂਕਾਵਿ ਲੇਖਕ ਹੈ। ਉਸ ਨੇ ਪਹਿਲੇ ਅਤੇ ਦਸਵੇਂ ਗੁਰੂ ਸਾਹਿਬ ਦੇ ਜੀਵਨ 'ਤੇ ਆਧਾਰਿਤ ਦੋ ਮਹਾਂਕਾਵਿ 'ਪਰਮ ਪੁਰਖ ਗੁਰੂ ਨਾਨਕ ਪਾਤਸ਼ਾਹ' ਅਤੇ 'ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ' ਲਿਖੇ ਹਨ। ਮਹਾਂਕਾਵਿ 'ਪਰਮ ਪੁਰਖ ਗੁਰੂ ਨਾਨਕ ਪਾਤਸ਼ਾਹ' ਗੁਰੂ ਨਾਨਕ ਦੇਵ ਜੀ ਦੀ ੫੦੦ਵੇਂ ਪ੍ਰਕਾਸ਼ ਗੁਰਪੁਰਬ ਮੌਕੇ ੧੯੬੯ ਈ. ਵਿਚ ਲਿਖਿਆ ਗਿਆ। ਮਹਾਂਕਾਵਿ 'ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ' ੧੯੬੬ ਈ. ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਦੇ ੩੦੦ਵੇਂ ਪ੍ਰਕਾਸ਼ ਗੁਰਪੁਰਬ ਸਮੇਂ ਲਿਖਿਆ ਗਿਆ। ਸ. ਇੰਦਰਜੀਤ ਸਿੰਘ ਤੁਲਸੀ ਦੀ ਰਚਨਾ ਵਿਚ ਲੋਹੜੇ ਦੀ ਰਵਾਨੀ ਹੈ। ਉਸ ਨੂੰ ਵਾਤਾਵਰਣ ਸਿਰਜਣ ਵਿਚ ਮੁਹਾਰਿਤ ਹਾਸਿਲ ਹੈ। ਉਸ ਦੀ ਲਾਜਵਾਬ ਪੇਸ਼ਕਾਰੀ ਕਾਰਨ ਉਸ ਨੂੰ ਰਾਸ਼ਟਰੀ ਕਵੀ ਹੋਣ ਦਾ ਸਨਮਾਨ ਹਾਸਿਲ ਹੈ। ਇਸ ਨਿਬੰਧ ਵਿਚ ਤੁਲਸੀ ਦੇ ਮਹਾਂਕਾਵਿ 'ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ' ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ। ਮਹਾਂਕਾਵਿ ਦਾ ਅਰੰਭ ਹੇਮ ਕੁੰਟ ਪ੍ਰਬਤ ਦੀ ਘਟਨਾ ਤੋਂ ਹੁੰਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਵੱਲ ਤੋਰਨ ਤੋਂ ਬਾਅਦ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਨਾਲ ਮਹਾਂਕਾਵਿ ਖਤਮ ਹੁੰਦਾ ਹੈ।

ਮਹਾਂਕਾਵਿ ਦੀ ਕਥਾ ਅਨੁਸਾਰ ਪੋਹ ਸੁਦੀ ਸੱਤਵੀਂ ਨੂੰ ਗੁਰੂ ਜੀ ਦਾ ਪ੍ਰਕਾਸ਼ ਹੋਇਆ। ਪਟਨੇ ਵਿਚ ਪੀਰ ਭੀਖਣ ਸ਼ਾਹ ਨੇ ਬੱਚੇ ਦੀ ਧਰਮ ਨਿਰਪੱਖਤਾ ਦੀ ਕੁੱਜੀਆਂ ਨਾਲ ਪ੍ਰੀਖਿਆ ਲਈ। ਗੰਗਾ ਕੰਢੇ ਖੇਡਦਿਆਂ ਗੋਬਿੰਦ ਰਾਇ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਸੋਨੇ ਦੇ ਕੀਮਤੀ ਕੜੇ ਨਦੀ ਵਿਚ ਸੁੱਟ ਦਿੱਤੇ ਅਤੇ ਲੋਹੇ ਦਾ ਸਤਿਕਾਰ ਕੀਤਾ। ਉਨ੍ਹਾਂ ਨੇ ਪੰਡਤ ਸ਼ਿਵ ਦੱਤ ਨੂੰ ਦਰਸ਼ਨ ਦਿੱਤੇ ਅਤੇ ਰਾਣੀ ਮੈਣੀ ਨੂੰ ਪੁੱਤਰ ਵਰਗਾ ਅਨੰਦ ਦਿੱਤਾ।

ਗੋਬਿੰਦ ਰਾਇ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਸੰਮਤ ੧੭੨੮ ਨੂੰ ਪਟਨੇ ਤੋਂ ਪੰਜਾਬ ਵੱਲ ਰਵਾਨਾ ਹੋਏ। ਉਹ ਬਨਾਰਸ, ਬਿੰਦਰਾਬਨ, ਅਯੁੱਧਿਆ ਅਤੇ ਮਥਰਾ ਹੁੰਦੇ ਹੋਏ ਲਖਨੌਰ ਪਹੁੰਚ ਗਏ। ਬਰਸਾਤਾਂ ਅਤੇ ਹੜ੍ਹਾਂ ਕਾਰਨ ਕੁਝ ਸਮਾਂ ਲਖਨੌਰ ਰੁਕਣਾ ਪਿਆ। ਲਖਨੌਰ ਵਿਖੇ ਪੀਰ ਨੇ ਗੋਬਿੰਦ ਰਾਇ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦਾ ਦੁਬਾਰਾ ਦੀਦਾਰ ਕੀਤਾ। ਗੋਬਿੰਦ ਰਾਇ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਲਖਨੌਰ ਤੋਂ ਸ੍ਰੀ

**ਅਸਿਸਟੈਂਟ ਪ੍ਰੋਫੈਸਰ, ਗੁਰੂ ਹਰਿਗੋਬਿੰਦ ਸਾਹਿਬ ਖਾਲਸਾ ਗਰਲਜ਼ ਕਾਲਜ, ਕਰਹਾਲੀ ਸਾਹਿਬ- ੧੪੭੧੦੧; ਜ਼ਿਲ੍ਹਾ ਪਟਿਆਲਾ; ਮੋ. ੯੯੮੮੬-੫੩੬੫੬*

ਅਨੰਦਪੁਰ ਪਹੁੰਚ ਗਏ। ਪਿਤਾ (ਸ੍ਰੀ ਗੁਰੂ ਤੇਗ ਬਹਾਦਰ ਜੀ) ਅਤੇ ਬੇਟੇ (ਗੋਬਿੰਦ ਰਾਇ) ਦੀ ਇਹ ਪਹਿਲੀ ਮੁਲਾਕਾਤ ਸੀ:

*ਦਰਸ਼ਣ ਪਿਤਾ ਹਜ਼ੂਰ ਦੇ, ਕਰਨੇ ਪਹਿਲੀ ਵਾਰ*
*ਦਿਲ ਦੇ ਵਿੱਚ ਉਤਾਰਦੇ, ਨੂਰੀ ਨਕਸ਼-ਨਿਗਾਰ*

*(ਬਾਦਸ਼ਾਹ ਦਰਵੇਸ਼, ਪੰਨਾ ੪੪)*

ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਕਸ਼ਮੀਰੀ ਪੰਡਤਾਂ ਦੀ ਫ਼ਰਿਆਦ ਸੁਣ ਕੇ ਉਨ੍ਹਾਂ ਦੀ ਦੀਨ ਹਾਲਤ ਉੱਤੇ ਤਰਸ ਆ ਗਿਆ। ਉਨ੍ਹਾਂ ਨੇ ਹਿੰਦੂ ਧਰਮ ਦੀ ਰੱਖਿਆ ਲਈ ਪਿਆਰੇ ਸਿੱਖਾਂ ਸਮੇਤ ਸ਼ਹੀਦੀ ਦਿੱਤੀ। ਬਾਲ ਗੋਬਿੰਦ ਰਾਇ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਜ਼ੁਲਮ ਦੇ ਖ਼ਿਲਾਫ ਲੜਨ ਦਾ ਨਿਸਚਾ ਕਰ ਲਿਆ ਅਤੇ ਭਵਿੱਖਵਾਣੀ ਕੀਤੀ:

*ਤੁਰਕਾਂ ਪਠਾਣਾ ਕੋਲੋਂ, ਵੱਡੇ ਖਾਨ ਖਾਨਾਂ ਕੋਲੋਂ*
*ਮੇਰਾ ਸਿੱਖ ਮਾਰਕੇ, ਖੰਘੂਰਾ ਨਿੱਤ ਲੰਘੇਗਾ*
*ਏਹਨਾਂ ਮਸਕੀਨਾਂ ਅੱਗੇ, ਆਜ਼ਿਜ਼ਾਂ ਤੇ ਦੀਨਾਂ ਅੱਗੇ*
*ਨਾ ਹੀ ਕੋਈ ਕੁਸਕੇਗਾ, ਨਾ ਹੀ ਕੋਈ ਖੰਘੇਗਾ* *(ਉਹੀ, ਪੰਨਾ ੫੪)*

ਨੌਵੇਂ ਗੁਰੂ ਜੀ ਦੀ ਸ਼ਹਾਦਤ ਤੋਂ ਬਾਅਦ ਗੋਬਿੰਦ ਰਾਇ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਜੀ ਗੁਰਿਆਈ ਆਸੀਨ ਹੋਏ। ਗੁਰੂ ਜੀ ਦੇ ਦਰਬਾਰ ਵਿਚ ਰਣਜੀਤ ਨਗਾਰਾ ਵਜਾਇਆ ਜਾਂਦਾ ਸੀ। ਸਿੱਖ ਜੰਗੀ ਅਭਿਆਸ ਕਰਨ ਲੱਗ ਪਏ। ਸੰਗਤ ਘੋੜੇ, ਜੰਗੀ ਹਥਿਆਰ ਅਤੇ ਕੀਮਤੀ ਤੋਹਫ਼ੇ ਲਿਆਉਣ ਲੱਗ ਪਈ। ਗੋਬਿੰਦ ਰਾਇ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਸੰਗਤ ਅੱਗੇ ਭਾਰਤ ਦੀ ਨਿੱਘਰ ਰਹੀ ਹਾਲਤ ਦਾ ਜ਼ਿਕਰ ਕੀਤਾ :

*ਭੁੱਖ ਦੇ ਹੱਥੋਂ ਹਜ਼ਾਰਾਂ ਕਰ ਰਹੇ ਨੇ ਖ਼ੁਦਕਸ਼ੀ,*
*ਨਾ ਕੋਈ ਪਹਿਨਣ ਨੂੰ ਕੱਪੜਾ ਹੈ ਨਾ ਕੋਈ ਪੋਸ਼ ਹੈ*
*ਰਹਿਣ ਨੂੰ ਜੇਹਲਾਂ ਤੇ ਧੱਕੇ ਮਿਲ ਰਹੇ ਨੇ ਖਾਣ ਨੂੰ,*
*ਦਾਦ ਨਾ ਫ਼ਰਿਆਦ ਨਾ ਕਾਨੂੰਨ ਵੀ ਖ਼ਾਮੋਸ਼ ਹੈ* *(ਉਹੀ, ਪੰਨਾ ੬੫)*

ਗੁਰੂ ਜੀ ਨੇ ਸਪੱਸ਼ਟ ਸ਼ਬਦਾਂ ਵਿਚ ਇਨਕਲਾਬ ਲਿਆਉਣ ਦੀ ਗੱਲ ਕਹਿ ਦਿੱਤੀ। ਉਨ੍ਹਾਂ ਨੇ ਮੁਗ਼ਲ ਰਾਜ ਦਾ ਖਾਤਮਾ ਕਰਨ ਦਾ ਪ੍ਰਣ ਲਿਆ:

*ਮੈਂ ਕਿ ਜਿਸਦਾ ਧਰਮ ਹੀ ਇਨਸਾਨੀਅਤ ਇਨਸਾਫ਼ ਹੈ,*
*ਅੱਜ ਕਰਦਾ ਹਾਂ ਅਲੇ-ਐਲਾਨ ਇਹ ਪ੍ਰਤਿੱਗਿਆ*
*ਸਾਮਰਾਜੀ ਤੇ ਬਦੇਸ਼ੀ ਤਾਕਤਾਂ ਦਾ ਮੁਗ਼ਲ ਰਾਜ,*
*ਮੇਰੇ ਹੱਥੋਂ ਮਾਰ ਖਾ ਕੇ ਡਿੱਗਿਆ ਕਿ ਡਿੱਗਿਆ* *(ਉਹੀ, ਪੰਨਾ ੬੬)*

ਅਸਾਮ ਦੇ ਰਾਜੇ ਰਤਨ ਰਾਇ ਨੇ ਕੁਝ ਕੀਮਤੀ ਤੋਹਫ਼ੇ ਗੁਰੂ ਦਰਬਾਰ ਵਿਚ ਭੇਟ ਕੀਤੇ। ਕਾਬਲ ਤੋਂ ਦੁਨੀ ਚੰਦ ਨੇ ਕੀਮਤੀ ਸ਼ਮਿਆਨਾ ਭੇਟ ਕੀਤਾ। ਕਹਿਲੂਰ ਦਾ ਰਾਜਾ ਭੀਮ ਚੰਦ ਇਹ ਕੀਮਤੀ ਚੀਜ਼ਾਂ ਹਾਸਲ ਕਰਨਾ ਚਾਹੁੰਦਾ ਸੀ। ਉਸ ਨੇ ਪੰਮੇ

ਪ੍ਰੋਹਤ ਨੂੰ ਗੁਰੂ ਦਰਬਾਰ ਵਿਚ ਭੇਜਿਆ। ਪੰਮੇ ਪ੍ਰੋਹਤ ਨੇ ਰਾਜੇ ਭੀਮ ਚੰਦ ਦੇ ਬੇਟੇ ਦੀ ਸ਼ਾਦੀ ਦਾ ਬਹਾਨਾ ਬਣਾ ਕੇ ਤੋਹਫ਼ੇ ਹਾਸਲ ਕਰਨੇ ਚਾਹੇ। ਗੁਰੂ ਜੀ ਨੇ ਸਾਫ਼ ਇਨਕਾਰ ਕਰ ਦਿੱਤਾ। ਭੀਮ ਚੰਦ ਨੇ ਇਸ ਵਿਚ ਆਪਣੀ ਹੇਠੀ ਸਮਝੀ। ਉਹ ਗੁਰੂ ਦਰਬਾਰ ਉੱਤੇ ਹਮਲਾ ਕਰਨ ਲਈ ਪਹਾੜੀ ਰਾਜਿਆਂ ਨੂੰ ਉਕਸਾਉਣ ਲੱਗ ਪਿਆ। ਭੀਮ ਚੰਦ ਦੇ ਸਾਲੇ ਕੇਸਰੀ ਚੰਦ ਨੇ ਗੁਰੂ ਉੱਤੇ ਹਮਲਾ ਕਰਨ ਦੀ ਸਹੁੰ ਖਾਧੀ।

ਭੀਮ ਚੰਦ ਦੇ ਪੁੱਤਰ (ਅਜਮੇਰ ਚੰਦ) ਦੀ ਬਰਾਤ ਗੜ੍ਹਵਾਲ ਗਈ। ਗੜ੍ਹਵਾਲ ਤੋਂ ਮੁੜਦਿਆਂ ਹੋਇਆਂ ਪਹਾੜੀ ਰਾਜਿਆਂ ਨੇ ਗੁਰੂ ਜੀ ਉੱਤੇ ਹਮਲਾ ਕੀਤਾ। ਪੀਰ ਬੁੱਧੂ ਸ਼ਾਹ ਦੀ ਜਾਮਨੀ ਉੱਤੇ ਰੱਖੇ ਗਏ ਪੰਜ ਸੌ ਪਠਾਣ ਗੁਰੂ ਜੀ ਨੂੰ ਧੋਖਾ ਦੇ ਕੇ ਪਹਾੜੀ ਰਾਜਿਆਂ ਨਾਲ ਮਿਲ ਗਏ। ਇਸ ਦੀ ਪੂਰਤੀ ਲਈ ਪੀਰ ਬੁੱਧੂ ਸ਼ਾਹ ਆਪਣੇ ਪੁੱਤਰਾਂ, ਭਰਾਵਾਂ ਅਤੇ ਸੱਤ ਸੌ ਮੁਰੀਦਾਂ ਸਮੇਤ ਗੁਰੂ ਜੀ ਦੀ ਸਹਾਇਤਾ ਲਈ ਆ ਗਿਆ।

ਲੇਖਕ ਨੇ ਭੰਗਾਣੀ ਦੇ ਯੁੱਧ ਦਾ ਵਰਣਨ ਵਿਸਥਾਰ-ਪੂਰਵਕ ਦਿੱਤਾ ਹੈ। ਗੁਰੂ ਜੀ ਦੀ ਭੂਆ ਦਾ ਪੁੱਤ ਸੰਗੋ ਸ਼ਾਹ ਸਿੱਖ ਫੌਜਾਂ ਦਾ ਮੁੱਖ ਸੈਨਾਪਤੀ ਥਾਪਿਆ ਗਿਆ। ਸੰਗੋ ਸ਼ਾਹ ਅਤੇ ਨਜ਼ਾਬਤ ਖਾਂ ਪਠਾਣ ਸਾਂਝੇ ਵਾਰਾਂ ਨਾਲ ਸ਼ਹੀਦ ਹੋ ਗਏ। ਸੰਗੋ ਸ਼ਾਹ ਦੀ ਸ਼ਹੀਦੀ ਤੋਂ ਬਾਅਦ ਗੋਬਿੰਦ ਰਾਇ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਸਿੱਖ ਸੈਨਿਕਾਂ ਦੀ ਪ੍ਰਤੀਨਿੱਧਤਾ ਕੀਤੀ। ਰਾਜਾ ਹਰੀ ਚੰਦ ਗੁਰੂ ਜੀ ਹੱਥੋਂ ਮਾਰਿਆ ਗਿਆ। ਪਹਾੜੀ ਰਾਜੇ ਇਹ ਦ੍ਰਿਸ਼ ਵੇਖ ਕੇ ਦੌੜ ਗਏ। ਸਿੱਖ ਸੈਨਾ ਜੇਤੂ ਰਹੀ। ਭੰਗਾਣੀ ਦੇ ਯੁੱਧ ਤੋਂ ਬਾਅਦ ਗੁਰੂ ਜੀ ਸੰਗਤ ਸਮੇਤ ਅਨੰਦਪੁਰ ਸਾਹਿਬ ਆ ਗਏ।

ਗੁਰੂ ਜੀ ਨੇ ਸਿੱਖਾਂ ਨੂੰ ਵਿੱਦਿਆ ਪ੍ਰਾਪਤੀ ਲਈ ਕਾਸ਼ੀ ਸ਼ਹਿਰ ਵਿਖੇ ਭੇਜਿਆ। ਗੁਰੂ ਜੀ ਨੇ ਪੰਡਤਾਂ ਦੁਆਰਾ ਕੀਤੀ ਜਾਂਦੀ ਚੰਡੀ ਪੂਜਾ ਦਾ ਖੰਡਨ ਕੀਤਾ। ਉਨ੍ਹਾਂ ਨੇ ਹਥਿਆਰਾਂ ਦੀ ਪੂਜਾ ਨੂੰ ਚੰਡੀ ਦੀ ਪੂਜਾ ਦਾ ਦਰਜਾ ਦਿੱਤਾ:

*ਦੇਵੀ ਪ੍ਰਗਟ ਹੋ ਗਈ ਹੈ, ਵੇਖੋ ਚਤਰ ਸੁਜਾਨ*
*ਅੱਜ ਬਣੀ ਹੈ ਦੁਰਗਸ਼ਾਹ, ਸਾਡੀ ਇਹ ਕ੍ਰਿਪਾਨ* *(ਉਹੀ, ਪੰਨਾ ੧੧੫)*

ਪੀਰ ਬੁੱਧੂ ਸ਼ਾਹ ਦਾ ਸਾਲਾ ਸੈਦ ਖਾਂ ਗੁਰੂ ਜੀ ਉੱਤੇ ਹਮਲਾ ਕਰਨ ਲਈ ਆਇਆ। ਉਹ ਗੁਰੂ ਜੀ ਦੇ ਨੂਰੀ ਚਿਹਰੇ ਨੂੰ ਵੇਖ ਕੇ ਉਨ੍ਹਾਂ ਦਾ ਮੁਰੀਦ ਬਣ ਗਿਆ।

*ਕਾਅਬਾ ਉਸ ਨੂੰ ਦਿਸਿਆ, ਰਣ ਭੂਮੀ ਦੇ ਵਿੱਚ*
*ਚਰਨਾਂ ਉੱਤੇ ਡਿੱਗਿਆ, ਐਸੀ ਵੱਜੀ ਖਿੱਚ* *(ਉਹੀ, ਪੰਨਾ ੧੩੬)*

ਲੇਖਕ ਨੇ ਪੈਂਦੇ ਖਾਂ ਅਤੇ ਗੁਰੂ ਜੀ ਦੇ ਯੁੱਧ ਦਾ ਵਿਸਥਾਰ-ਪੂਰਵਕ ਵਰਣਨ ਪੇਸ਼ ਕੀਤਾ ਹੈ। (ਨੋਟ: ਇੱਕ ਪੈਂਦੇ ਖਾਂ ਛੇਵੇਂ ਗੁਰੂ ਸਾਹਿਬ ਦਾ ਸਮਕਾਲੀ ਵੀ ਹੋਇਆ ਹੈ) ਪੈਂਦੇ ਖਾਂ ਨੇ ਗੁਰੂ ਜੀ ਨੂੰ ਆਪਣੀ ਬਹਾਦਰੀ ਦੇ ਕਿੱਸੇ ਸੁਣਾਏ। ਯੁੱਧ ਸ਼ੁਰੂ ਹੁੰਦਿਆਂ ਸਾਰ ਪੈਂਦੇ ਖਾਂ ਅਤੇ ਗੁਰੂ ਜੀ ਆਪਸ ਵਿਚ ਜੂਝ ਪਏ :

*ਫਿਰ ਇੱਕਦਮ ਦੋਹਾਂ ਸ਼ੀਹਣੀਆਂ, ਇੱਕ ਧੂੜ ਧੁਮਾਈ*

*ਆ ਲੜੀਆਂ ਬਾਸ਼ਕ ਨਾਗਣਾਂ*, ਦੋ ਫੱਨ ਉਠਾਈ*
*ਇਓਂ ਕਦੀ-ਕਦੀ ਸਾਹ ਲੈਂਦੀਆਂ, ਕਰ ਟਾਲ-ਮਟੋਲਾਂ*
*ਜਿਓਂ ਘੁਲ-ਘੁਲ ਕੇ ਦੋ ਘੁੱਗੀਆਂ, ਕਦੀ ਕਰਨ ਕਲੋਲਾਂ*

*(ਉਹੀ, ਪੰਨਾ ੧੪੨)*

ਪੈਂਦੇ ਖਾਂ ਗੁਰੂ ਜੀ ਹੱਥੋਂ ਮਾਰਿਆ ਗਿਆ। ਉਸ ਦੀ ਸੈਨਾ ਮੈਦਾਨ ਛੱਡ ਕੇ ਦੌੜ ਗਈ।

ਇੱਕ ਦਿਨ ਮਾਤਾ ਜੀਤੋ ਨੇ ਚੌਹਾਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਦ੍ਰਿਸ਼ ਸੁਪਨੇ ਵਿਚ ਵੇਖਿਆ। ਉਨ੍ਹਾਂ ਆਪਣਾ ਸੁਪਨਾ ਗੁਰੂ ਪਤੀ ਨੂੰ ਦੱਸਿਆ। ਗੁਰੂ ਜੀ ਨੇ ਸੁਪਨਾ ਸੱਚਾ ਹੋਣ ਦੀ ਭਵਿੱਖਵਾਣੀ ਕੀਤੀ :

*ਦਾਤੇ ਨੂੰ ਮਨਜ਼ੂਰ ਹੈ ਜੀਤਾਂ, ਭਾਣਾ ਇੰਜ ਹੀ ਵਰਤੇਗਾ*
*ਸਿੱਖ ਇਤਿਹਾਸ ਦਾ ਖ਼ੂਨੀ ਪੱਤਰਾ, ਤੇਰੇ ਪਿੱਛੋਂ ਪਰਤੇਗਾ*

*(ਉਹੀ, ਪੰਨਾ ੧੫੯)*

ਸਰਹੰਦ ਦੇ ਸੂਬੇਦਾਰ ਵਜ਼ੀਰ ਖਾਂ ਅਤੇ ਲਾਹੌਰ ਤੋਂ ਜ਼ਬਰਦਸਤ ਖਾਂ ਨੇ ਸ੍ਰੀ ਅਨੰਦਪੁਰ ਸਾਹਿਬ ਉੱਤੇ ਹੱਲਾ ਕੀਤਾ। ਪਹਾੜੀ ਰਾਜਿਆਂ ਨੇ ਉਨ੍ਹਾਂ ਦਾ ਸਾਥ ਦਿੱਤਾ। ਗੁਰੂ ਜੀ ਨੇ ਸਿੱਖ ਸੈਨਾ ਦੀ ਅਗਵਾਈ ਕੀਤੀ। ਲੇਖਕ ਨੇ ਗੁਰੂ ਜੀ ਦੀ ਕਿਰਪਾਨ ਦੀ ਸਿਫ਼ਤ ਕੀਤੀ ਹੈ :

*ਐਥੇ ਗਈ ਔਥੇ ਗਈ, ਬਿਜਲੀ ਦੇ ਵਾਂਗ ਪਈ,*
*ਵੱਡੇ ਵੱਡੇ ਮੁੱਛਲਾਂ ਦੇ, ਮੋਛਿਆਂ ਨੂੰ ਚੀਰਦੀ*
*ਖੜਗਾਂ ਤੇ ਖੰਡਿਆਂ 'ਚ, ਗਿੱਧਾ ਪਾ ਕੇ ਨੱਚਦੀ,*
*ਤੇ ਹਾਣੀਆਂ ਦੇ ਨਾਲ ਖੇਡੇ, ਕਿੱਕਲੀ ਕਲੀਰ ਦੀ* *(ਉਹੀ, ਪੰਨਾ ੧੬੫)*

ਪਹਾੜੀ ਫੌਜ ਅਤੇ ਮੁਗ਼ਲ ਫੌਜ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਕੇ ਬੈਠ ਗਈ। ਸ੍ਰੀ ਅਨੰਦਪੁਰ ਸਾਹਿਬ ਦੇ ਕਿਲ੍ਹੇ ਵਿਚਲੇ ਸਿੰਘ ਭੁੱਖ ਨਾਲ ਕਮਜ਼ੋਰ ਹੋ ਗਏ। ਨੀਲਾ ਘੋੜਾ ਅਤੇ ਪ੍ਰਸਾਦੀ ਹਾਥੀ ਭੁੱਖ ਨਾਲ ਮਰ ਗਏ। ਹਮਲਾਵਰ ਫੌਜ ਨੇ ਗਊ ਅਤੇ ਕੁਰਾਨ ਦੀ ਕਸਮ ਖਾ ਕੇ ਗੁਰੂ ਜੀ ਨੂੰ ਕਿਲ੍ਹੇ ਤੋਂ ਬਾਹਰ ਨਿਕਲਣ ਲਈ ਕਿਹਾ।

ਔਰੰਗਜ਼ੇਬ ਨੇ ਆਪਣੇ ਏਲਚੀ ਰਾਹੀਂ ਗੁਰੂ ਜੀ ਨੂੰ ਕਿਲ੍ਹਾ ਖਾਲੀ ਕਰਨ ਲਈ ਬੇਨਤੀ ਕੀਤੀ। ਉਸ ਨੇ ਕੁਰਾਨ ਦੀ ਕਸਮ ਖਾ ਕੇ ਕਿਹਾ ਕਿ ਗੁਰੂ ਜੀ ਦਾ ਕੋਈ ਨੁਕਸਾਨ ਨਹੀਂ ਹੋਵੇਗਾ। ਗੁਰੂ ਜੀ ਨੇ ਪਰਵਾਰ ਅਤੇ ਸਿੰਘਾਂ ਸਮੇਤ ਕਿਲ੍ਹਾ ਖਾਲੀ ਕਰ ਦਿੱਤਾ। ਹਮਲਾਵਰ ਫੌਜ ਨੇ ਤੁਰੇ ਜਾਂਦੇ ਸਿੰਘਾਂ ਦੇ ਕਾਫ਼ਲੇ ਉੱਤੇ ਹਮਲਾ ਕਰ ਦਿੱਤਾ। ਗੁਰੂ ਜੀ ਦੇ ਮਹਿਲ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਚਲੇ ਗਏ। ਗੁਰੂ ਜੀ ਦੋ ਵੱਡੇ ਸਾਹਿਬਜ਼ਾਦਿਆਂ ਅਤੇ ਚਾਲੀ ਸਿੰਘਾਂ ਸਮੇਤ ਚਮਕੌਰ ਦੀ ਗੜ੍ਹੀ ਵਿਚ ਪਹੁੰਚ ਗਏ।

*ਕਿਰਪਾਨਾਂ

ਗੁਰੂ ਜੀ ਨੇ ਚਮਕੌਰ ਦੀ ਗੜ੍ਹੀ ਵਿਚ ਵੱਡੇ ਸਾਹਿਬਜ਼ਾਦਿਆਂ ਨੂੰ ਜੰਗ ਲਈ ਤੋਰਿਆ। ਉਨ੍ਹਾਂ ਨੇ ਤੋਰਨ ਤੋਂ ਪਹਿਲਾਂ ਉਨ੍ਹਾਂ ਨੂੰ ਹੌਸਲਾ ਭਰਪੂਰ ਸਿੱਖਿਆ ਦਿੱਤੀ :

*ਸਾਡਾ ਤੇ ਇਸ ਮੌਤ ਦਾ, ਸਨਬੰਧ ਪੁਰਾਣਾ*
*ਸਾਡੇ ਘਰ ਦੇ ਵਿੱਚ ਹੈ, ਇਹਦਾ ਰਿਹਾ ਟਿਕਾਣਾ*
*ਇਸਦੇ ਪੁਰਖਾਂ ਨਾਲ ਹੈ, ਸਾਡੀ ਰਿਸ਼ਤੇਦਾਰੀ*
*ਆਪਸ ਦੇ ਵਿੱਚ ਭਾਜੀਆਂ, ਤੇ ਕੁੜਮਾਚਾਰੀ*
*ਸਾਡਾ ਤੇ ਇਸ ਮੌਤ ਦਾ, ਹੈ ਖ਼ੂਨ ਵੀ ਇੱਕੋ*
*ਕਲਮ ਦਵਾਤਾਂ ਇੱਕ ਤੇ, ਮਜ਼ਮੂਨ ਵੀ ਇੱਕੋ* *(ਉਹੀ, ਪੰਨਾ ੧੮੪)*

ਲੇਖਕ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਹਾਲ ਅਤੇ ਗੁਰੂ ਜੀ ਦੇ ਕਿਲ੍ਹਾ ਛੱਡ ਕੇ ਮਾਛੀਵਾੜੇ ਵੱਲ ਜਾਣ ਦਾ ਹਾਲ ਇਤਿਹਾਸਿਕ ਰਵਾਇਤ ਅਨੁਸਾਰ ਦਿੱਤਾ ਹੈ। ਮਾਛੀਵਾੜੇ ਖੂਹ ਉੱਤੇ ਭਾਈ ਦਇਆ ਸਿੰਘ, ਭਾਈ ਧਰਮ ਸਿੰਘ (ਪਿਆਰੇ) ਅਤੇ ਮਾਨ ਸਿੰਘ ਗੁਰੂ ਜੀ ਨੂੰ ਮਿਲ ਪਏ। ਗੁਰੂ ਜੀ ਇਸ਼ਨਾਨ ਕਰ ਕੇ ਗੁਲਾਬੇ ਮਸੰਦ ਦੇ ਘਰ ਠਹਿਰੇ। ਇੱਥੋਂ ਉਨ੍ਹਾਂ ਨੇ ਮਾਈ ਗੁਰਦਿੱਤੀ ਦਾ ਭੇਟ ਕੀਤਾ ਨੀਲਾ ਚੋਲਾ ਪਾ ਲਿਆ। ਉਹ ਗ਼ਨੀ ਖਾਂ ਅਤੇ ਨਬੀ ਖਾਂ ਸੌਦਾਗਰ ਭਰਾਵਾਂ ਦੀ ਮਦਦ ਨਾਲ ਉੱਚ ਦਾ ਪੀਰ ਬਣ ਕੇ ਲੁਧਿਆਣੇ ਕੋਲ ਚਲੇ ਗਏ।

ਗੁਰੂ ਜੀ ਰਾਏ ਕੋਟ ਪਹੁੰਚੇ। ਇੱਥੇ ਰਾਇ ਕੱਲ੍ਹੇ ਦੇ ਘਰ ਠਹਿਰੇ। ਰਾਇ ਕੱਲ੍ਹੇ ਨੇ ਨੂਰੇ ਮਾਹੀ ਨੂੰ ਭੇਜ ਕੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੀ ਸ਼ਹੀਦੀ ਦੀ ਖ਼ਬਰ ਪਤਾ ਕੀਤੀ।

ਭਾਈ ਡੱਲ੍ਹੇ ਚੌਧਰੀ ਨੇ ਗੁਰੂ ਜੀ ਕੋਲ ਆਪਣੇ ਸਿਪਾਹੀਆਂ ਦੀ ਬਹਾਦਰੀ ਦੀ ਸਿਫਤ ਕੀਤੀ। ਉਸ ਨੇ ਗੁਰੂ ਦਰਬਾਰ ਦੇ ਸਿੰਘਾਂ ਨੂੰ ਜੰਗੀ ਅਭਿਆਸ ਤੋਂ ਕੋਰੇ ਦੱਸਿਆ। ਗੁਰੂ ਜੀ ਨੇ ਬੰਦੂਕ ਦਾ ਨਿਸ਼ਾਨਾ ਪਰਖਣ ਲਈ ਉਸ ਦੇ ਦੋ ਸਿਪਾਹੀ ਮੰਗੇ। ਭਾਈ ਡੱਲ੍ਹੇ ਦੇ ਸਿਪਾਹੀ ਡਰ ਗਏ। ਗੁਰੂ ਦਰਬਾਰ ਦੇ ਦੋ ਘਾਹ ਖੋਦਣ ਵਾਲੇ ਸਿੰਘਾਂ ਨੇ ਬੰਦੂਕ ਦਾ ਨਿਸ਼ਾਨਾ ਬਣਨਾ ਪ੍ਰਵਾਨ ਕੀਤਾ। ਉਹ ਬੰਦੂਕ ਅੱਗੇ ਖਲੋ ਗਏ। ਗੁਰੂ ਜੀ ਨੇ ਜਾਣ ਬੁਝ ਕੇ ਹਵਾਈ ਫਾਇਰ ਕੀਤਾ ਅਤੇ ਸਿਦਕੀ ਸਿੰਘਾਂ ਨੂੰ ਛਾਤੀ ਨਾਲ ਲਾ ਲਿਆ।

ਗੁਰੂ ਜੀ ਨੇ ਦਮਦਮਾ ਸਾਹਿਬ ਦੇ ਸਥਾਨ ਨੂੰ ਖੋਜੀ ਅਤੇ ਵਿਦਵਾਨ ਪੈਦਾ ਕਰਨ ਦਾ ਵਰ ਦਿੱਤਾ। ਦਮਦਮਾ ਸਾਹਿਬ ਵਿਚ ਭਾਈ ਰਾਮਾ ਅਤੇ ਭਾਈ ਤਿਲੋਕਾ ਗੁਰੂ ਜੀ ਨੂੰ ਮਿਲੇ। ਉਹ ਚਮਕੌਰ ਦੇ ਯੁੱਧ ਵਿਚ ਸ਼ਹੀਦ ਹੋਏ ਸਿੰਘਾਂ ਦਾ ਸਸਕਾਰ ਕਰ ਕੇ ਆਏ ਸੀ।

ਗੁਰੂ ਜੀ ਨੇ ਗੁਰੂ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਵਾ ਕੇ ਬੀੜ ਤਿਆਰ ਕਰਵਾਈ ਭਾਈ ਮਨੀ ਸਿੰਘ ਨੇ ਲਿਖਣ ਦੀ ਸੇਵਾ ਨਿਭਾਈ।

ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ 'ਜ਼ਫ਼ਰਨਾਮਾ' ਲੈ ਕੇ ਔਰੰਗਜ਼ੇਬ

ਵੱਲ ਗਏ ਸੀ। ਗੁਰੂ ਜੀ ਨੇ ਆਪ ਦੱਖਣ ਵੱਲ ਜਾਣ ਦੀ ਤਿਆਰੀ ਕਰ ਲਈ। ਗੁਰੂ ਜੀ ਦਿੱਲੀ ਵਿਚ ਬਹਾਦਰ ਸ਼ਾਹ ਨਾਲ ਮੁਲਾਕਾਤ ਕਰਨ ਲਈ ਗਏ।

ਦਿੱਲੀ ਜਾ ਕੇ ਸਿੰਘਾਂ ਦੇ ਮਨ ਵਿਚ ਨੌਵੇਂ ਗੁਰੂ ਜੀ ਦਾ ਸ਼ਹੀਦੀ ਸਥਾਨ ਵੇਖਣ ਦੀ ਤਾਂਘ ਪੈਦਾ ਹੋਈ। ਸਿੰਘਾਂ ਦਾ ਮਨ ਗੁਰੂ ਪ੍ਰਤੀ ਸ਼ਰਧਾ ਅਤੇ ਵਿਯੋਗ ਨਾਲ ਭਰਿਆ ਹੋਇਆ ਸੀ। ਉਹ ਬਿਰਹਾ ਭਰੀ ਅਵਾਜ਼ ਵਿਚ ਸ਼ਹੀਦ-ਗੁਰੂ ਨੂੰ ਸ਼ਰਧਾਂਜਲੀ ਭੇਟਾ ਕਰ ਰਹੇ ਸਨ।

'ਪਛਤਾਵਾ' ਨਾਂ ਦੇ ਅਧਿਆਇ ਅਨੁਸਾਰ ਔਰੰਗਜ਼ੇਬ ਦੀ ਕਬਰ ਉਸ ਦੇ ਗੁਨਾਹਾਂ ਨੂੰ ਕਬੂਲ ਕਰਦੀ ਹੈ ਅਤੇ ਪਛਤਾਵਾ ਕਰਦੀ ਹੈ :

ਸ੍ਰੀ ਗੁਰੂ ਗੋਬਿੰਦ ਸਿੰਘ ਨੇ ਔਰੰਗਜ਼ੇਬ ਦੀ ਮੌਤ ਤੋਂ ਬਾਅਦ ਉਸਦੇ ਬੇਟੇ ਸ਼ਾਹ ਮੁਅੱਜ਼ਮ (ਬਹਾਦਰ ਸ਼ਾਹ) ਦੀ ਰਾਜਗੱਦੀ ਹਾਸਲ ਕਰਨ ਵਿਚ ਮਦਦ ਕੀਤੀ। ਬਹਾਦਰ ਸ਼ਾਹ ਗੁਰੂ ਜੀ ਨਾਲ ਹੋਈ ਵਧੀਕੀ ਦਾ ਇਨਸਾਫ਼ ਦਿਵਾਉਣਾ ਚਾਹੁੰਦਾ ਸੀ।

*ਖ਼ੁੱਸੀ ਹੋਈ ਜਗੀਰ ਤੁਹਾਡੀ, ਵਾਪਸ ਮੈਂ ਦਿਲਵਾਵਾਂਗਾ*
*ਹਰ ਇੱਕ ਸਾਹਿਬਜ਼ਾਦੇ ਦਾ ਮੈਂ, ਕਾਤਲ ਆਪ ਫੜਾਵਾਂਗਾ*

*(ਉਹੀ, ਪੰਨਾ ੩੦੬)*

ਗੁਰੂ ਜੀ ਦਿੱਲੀ ਤੋਂ ਦੱਖਣ ਵੱਲ ਚੱਲ ਪਏ। ਮਾਤਾ ਸਾਹਿਬ ਕੌਰ ਉਨ੍ਹਾਂ ਦੇ ਨਾਲ ਸਨ। ਬਹਾਦਰ ਸ਼ਾਹ ਨੇ ਆਗਰੇ ਵਿਚ ਦਰਬਾਰ ਲਾ ਕੇ ਸੱਠ ਹਜ਼ਾਰ ਰੁਪੈ ਅਤੇ ਧੁਖਧੁਖੀ ਗੁਰੂ ਜੀ ਨੂੰ ਭੇਟ ਕੀਤੀ।

ਗੁਰੂ ਜੀ ਨਾਂਦੇੜ ਗੁਦਾਵਰੀ ਦੇ ਕੰਢੇ ਉੱਤੇ ਪਹੁੰਚੇ। ਉਨ੍ਹਾਂ ਨੇ ਮਾਧੋ ਦਾਸ ਬੈਰਾਗੀ ਨੂੰ ਬੰਦਾ ਸਿੰਘ ਬਹਾਦਰ ਬਣਾ ਕੇ ਪੰਜਾਬ ਵੱਲ ਤੋਰਿਆ। ਸੂਬੇਦਾਰ ਵਜ਼ੀਰ ਖਾਂ ਚਿੰਤਾ ਵਿਚ ਸੀ। ਉਹ ਡਰਦਾ ਸੀ ਕਿ ਗੁਰੂ ਜੀ ਇੱਕ ਦਿਨ ਉਨ੍ਹਾਂ ਨਾਲ ਹੋਈਆਂ ਵਧੀਕੀਆਂ ਦਾ ਬਦਲਾ ਲੈਣਗੇ। ਉਸ ਨੇ ਗੁਲ ਜਮਸ਼ੈਦ ਖਾਂ ਪਠਾਣ ਨੂੰ ਗੁਰੂ ਜੀ ਨੂੰ ਮਾਰਨ ਵਾਸਤੇ ਕਿਹਾ। ਗੁਲ ਜਮਸ਼ੈਦ ਖਾਂ ਨੇ ਅਤਾਉੱਲਾ ਖਾਂ ਨੂੰ ਨਾਲ ਲਿਆ ਅਤੇ ਉਹ ਦੋਵੇਂ ਨਾਂਦੇੜ ਪਹੁੰਚ ਗਏ। ਇੱਕ ਦਿਨ ਗੁਲ ਖਾਂ ਨੇ ਸੁੱਤੇ ਹੋਏ ਗੁਰੂ ਜੀ ਉੱਪਰ ਛੁਰੇ ਦੇ ਦੋ ਵਾਰ ਕੀਤੇ। ਗੁਰੂ ਜੀ ਨੇ ਉਸ ਨੂੰ ਮਾਰ ਦਿੱਤਾ। ਅਤਾਉੱਲਾ ਖਾਂ ਨੂੰ ਸਿੰਘਾਂ ਨੇ ਮਾਰ ਦਿੱਤਾ। ਕੁਝ ਦਿਨ ਬਾਅਦ ਗੁਰੂ ਜੀ ਜੋਤੀ ਜੋਤ ਸਮਾ ਗਏ। ਉਹ ਗੁਰਿਆਈ ਆਦਿ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਨੂੰ ਦੇ ਗਏ। ਇਸ ਤਰ੍ਹਾਂ ਆਦਿ ਗ੍ਰੰਥ ਦਾ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਹੋ ਗਿਆ। ਇਸ ਘਟਨਾ ਤੋਂ ਬਾਅਦ ਮਹਾਂਕਾਵਿ ਸਮਾਪਤ ਹੋ ਜਾਂਦਾ ਹੈ।

ਹਵਾਲਾ ਪੁਸਤਕ :

ਇੰਦਰਜੀਤ ਸਿੰਘ ਤੁਲਸੀ, *ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ*, ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਚੰਡੀਗੜ੍ਹ, ੧੯੭੧.

# ਭਗਤ ਨਾਮਦੇਵ ਜੀ

*-ਸ. ਸਤਬੀਰ ਸਿੰਘ ਧਾਮੀ**

ਭਗਤ ਨਾਮਦੇਵ ਜੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਲੱਗਭਗ ਦੋ ਸੌ ਸਾਲ ਪਹਿਲਾਂ ਹੋਏ ਹਨ। ਉਸ ਸਮੇਂ ਕੇਵਲ ਦੋ ਧਰਮ ਹਿੰਦੂ ਤੇ ਇਸਲਾਮ ਪ੍ਰਚੱਲਿਤ ਸਨ ਜੋ ਕਿ ਆਪਣੇ-ਆਪਣੇ ਹੰਕਾਰ ਕਾਰਨ ਸਮੇਂ ਅਨੁਸਾਰ ਲੋਕਾਂ ਨੂੰ ਸਹੀ ਮਾਰਗ ਨਹੀਂ ਦਰਸਾਅ ਸਕੇ, ਜਾਤ-ਪਾਤ ਦਾ ਪੂਰਾ ਜ਼ੋਰ ਸੀ। ਆਪਣੇ ਆਪ ਨੂੰ ਉੱਚੀ ਕੁਲ ਦਾ ਸਮਝਣ ਵਾਲਾ ਵਰਗ ਨੀਵੀਂ ਜਾਤ ਸਦਾਉਣ ਵਾਲਿਆਂ ਨੂੰ ਸ਼ੂਦਰ ਸਮਝਦਾ ਸੀ ਤੇ ਇਹ ਲੋਕ ਉਨ੍ਹਾਂ ਨਾਲ ਅਤਿ ਘਿਨਾਉਣਾ ਵਿਵਹਾਰ ਕਰਦੇ ਸਨ।

ਉੱਚੀ ਜਾਤ ਵਾਲੇ ਨੀਵੀਂ ਜਾਤ ਦਾ ਸਤਿਕਾਰ ਨਹੀਂ ਸਨ ਕਰਦੇ, ਇੱਥੋਂ ਤੀਕ ਕਿ ਧਾਰਮਿਕ ਅਸਥਾਨਾਂ ਪੁਰ ਭੀ ਆਪਣੇ-ਆਪਣੇ ਕਬਜ਼ੇ ਕੀਤੇ ਹੋਏ ਸਨ। ਜਾਤ-ਪਾਤ ਨੂੰ ਖ਼ਤਮ ਕਰਨ ਲਈ ਉਸ ਸਮੇਂ ਇਕ ਐਸੀ ਸ਼ਖ਼ਸੀਅਤ ਦੀ ਲੋੜ ਸੀ ਜੋ ਸਹੀ ਮਾਰਗ ਦਰਸਾਅ ਕੇ ਲੋਕਾਈ ਦਾ ਭਲਾ ਕਰਨ ਦੇ ਸਮਰੱਥ ਹੋਵੇ। ਭਗਤ ਨਾਮਦੇਵ ਜੀ ਨੇ ਸੰਦੇਸ਼ ਦਿੱਤਾ ਕਿ ਕੋਈ ਵੀ ਮਨੁੱਖ ਜਾਤ-ਪਾਤ ਕਰਕੇ ਜਾਂ ਉੱਚ ਘਰਾਣੇ ਵਿਚ ਜਨਮ ਲੈਣ ਨਾਲ ਵੱਡਾ ਨਹੀਂ ਹੁੰਦਾ ਸਗੋਂ ਆਪਣੇ ਕੀਤੇ ਕੰਮਾਂ ਕਰਕੇ ਹੀ ਵੱਡਾ-ਛੋਟਾ ਹੁੰਦਾ ਹੈ। ਉਨ੍ਹਾਂ ਨੇ ਜਾਤ-ਪਾਤ, ਊਚ-ਨੀਚ ਤੇ ਹੋਰ ਵੀ ਅਨੇਕਾਂ ਵਹਿਮਾਂ-ਭਰਮਾਂ ਦਾ ਭਰਪੂਰ ਖੰਡਨ ਕੀਤਾ ਅਤੇ ਇਨਸਾਨ ਨੂੰ ਨਾਮ ਸਿਮਰਨ ਕਰ ਕੇ ਉੱਚੇ-ਸੁੱਚੇ ਗੁਣਾਂ ਦਾ ਧਾਰਨੀ ਹੋਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਮਨ ਦੀ ਸ਼ੁੱਧਤਾ 'ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਜਦੋਂ ਤੀਕ ਇਨਸਾਨ ਦਾ ਮਨ ਨਹੀਂ ਸੁਥਰਾ ਹੋ ਜਾਂਦਾ ਤਦ ਤਕ ਕਿਸੇ ਵੀ ਤਰ੍ਹਾਂ ਦੇ ਨਾਮ ਸਿਮਰਨ ਦਾ ਕੋਈ ਲਾਭ ਨਹੀਂ ਹੋ ਸਕਦਾ। ਇਹ ਵਿਚਾਰ ਉਸ ਕਰਮ-ਕਾਂਡ ਪ੍ਰਧਾਨ ਯੁੱਗ ਵਿਚ ਭਗਤ ਜੀ ਦੇ ਉੱਚੇ ਹੌਸਲੇ ਤੇ ਜੁਰਅਤ ਦਾ ਸੂਚਕ ਮੰਨਿਆ ਜਾ ਸਕਦਾ ਹੈ।

ਭਗਤ ਨਾਮਦੇਵ ਜੀ ਦਾ ਜਨਮ ਮਹਾਰਾਸ਼ਟਰ ਪ੍ਰਦੇਸ਼ ਦੇ ਜ਼ਿਲ੍ਹਾ ਸਤਾਰਾ ਦੇ ਘੁੱਗ ਵੱਸਦੇ ਕਰਹਟ ਦੇ ਨਜ਼ਦੀਕ ਪਿੰਡ ਨਰਸੀ ਬਾਮਨੀ ਵਿਚ ੧੨੭੦ ਈ. ਪਿਤਾ ਦਾਮਸ਼ੇਟੀ ਅਥਵਾ ਦਾਮਸੇਠ, ਮਾਤਾ ਗੋਨਾਬਾਈ ਦੇ ਗ੍ਰਹਿ ਵਿਖੇ ਹੋਇਆ। ਨਰਸੀ ਬਾਮਨੀ ਕ੍ਰਿਸ਼ਨਾ ਨਦੀ ਦੇ ਕੰਢੇ ਵੱਸਿਆ ਹੋਇਆ ਹੈ। ਆਪ ਜੀ ਦੇ ਮਾਤਾ-ਪਿਤਾ ਕੱਪੜਾ ਰੰਗਣ ਤੇ ਸਿਊਣ ਦਾ ਕੰਮ ਕਰਦੇ ਸਨ। ਭਗਤ ਨਾਮਦੇਵ ਜੀ ਦਾ ਝੁਕਾਅ ਬਚਪਨ ਤੋਂ ਹੀ ਭਗਤੀ-ਭਾਵ ਵਾਲਾ ਸੀ। ਉਨ੍ਹਾਂ ਦੀਆਂ ਆਦਤਾਂ ਆਮ ਬਾਲਕਾਂ ਨਾਲੋਂ ਨਿਵੇਕਲੀਆਂ ਸਨ। ਉਹ ਜ਼ਿਆਦਾਤਰ ਬਜ਼ੁਰਗਾਂ ਦੀ ਸੰਗਤ ਕਰਦੇ ਤੇ ਪਿੰਡ ਦੇ ਵਿਚ ਜਦੋਂ ਕਦੇ ਕੋਈ ਸਾਧੂ-ਸੰਤ ਆਉਂਦੇ ਤਾਂ ਆਪ ਉਨ੍ਹਾਂ ਦੀ ਸੰਗਤ ਕਰ ਕੇ ਉਨ੍ਹਾਂ ਨਾਲ ਨਾਮ-ਸਿਮਰਨ ਦੀਆਂ ਬਾਤਾਂ ਪਾਉਂਦੇ। ਆਪਣੀ ਸੁਰਤ ਅਕਾਲ ਪੁਰਖ਼ ਨਾਲ ਜੋੜ ਕੇ ਲੰਮਾ ਸਮਾਂ ਇਕਾਗਰਚਿੱਤ

*ਸਾਬਕਾ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ । ਮੋ. +੯੧੯੮੧੪੩੫੬੧੩੩

ਹੋ ਕੇ ਬੈਠੇ ਰਹਿੰਦੇ। ਗਲੀ-ਮੁਹੱਲੇ ਦੇ ਸਾਰੇ ਲੋਕ ਆਪ ਜੀ ਨੂੰ ਬਾਲ-ਉਮਰੇ ਹੀ ਬਹੁਤ ਪਿਆਰ ਕਰਦੇ ਸਨ। ਗੁਣਵਾਨ ਬਣਨ ਲਈ ਚੰਗੀ ਸੰਗਤ ਦਾ ਧਾਰਨੀ ਹੋਣਾ ਮੁੱਢਲੀ ਲੋੜ ਹੈ, ਉੱਤਮ ਗੁਣਾਂ ਦੀ ਪ੍ਰਾਪਤੀ ਲਈ 'ਗੁਰੂ' ਦੀ ਸਿੱਖਿਆ ਦਾ ਵੱਡਾ ਹੱਥ ਹੁੰਦਾ ਹੈ। ਭਗਤ ਨਾਮਦੇਵ ਜੀ ਮਿੱਠ-ਬੋਲੜੇ ਅਤੇ ਨਿਮਰਤਾ ਵਾਲੇ ਸੁਭਾਅ ਦੇ ਮਾਲਕ ਸਨ।

ਭਗਤ ਨਾਮਦੇਵ ਜੀ ਆਪਣੇ ਪਿਤਾ ਜੀ ਦੇ ਨਾਲ ਮੰਦਰ ਜਾਇਆ ਕਰਦੇ ਸਨ। ਮੰਦਰ ਜਾ ਕੇ ਪਾਠ-ਪੂਜਾ ਕਰਨਾ ਉਨ੍ਹਾਂ ਦਾ ਨਿੱਤ-ਕਰਮ ਸੀ। ਆਪ ਜੀ ਦੇ ਬਚਪਨ ਦੇ ਜੀਵਨ ਨਾਲ ਸੰਬੰਧਿਤ ਇਕ ਸਾਖੀ ਪ੍ਰਚੱਲਿਤ ਹੈ ਕਿ ਇਕ ਵਾਰ ਆਪ ਜੀ ਦੇ ਪਿਤਾ ਜੀ ਨੂੰ ਕਿਸੇ ਘਰੇਲੂ ਕਾਰਜ ਨਮਿਤ ਦੂਰ-ਦੁਰਾਡੇ ਜਾਣਾ ਪੈ ਗਿਆ। ਭਗਤ ਨਾਮਦੇਵ ਜੀ ਦੇ ਮਾਤਾ ਜੀ ਨੇ ਉਨ੍ਹਾਂ ਨੂੰ ਪਿਤਾ ਦੀ ਗ਼ੈਰ-ਹਾਜ਼ਰੀ ਵਿਚ ਮੰਦਰ ਜਾ ਕੇ ਪਾਠ-ਪੂਜਾ ਕਰਨ ਲਈ ਪ੍ਰੇਰਿਤ ਕੀਤਾ। ਭਗਤ ਨਾਮਦੇਵ ਜੀ ਨੇ ਆਪਣੇ ਪਿਤਾ ਨੂੰ ਮੰਦਰ ਵਿਚ ਕਈ ਵਾਰ ਪਾਠ-ਪੂਜਾ ਕਰਦਿਆਂ ਵੇਖਿਆ ਹੋਇਆ ਸੀ। ਭਗਤ ਜੀ ਨੇ ਮਾਤਾ ਜੀ ਨਾਲ ਇਸ ਬਾਬਤ ਸਹਿਮਤੀ ਪ੍ਰਗਟ ਕਰ ਦਿੱਤੀ। ਮਾਤਾ ਜੀ ਨੇ ਪੂਜਾ ਤੇ ਭੋਗ ਲਵਾਉਣ ਲਈ ਖਾਣ ਦੀਆਂ ਵਸਤਾਂ ਭਗਤ ਜੀ ਦੇ ਹੱਥ ਫੜਾਉਂਦਿਆਂ ਹੋਇਆਂ ਕਿਹਾ ਕਿ ਠਾਕੁਰ ਜੀ ਨੂੰ ਭੋਗ ਲਗਵਾ ਕੇ ਤੁਰੰਤ ਘਰ ਪਰਤ ਆਉਣਾ, ਅਸੀਂ ਭੋਗ ਲੱਗਣ ਤੋਂ ਬਾਅਦ ਹੀ ਇਕੱਠੇ ਬੈਠ ਕੇ ਭੋਜਨ ਗ੍ਰਹਿਣ ਕਰਾਂਗੇ। ਜਿਵੇਂ ਮਾਤਾ ਜੀ ਨੇ ਸਮਝਾਇਆ ਸੀ ਤਿਵੇਂ ਹੀ ਬੀਠੁਲ (ਭਗਵਾਨ) ਦੀ ਪੂਜਾ ਕਰ ਕੇ ਉਸ ਨੂੰ ਚੀਜ਼ਾਂ ਖਾਣ ਲਈ ਬੇਨਤੀਆਂ ਕਰਨ ਲੱਗੇ ਕਿਉਂਕਿ ਆਪ ਜੀ ਨੂੰ ਪਤਾ ਸੀ ਕਿ ਜੇ ਭਗਵਾਨ ਨੇ ਭੋਗ ਨਾ ਲਾਇਆ ਤਾਂ ਮੇਰੇ ਮਾਤਾ ਜੀ ਨੇ ਭੋਜਨ ਨਹੀਂ ਛਕਣਾ, ਉਹ ਭੁੱਖੇ ਹੀ ਬੈਠੇ ਰਹਿਣਗੇ। ਇਸ ਕਰਕੇ ਉਹ ਵਾਰ-ਵਾਰ ਠਾਕੁਰ ਨੂੰ ਦੁੱਧ ਪੀਣ ਲਈ ਮਿੰਨਤਾਂ-ਤਰਲੇ ਕਰਨ ਲੱਗੇ। ਇਵੇਂ ਕਾਫ਼ੀ ਸਮਾਂ ਬੀਤ ਗਿਆ ਪਰ ਠਾਕੁਰ (ਪ੍ਰਭੂ) ਨੇ ਭੋਗ ਨਾ ਲਾਇਆ ਤਾਂ ਆਪ ਨੇ ਮਨ ਵਿਚ ਫੈਸਲਾ ਕੀਤਾ ਕਿ ਜਿੰਨੀ ਦੇਰ ਤਕ ਭਗਵਾਨ ਜੀ ਭੋਗ ਨਹੀਂ ਲਾਉਣਗੇ, ਉਨੀ ਦੇਰ ਤਕ ਉਹ ਵੀ ਮੰਦਰ ਵਿੱਚੋਂ ਨਹੀਂ ਜਾਣਗੇ। ਸੋ ਸੱਚੇ ਬਾਲ ਭਗਤ ਦੀਆਂ ਭੋਲੇ ਭਾਉ ਨਾਲ ਕੀਤੀਆਂ ਮਿੰਨਤਾਂ ਪ੍ਰਵਾਨ ਹੋਈਆਂ। ਭਗਵਾਨ ਪ੍ਰਗਟ ਹੋਏ ਅਤੇ ਭਗਤ ਨਾਮਦੇਵ ਜੀ ਭਗਵਾਨ ਨੂੰ ਦੁੱਧ ਪਿਲਾ ਕੇ ਖੁਸ਼ੀ ਵਿਚ ਝੂਮ ਉਠੇ।

ਭਗਤ ਨਾਮਦੇਵ ਜੀ ਦੀ ਪਰਵਰਿਸ਼ ਧਾਰਮਿਕ ਵਾਤਾਵਰਨ ਵਿਚ ਹੋ ਰਹੀ ਸੀ। ਪਿਤਾ ਵੱਲੋਂ ਕੀਤੇ ਜਾਂਦੇ ਧਰਮ-ਕਰਮਾਂ ਵਿਚ ਭਗਤ ਨਾਮਦੇਵ ਜੀ ਵੀ ਸ਼ਾਮਿਲ ਹੁੰਦੇ ਸਨ। ਭਗਤ ਜੀ ਦੀ ਧਾਰਮਿਕ ਕੰਮਾਂ ਵਿਚ ਜ਼ਿਆਦਾ ਰੁਚੀ ਵੇਖ ਕੇ ਉਹ ਚਿੰਤਤ ਰਹਿੰਦੇ ਸਨ, ਉਨ੍ਹਾਂ ਨੂੰ ਡਰ ਸੀ ਕਿ ਭਗਤ ਜੀ ਕਿਤੇ ਘਰ ਤਿਆਗ ਕੇ ਸੰਨਿਆਸੀ ਹੀ ਨਾ ਬਣ ਜਾਣ। ਇਸੇ ਸੋਚ ਦੇ ਕਾਰਨ ਛੋਟੀ ਉਮਰੇ ਹੀ ਮਾਤਾ-ਪਿਤਾ ਜੀ ਨੇ ਸੇਠ ਗੋਵਿੰਦ ਜੀ ਦੀ ਬੇਟੀ ਰਾਜਾ ਬਾਈ ਨਾਲ ਨਾਮਦੇਵ ਜੀ ਦਾ ਵਿਆਹ ਕਰ ਦਿੱਤਾ। ਸਮਾਂ ਪਾ ਕੇ ਭਗਤ ਨਾਮਦੇਵ ਜੀ ਤੇ ਰਾਜਾਬਾਈ ਦੇ ਘਰ ਚਾਰ ਪੁੱਤਰਾਂ ਤੇ ਇਕ ਧੀ ਦਾ ਜਨਮ ਹੋਇਆ। ਵਿਆਹ ਤੋਂ ਬਾਅਦ ਵੀ ਉਹ ਆਪਣਾ ਜ਼ਿਆਦਾ ਸਮਾਂ ਭਗਤੀ ਵਿਚ ਹੀ

ਬਿਤਾਉਂਦੇ ਰਹੇ। ਇਵੇਂ ਸੰਸਾਰਿਕ ਜ਼ਿੰਮੇਵਾਰੀਆਂ ਨਿਭਾਉਂਦਿਆਂ ਵੀ ਭਗਤ ਜੀ ਦੀ ਭਗਤੀ ਭਾਵਨਾ ਨਿਰੰਤਰ ਬਰਕਰਾਰ ਰਹੀ।

ਭਗਤ ਜੀ ਆਪਣੇ ਪੁਰਖਿਆਂ ਵਾਂਗ ਕੱਪੜਾ ਰੰਗਣ ਤੇ ਸਿਊਣ ਦੀ ਕਿਰਤ ਕਰਨ ਲੱਗੇ। ਹੱਥਾਂ-ਪੈਰਾਂ ਨਾਲ ਕਿਰਤ ਕਰਦੇ ਤੇ ਮਨ ਸਦਾ ਪ੍ਰਭੂ-ਭਗਤੀ ਵਿਚ ਲੀਨ ਰਹਿੰਦਾ। ਭਗਤ ਜੀ ਨੂੰ ਹਰ ਸ਼ੈਅ ਵਿਚ ਪ੍ਰਭੂ (ਬਿਠੁਲ) ਹੀ ਵਿਖਾਈ ਦਿੰਦਾ ਸੀ। ਕਿਹਾ ਜਾਂਦਾ ਹੈ ਕਿ ਇਕ ਵਾਰ ਭਗਤ ਨਾਮਦੇਵ ਜੀ ਨੂੰ ਸਫ਼ਰ ਕਰਦਿਆਂ ਰਾਤ ਪੈ ਗਈ। ਆਪ ਨੇ ਰਾਤ ਇਕ ਨਦੀ ਦੇ ਕਿਨਾਰੇ ਕੱਟਣ ਦਾ ਇਰਾਦਾ ਕੀਤਾ। ਲਿਖਤਾਂ ਵਿਚ ਇਸ ਨਦੀ ਦਾ ਨਾਮ 'ਮਾਨ' ਲਿਖਿਆ ਮਿਲਦਾ ਹੈ। ਨਦੀ ਦੇ ਕੰਢੇ ਮੰਜਾਰੀ ਨਾਮ ਦਾ ਪਿੰਡ ਆਬਾਦ ਸੀ, ਭਗਤ ਜੀ ਨੇ ਰੋਟੀ ਆਪਣੇ ਹੱਥੀਂ ਤਿਆਰ ਕੀਤੀ। ਰੋਟੀ ਖਾਣ ਤੋਂ ਪਹਿਲਾਂ ਪਾਣੀ ਲੈਣ ਲਈ ਨਦੀ ਵੱਲ ਗਏ ਤਾਂ ਵਾਪਸ ਪਰਤਦਿਆਂ ਉਨ੍ਹਾਂ ਵੇਖਿਆ ਕਿ ਪੱਕੀਆਂ ਰੋਟੀਆਂ ਕੁੱਤਾ ਚੁੱਕ ਕੇ ਭੱਜਿਆ ਜਾ ਰਿਹਾ ਸੀ। ਭਗਤ ਨਾਮਦੇਵ ਜੀ ਨੂੰ ਖਿਆਲ ਆਇਆ ਕਿ ਰੋਟੀਆਂ ਚੋਪੜੀਆਂ ਨਹੀਂ ਸਨ। ਉਹ ਕਹਿਣ ਲੱਗੇ ਕਿ ਪ੍ਰਭੂ ਹੀ ਕੁੱਤੇ ਦੇ ਰੂਪ ਵਿਚ ਆਪਣੇ ਭਗਤ ਦੀ ਪ੍ਰੀਖਿਆ ਲੈਣ ਆਏ ਹਨ। ਭਗਤ ਜੀ ਘਿਉ ਦੀ ਕਟੋਰੀ ਚੁੱਕ ਕੇ ਕੁੱਤੇ ਦੇ ਪਿੱਛੇ-ਪਿੱਛੇ ਭੱਜੇ ਜਾਣ ਤੇ ਮੂੰਹੋਂ ਬੋਲੀ ਜਾਣ "ਭਗਵਾਨ ਜੀ ! ਰੋਟੀ ਰੁੱਖੀ ਹੈ, ਆਹ ਘਿਉ ਵੀ ਲੈ ਲਉ, ਰੁੱਖੀ ਰੋਟੀ ਨਾ ਖਾਇਓ, ਭਗਵਾਨ ਜੀ !" ਭਗਤ ਜੀ ਦਾ ਵਿਸ਼ਵਾਸ ਸਹੀ ਨਿਕਲਿਆ। ਪਰਮਾਤਮਾ ਸੱਚ-ਮੁੱਚ ਭਗਤ ਜੀ ਦੀ ਪ੍ਰੀਖਿਆ ਲੈ ਰਹੇ ਸਨ, ਉਨ੍ਹਾਂ ਆਪਣੇ ਅਸਲੀ ਰੂਪ ਵਿਚ ਪ੍ਰਗਟ ਹੋ ਕੇ ਆਪ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ।

ਭਗਤ ਨਾਮਦੇਵ ਜੀ ਅਤੇ ਭਗਤ ਤ੍ਰਿਲੋਚਨ ਜੀ ਦੀ ਆਪਸ ਵਿਚ ਗੂੜ੍ਹੀ ਮਿੱਤਰਤਾ ਸੀ। ਭਗਤ ਤ੍ਰਿਲੋਚਨ ਜੀ ਹੈਰਾਨ ਸਨ ਕਿ (ਭਗਤ) ਨਾਮਦੇਵ ਜੀ ਭਗਤੀ ਦੇ ਨਾਲ-ਨਾਲ ਕਬੀਲਦਾਰੀ ਕਿਵੇਂ ਕਰਦੇ ਹਨ? ਭਗਤ ਤ੍ਰਿਲੋਚਨ ਜੀ ਇਕ ਵਾਰ ਨਰਸੀ ਬਾਮਨੀ ਪੁੱਜੇ। ਭਗਤ ਨਾਮਦੇਵ ਜੀ ਨੇ ਉਨ੍ਹਾਂ ਨੂੰ ਜੀ ਆਇਆਂ ਆਖਿਆ। ਆਪ ਨੇ ਘਰ ਆਏ ਪ੍ਰਾਹੁਣੇ ਦੀ ਖ਼ੂਬ ਮਹਿਮਾਨ ਨਿਵਾਜੀ ਕੀਤੀ। ਆਪ ਸਾਰਾ ਦਿਨ ਆਪਣੇ ਕਾਰ-ਵਿਹਾਰ ਵਿਚ ਵਿਅਸਤ ਰਹਿੰਦੇ, ਕੱਪੜੇ ਰੰਗਦੇ ਤੇ ਕੱਪੜੇ ਸਿਊਂਦੇ ਰਹਿੰਦੇ। ਕੰਮ-ਕਾਰ ਕਰਦਿਆਂ ਪ੍ਰਭੂ ਦੀ ਉਸਤਤੀ ਕਰਦਿਆਂ ਉੱਚੀ-ਉੱਚੀ ਭਗਤੀ ਭਾਵਨਾ ਵਾਲੇ ਸ਼ਬਦ ਗਾਉਂਦੇ (ਕੀਰਤਨ ਕਰਦੇ)। ਇਹ ਸਭ ਕੁਝ ਵੇਖ ਕੇ ਇਕ ਦਿਨ ਭਗਤ ਤ੍ਰਿਲੋਚਨ ਜੀ ਨੇ ਆਪ ਨੂੰ ਪੁੱਛਿਆ ਕਿ ਸਾਰਾ ਦਿਨ ਤਾਂ ਤੁਸੀਂ ਸੰਸਾਰਕ ਧੰਦਾ ਕਰਦਿਆਂ ਬਤੀਤ ਕਰਦੇ ਹੋ, ਪ੍ਰਭੂ ਭਗਤੀ ਕਰਨ ਲਈ ਤੁਹਾਡੇ ਕੋਲ ਸਮਾਂ ਹੀ ਨਹੀਂ ਹੈ। ਤੁਸੀਂ ਭਗਤ ਘੱਟ ਅਤੇ ਕਬੀਲਦਾਰ ਜ਼ਿਆਦਾ ਵਿਖਾਈ ਦਿੰਦੇ ਹੋ। ਤੁਸੀਂ ਮਾਇਆ ਦੇ ਜਾਲ ਵਿਚ ਫਸੇ ਹੋਏ ਹੋ। ਇਹ ਸਭ ਕੁਝ ਸੁਣ ਕੇ ਆਪ ਬੋਲੇ ਕਿ ਸੰਸਾਰਕ ਕਾਰ-ਵਿਹਾਰ ਕਰਦਿਆਂ ਪ੍ਰਭੂ-ਭਗਤੀ ਵਿਚ ਕੋਈ ਵਿਘਨ ਨਹੀਂ ਪੈਂਦਾ। ਗ੍ਰਹਿਸਤ ਜੀਵਨ ਗੁਜ਼ਾਰਦਿਆਂ ਸੱਚੀ ਤੇ ਸੁੱਚੀ ਕਿਰਤ ਕਰਨੀ ਹੀ ਅਸਲ ਭਗਤੀ ਹੈ। ਭਗਤੀ ਸਰੀਰ ਨਾਲ ਨਹੀਂ ਬਲਕਿ ਮਨ

ਨਾਲ ਕੀਤੀ ਜਾਂਦੀ ਹੈ। ਹੱਥਾਂ-ਪੈਰਾਂ ਨਾਲ ਕੰਮ-ਕਾਜ ਕਰਦਾ ਹਾਂ ਤੇ ਮੁਖ ਤੋਂ ਨਾਮ ਜਪਦਾ ਹਾਂ ਅਤੇ ਇਸ ਸਮੇਂ ਮੇਰੀ ਸੁਰਤ ਅਕਾਲ ਪੁਰਖ਼ ਨਾਲ ਜੁੜੀ ਰਹਿੰਦੀ ਹੈ।

ਭਗਤ ਨਾਮਦੇਵ ਜੀ ਦੀਆਂ ਸਿੱਖਿਆਵਾਂ ਨੂੰ ਮੁਸਲਮਾਨ ਜਾਂ ਹਿੰਦੂ ਵਰਗ ਦੇ ਖੇਤਰ ਤੀਕ ਹੀ ਮਹਿਦੂਦ ਨਹੀਂ ਕੀਤਾ ਜਾ ਸਕਦਾ। ਇਹ ਸਿੱਖਿਆਵਾਂ ਸੰਸਾਰ ਭਰ 'ਚ ਸਦਾ-ਸਦਾ ਲਈ ਉਪਯੋਗੀ ਤੇ ਮਹੱਤਵਪੂਰਨ ਹਨ। ਭਗਤ ਨਾਮਦੇਵ ਜੀ ਨੇ ਉਸ ਸਮੇਂ ਦੀ ਅਖੌਤੀ ਛੀਂਬਾ (ਛੀਪਾ) ਕਹਾਉਣ ਵਾਲੀ ਜਾਤੀ ਵਿਚ ਜਨਮ ਲਿਆ ਅਤੇ ਆਪਣੇ ਜੀਵਨ ਕਾਲ ਦੌਰਾਨ ਭਾਰਤੀ ਸਮਾਜ 'ਚ ਜਾਤ-ਪਾਤ ਦੇ ਅਸਰ ਨੂੰ ਘਟਾਉਣ 'ਚ ਭਰਪੂਰ ਹਿੱਸਾ ਪਾਇਆ।

ਭਗਤ ਜੀ ਦੀ ਸਮੁੱਚੀ ਬਾਣੀ 'ਚ ਪਰਮਾਤਮਾ ਦੇ ਨਿਰਗੁਣ ਤੇ ਸਰਗੁਣ ਸਰੂਪ ਦਾ ਵਰਣਨ ਹੈ। ਗੁਰਮਤਿ ਦੇ ਬੁਨਿਆਦੀ ਸਿਧਾਂਤ ਦੀ ਤਰ੍ਹਾਂ ਇਸ ਸਾਰੇ ਬ੍ਰਹਿਮੰਡ ਵਿਚ ਸਰਬ-ਵਿਆਪੀ ਪ੍ਰਭੂ ਦੀ ਹੋਂਦ ਮੰਨੀ ਹੈ। ਉਹ ਪ੍ਰਭੂ ਆਪਣੇ ਅਨੇਕਾਂ ਰੂਪਾਂ ਵਿਚ ਸੰਸਾਰ 'ਚ ਵਿਆਪਕ ਹੈ। ਆਪ ਸੰਸਾਰ ਨੂੰ ਪਰਮਾਤਮਾ ਦਾ ਲਗਾਇਆ ਬਾਗ਼ ਸਮਝਦੇ ਹਨ ਜਿਸ ਦੀ ਦੇਖ-ਰੇਖ ਤੇ ਸੰਭਾਲ ਵੀ ਅਕਾਲ ਪੁਰਖ ਆਪ ਹੀ ਕਰ ਰਿਹਾ ਹੈ। ਧਨਾਸਰੀ ਰਾਗ 'ਚ ਆਪ ਫੁਰਮਾਉਂਦੇ ਹਨ ਕਿ ਸਭ ਤੋਂ ਪਹਿਲਾਂ ਜਗਤ ਭਾਵ ਸੰਸਾਰ ਇੰਞ ਸੀ ਜਿਵੇਂ ਕੰਵਲ ਦੇ ਫੁੱਲਾਂ ਦਾ ਖੇਤ। ਸਾਰੇ ਜੀਵ-ਜੰਤ ਕੰਵਲ ਦੇ ਫੁੱਲਾਂ ਦੇ ਉਸ ਖੇਤ ਦੇ ਹੰਸ ਹਨ। ਛੋਟੀ ਉਮਰ ਵਿਚ ਹੀ ਭਗਤ ਨਾਮਦੇਵ ਜੀ ਨੂੰ ਬ੍ਰਾਹਮਣਾਂ, ਪੁਜਾਰੀਆਂ ਅਤੇ ਸਮੇਂ ਦੇ ਹੋਰ ਹੁਕਮਰਾਨਾਂ ਦਾ ਭਾਰੀ ਵਿਰੋਧ ਬਰਦਾਸ਼ਤ ਕਰਨਾ ਪਿਆ ਸੀ ਪਰ ਉਨ੍ਹਾਂ ਨੇ ਇਸ ਵਰਗ ਦੇ ਲੋਕਾਂ ਦੇ ਅਨਿਆਂ ਤੇ ਧੱਕੇਸ਼ਾਹੀ ਦਾ ਡਟਵਾਂ ਵਿਰੋਧ ਕੀਤਾ ਅਤੇ ਕਾਮੇ, ਮਿਹਨਤਕਸ਼ ਲੋਕਾਂ ਅਤੇ ਗ਼ਰੀਬ ਕਿਰਤੀਆਂ ਦੇ ਹੱਕ ਵਿਚ ਕ੍ਰਾਂਤੀਕਾਰੀ ਭਾਵਨਾ ਦਾ ਪ੍ਰਤੱਖ ਰੂਪ ਵਿਚ ਪ੍ਰਗਟਾਵਾ ਕੀਤਾ ਹੈ।

ਆਪਣੀ ਜ਼ਿੰਦਗੀ ਦੇ ਅਖੀਰਲੇ ਵੀਹ ਕੁ ਸਾਲ ਆਪ ਨੇ ਮਹਾਂਰਾਸ਼ਟਰ ਤੋਂ ਪੰਜਾਬ ਦੇ ਪਿੰਡ ਘੁਮਾਣ (ਜ਼ਿਲ੍ਹਾ ਗੁਰਦਾਸਪੁਰ) ਆ ਕੇ ਸੰਗਤ ਨੂੰ ਨਾਮ-ਸਿਮਰਨ ਨਾਲ ਜੋੜਦਿਆਂ ਅਤੇ ਹੱਕ ਦੀ ਕਿਰਤ ਕਰਨ ਦਾ ਸੰਦੇਸ਼ ਦਿੰਦੇ ਹੋਇਆ ਸਫ਼ਲ ਕੀਤੇ। ਲੰਮਾ ਸਮਾਂ ਪੰਜਾਬ ਵਿਚ ਰਹਿਣ ਕਾਰਨ ਉਹ ਪੰਜਾਬੀਆਂ ਦਾ ਹੀ ਹਿੱਸਾ ਬਣ ਗਏ।

ਘੁਮਾਣ ਨਗਰ (ਜ਼ਿਲ੍ਹਾ ਗੁਰਦਾਸਪੁਰ) ਦੀ ਹਦੂਦ ਵਿਚ ਹੀ ਭਗਤ ਨਾਮਦੇਵ ਜੀ ਦੇ ਨਾਲ ਸੰਬੰਧਿਤ ਗੁਰਦੁਆਰਾ ਤਪਿਆਣਾ ਸਾਹਿਬ ਸੁਸ਼ੋਭਿਤ ਹੈ। ਇਹ ਉਹ ਪਵਿੱਤਰ ਅਸਥਾਨ ਹੈ, ਜਿੱਥੇ ਭਗਤ ਜੀ ਨੇ ਲੰਮਾ ਸਮਾਂ ਪ੍ਰਭੂ ਦੀ ਭਗਤੀ ਕੀਤੀ। ਇੱਥੇ ਹੀ ਆਲੀਸ਼ਾਨ ਨੌਂ-ਮੰਜ਼ਿਲਾ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਉਸ ਸਮੇਂ ਇਕ ਕੇਸ਼ੋਦਾਸ ਕੋਹੜੀ ਜੋ ਆਪਣੀ ਜ਼ਿੰਦਗੀ ਦੇ ਦੁੱਖ ਨਾ ਸਹਾਰਦਾ ਹੋਇਆ ਆਤਮ-ਹੱਤਿਆ ਕਰਨ ਜਾ ਰਿਹਾ ਸੀ ਤਾਂ ਆਪ ਨੇ ਉਸ ਨੂੰ ਨਜ਼ਦੀਕ ਹੀ ਇਕ ਛੱਪੜੀ ਵਿਚ ਇਸ਼ਨਾਨ ਕਰਨ ਲਈ ਕਿਹਾ। ਜਦੋਂ ਉਸ ਨੇ ਇਸ਼ਨਾਨ ਕੀਤਾ ਤਾਂ ਉਹ ਬਿਲਕੁਲ ਤੰਦਰੁਸਤ ਹੋ ਕੇ ਪ੍ਰਭੂ ਦੇ ਗੁਣ-ਗਾਇਨ ਕਰਨ ਲੱਗ ਪਿਆ। ਗੁਰਦੁਆਰਾ ਤਪਿਆਣਾ

ਸਾਹਿਬ ਦਾ ਬਹੁਤ ਸੁੰਦਰ ਅਸਥਾਨ ਬਣਿਆ ਹੋਇਆ ਹੈ ਜਿੱਥੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਸੰਗਤ ਦੂਰੋਂ-ਦੂਰੋਂ ਆ ਕਰਕੇ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰ ਕੇ ਨਿਹਾਲ ਹੁੰਦੀਆਂ ਹਨ।

ਸਮਾਜ ਵਿਚ ਭਗਤ ਨਾਮਦੇਵ ਜੀ ਦਾ ਸਤਿਕਾਰ ਦਿਨੋਂ-ਦਿਨ ਵਧ ਰਿਹਾ ਸੀ, ਪ੍ਰੰਤੂ ਈਰਖਾਲੂ ਲੋਕਾਂ ਨੂੰ ਇਹ ਬਰਦਾਸ਼ਤ ਨਹੀਂ ਸੀ ਹੋ ਰਿਹਾ। ਜਿਸ ਮਨੁੱਖ ਦੇ ਹਿਰਦੇ ਵਿਚ ਈਰਖਾ ਦੀ ਅੱਗ ਪ੍ਰਚੰਡ ਜੋ ਜਾਵੇ, ਉਸ ਦੇ ਹਿਰਦੇ ਵਿੱਚੋਂ ਸ਼ੁਭ ਗੁਣ ਭਸਮ ਹੋ ਜਾਂਦੇ ਹਨ। ਉਹ ਦੂਜਿਆਂ ਨੂੰ ਨੀਵਾਂ ਦਿਖਾਉਣ ਦੇ ਯਤਨ ਕਰਦੇ ਹਨ। ਅਜਿਹੇ ਈਰਖਾਲੂ ਲੋਕਾਂ ਨੇ ਭਗਤ ਨਾਮਦੇਵ ਜੀ ਨਾਲ ਬਹੁਤ ਵਾਰ ਚੰਗਾ ਵਿਵਹਾਰ ਨਾ ਕਰਦਿਆਂ ਉਨ੍ਹਾਂ ਦਾ ਅਪਮਾਨ ਕਰਨ ਵਿਚ ਵੀ ਕੋਈ ਕਸਰ ਨਾ ਛੱਡੀ।

ਪੰਜਾਬ ਵਿਚ ਇਨ੍ਹਾਂ ਦੇ ਦੋ ਸਾਥੀ ਲੱਧਾ ਜੀ ਤੇ ਜੱਲਾ ਜੀ ਵੀ ਆਪ ਦੇ ਨਾਲ ਵਿਚਰਦੇ ਰਹੇ। ਨਗਰ ਘੁਮਾਣ ਦੇ ਨੇੜੇ ਇੱਕ ਛੋਟਾ ਜਿਹਾ ਪਿੰਡ ਭੱਟੀਵਾਲ ਵੀ ਭਗਤ ਨਾਮਦੇਵ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਉੱਥੋਂ ਦੇ ਕੁਝ ਅਣਜਾਣ ਲੋਕਾਂ ਨੇ ਭਗਤ ਜੀ ਦੀ ਪ੍ਰੀਖਿਆ ਲੈਣ ਲਈ ਕਈ ਤਰ੍ਹਾਂ ਦੇ ਸੁਆਲ-ਜੁਆਬ ਕੀਤੇ। ਭਗਤ ਜੀ ਅਡੋਲ ਹੀ ਉਨ੍ਹਾਂ ਦੇ ਉੱਤਰ ਦਿੰਦੇ ਰਹੇ। ਇਸ ਉਪਰੰਤ ਉਨ੍ਹਾਂ ਲੋਕਾਂ ਨੂੰ ਯਕੀਨ ਹੋਇਆ ਕਿ ਇਹ ਕੋਈ ਪਰਮਾਤਮਾ ਨਾਲ ਜੁੜਿਆ ਭਗਤ ਹੈ। ਇਸੇ ਅਸਥਾਨ ਪੁਰ ਹੀ ਭਗਤ ਜੀ ਨੇ ਇਕ ਲੱਕੜੀ ਦੀ ਬਣੀ ਖੂੰਡੀ ਜ਼ਮੀਨ ਵਿਚ ਲਾ ਦਿੱਤੀ ਜੋ ਬਾਅਦ ਵਿਚ ਹਰੀ ਹੋ ਗਈ। ਹੁਣ ਇੱਥੇ ਗੁਰਦੁਆਰਾ ਖੂੰਡੀ ਸਾਹਿਬ ਮੌਜੂਦ ਹੈ। ਇਸੇ ਹੀ ਪਿੰਡ ਵਿਚ ਉਸ ਸਮੇਂ ਪਾਣੀ ਦੀ ਕਿੱਲਤ ਹੋਣ ਕਾਰਨ ਆਪ ਨੇ ਆਪਣੇ ਹੱਥੀਂ ਖੂਹ ਦਾ ਨਿਰਮਾਣ ਕਰਾਇਆ, ਜੋ ਅੱਜਕਲ੍ਹ ਗੁਰਦੁਆਰਾ ਖੂਹ ਸਾਹਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਆਪ ਜੀ ਆਪਣੀ ਭਗਤੀ ਪ੍ਰਤੀ ਲਗਨ ਤੇ ਪ੍ਰਭੂ ਪ੍ਰੇਮ ਸਦਕਾ ਵਿਸ਼ਵ ਭਰ ਵਿਚ ਸਨਮਾਨੇ ਗਏ। ਏਸੇ ਨਾਮ ਸਿਮਰਨ ਅਤੇ ਪ੍ਰਭੂ ਭਗਤੀ ਨੇ ਹੀ ਨਾਮਦੇਵ ਜੀ ਨੂੰ ਭਗਤ ਦੀ ਪਦਵੀ ਤੀਕ ਪਹੁੰਚਾ ਦਿੱਤਾ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤ ਨਾਮਦੇਵ ਜੀ ਦੇ ਰਚਿਤ ੬੧ ਸ਼ਬਦਾਂ ਨੂੰ ੧੮ ਰਾਗਾਂ ਵਿਚ ਦਰਜ ਕੀਤਾ। ਇਨ੍ਹਾਂ ਸ਼ਬਦਾਂ ਵਿਚ ਭਗਤ ਜੀ ਨੇ ਸਮੁੱਚੇ ਜੀਵਨ ਦੀ ਮਾਨਵਤਾਵਾਦੀ ਫ਼ਿਲਾਸਫ਼ੀ ਬਿਆਨ ਕੀਤੀ ਹੈ।

ਭਗਤ ਨਾਮਦੇਵ ਜੀ ਦੀ ਸਿੱਖਿਆ ਅੱਜ ਵੀ ਉਨੀ ਹੀ ਮਹੱਤਵਪੂਰਨ ਹੈ, ਜਿੰਨੀ ਉਸ ਵਕਤ ਵਿਚ ਸੀ। ਭਗਤ ਨਾਮਦੇਵ ਜੀ ਨੇ ਧਰਮ ਦੇ ਨਾਮ ਤੇ ਫੈਲੇ ਕਰਮ-ਕਾਂਡਾਂ, ਅਡੰਬਰਾਂ, ਫੋਕੇ-ਰੀਤੀ ਰਿਵਾਜਾਂ ਤੇ ਬਾਹਰੀ ਭੇਖਾਂ ਦਾ ਡਟ ਕੇ ਵਿਰੋਧ ਕੀਤਾ। ਉਨ੍ਹਾਂ ਨੇ ਸੱਚ ਦਾ ਗਿਆਨ ਮਨੁੱਖਤਾ ਨੂੰ ਪ੍ਰਦਾਨ ਕੀਤਾ ਅਤੇ ਊਚ-ਨੀਚ ਦੇ ਝਮੇਲੇ ਨੂੰ ਖ਼ਤਮ ਕਰਨ ਦੇ ਅਣਥੱਕ ਯਤਨ ਕੀਤੇ। ਅਜੋਕੇ ਸਮੇਂ ਦੀ ਲੋੜ ਹੈ ਕਿ ਅਸੀ ਉਨ੍ਹਾਂ ਦੀ ਉੱਚੀ-ਸੁੱਚੀ ਵਿਚਾਰਧਾਰਾ ਨੂੰ ਅਪਣਾਉਣ ਦੇ ਯਤਨ ਕਰਨ ਦੇ ਨਾਲ -ਨਾਲ ਉਨ੍ਹਾਂ ਦੇ ਮਾਰਗ 'ਤੇ ਚੱਲਦਿਆਂ ਆਪਣਾ ਜੀਵਨ ਸਫਲ ਕਰੀਏ। ■

# ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ

*-ਸ. ਗੁਰਦੀਪ ਸਿੰਘ**

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ: ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ, ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ, ਸਾਹਿਬਜ਼ਾਦਾ ਬਾਬਾ ਜ਼ੋਰਾਵਰ ਜੀ, ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਸ਼ਹੀਦੀ ਦੀ ਅਦੁੱਤੀ ਮਿਸਾਲ ਹਨ, ਜਿਨ੍ਹਾਂ ਨੂੰ ਸੰਸਾਰ ਵਿਚ ਹਰ ਗੁਰੂ ਨਾਨਕ ਨਾਮ ਲੇਵਾ ਹਰ ਰੋਜ਼, ਜਦੋਂ ਵੀ ਅਰਦਾਸ ਕਰੇ, ਯਾਦ ਕਰਦਾ ਹੈ।

ਗੁਰੂ ਜੀ ਦੇ ਚਾਰ ਸਾਹਿਬਜ਼ਾਦੇ ਛੋਟੀ ਉਮਰ ਵਿਚ ਸ਼ਾਨਦਾਰ ਕਾਰਨਾਮੇ ਕਰਦੇ ਹੋਏ ਸ਼ਹੀਦ ਹੋਏ, ਜਿਸ ਕਾਰਨ ਸਿੱਖ ਸੰਗਤ ਇਨ੍ਹਾਂ ਦੇ ਨਾਵਾਂ ਨਾਲ 'ਬਾਬਾ' ਸ਼ਬਦ ਵਰਤ ਕੇ ਇਨ੍ਹਾਂ ਨੂੰ ਸਤਿਕਾਰਦੀ ਹੈ।

ਇਨ੍ਹਾਂ ਨੇ ਬਚਪਨ ਤੋਂ ਹੀ ਦੁਨਿਆਵੀ ਤੇ ਧਾਰਮਿਕ ਵਿੱਦਿਆ ਦੇ ਨਾਲ ਸ਼ਸਤਰ ਵਿੱਦਿਆ, ਤੀਰ-ਅੰਦਾਜ਼ੀ, ਘੋੜ ਸਵਾਰੀ, ਨੇਜਾ, ਖੰਡਾ ਤੇ ਤਰ੍ਹਾਂ-ਤਰ੍ਹਾਂ ਦੇ ਹਥਿਆਰਾਂ ਦੀ ਸਿਖਲਾਈ ਪ੍ਰਾਪਤ ਕੀਤੀ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ ਸਪੁੱਤਰਾਂ ਦੀਆਂ ਸ਼ਹੀਦੀਆਂ ਸੰਸਾਰ ਦੇ ਇਤਿਹਾਸ ਵਿਚ ਬੇਜੋੜ ਹਨ। ਜਿਸ ਤਰ੍ਹਾਂ ਇਨ੍ਹਾਂ ਨੇ ਬਹਾਦਰੀ, ਦਲੇਰੀ, ਨਿਰਭੈਤਾ, ਨਿਸ਼ਕਾਮਤਾ, ਸਵੈਮਾਣ, ਧਰਮ ਤੇ ਸਿੱਖ ਕੌਮ ਦੇ ਆਦਰਸ਼ਾਂ ਦੀ ਖ਼ਾਤਰ ਸ਼ਹੀਦੀ ਦਿੱਤੀ, ਦੁਨੀਆ ਵਿਚ ਉਸ ਦਾ ਕੋਈ ਸਾਨੀ ਨਹੀਂ ਹੈ।

ਸ੍ਰੀ ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਪਾਏ ਘੇਰੇ ਨੂੰ ਸੱਤ ਮਹੀਨੇ ਹੋ ਗਏ। ਸਿੰਘਾਂ ਕੋਲ ਦਾਣਾ-ਪੱਠਾ ਮੁੱਕ ਗਿਆ। ਖੁਰਾਕ ਤੇ ਪਾਣੀ ਦੀ ਥੁੜ ਕਾਰਨ ਪਰਸਾਦੀ ਹਾਥੀ ਵਰਗੇ ਕੀਮਤੀ ਜਾਨਵਰ ਮਰ ਗਏ। ਇਹ ਨਹੀਂ ਕਿ ਘੇਰੇ ਵਿਚ ਨਿਰੇ ਸਿੰਘ ਔਖੇ ਤੇ ਦੁਖੀ ਸਨ, ਮੁਗ਼ਲ ਫੌਜਾਂ ਤੇ ਉਨ੍ਹਾਂ ਦੇ ਸਾਥੀ ਰਾਜਿਆਂ ਨੂੰ ਵੀ ਘੱਟ ਤਕਲੀਫ ਨਹੀਂ ਸੀ। ਪਹਿਲਾਂ ਉਨ੍ਹਾਂ ਨੂੰ ਗਰਮੀ, ਫਿਰ ਬਾਰਿਸ਼ ਅਤੇ ਹੜ੍ਹ ਦਾ ਸਾਹਮਣਾ ਕਰਨਾ ਪਿਆ ਸੀ। ਹੁਣ ਸਿਰ 'ਤੇ ਸਰਦੀ ਆ ਚੁੱਕੀ ਸੀ। ਉਹ ਵੀ ਜੰਗ ਤੋਂ ਪਿੱਛਾ ਛੁਡਾਉਣਾ ਚਾਹੁੰਦੇ ਸਨ। ਔਰੰਗਜ਼ੇਬ ਨੇ ਵੀ ਗੁਰੂ ਜੀ ਵੱਲ ਚਿੱਠੀ ਭੇਜੀ। ਗੁਰੂ ਜੀ ਕਿਲ੍ਹਾ ਛੱਡਣ ਵਾਸਤੇ ਨਾ ਮੰਨੇ। ਮੁਗ਼ਲਾਂ ਤੇ ਪਹਾੜੀ ਰਾਜਿਆਂ ਨੇ ਕਸਮਾਂ ਚੁੱਕ ਕੇ ਕਿਲ੍ਹਾ ਛੱਡਣ ਵਾਸਤੇ ਬੇਨਤੀ ਕੀਤੀ। ਗੁਰੂ ਜੀ ਨੂੰ ਇਨ੍ਹਾਂ ਦੀ ਖਰਾਬ ਨੀਅਤ ਦਾ ਪਤਾ ਸੀ। ਸੋ ਗੁਰੂ ਜੀ ਨਾ ਮੰਨੇ। ਸਿੱਖਾਂ ਦੇ ਜ਼ੋਰ ਪਾਉਣ 'ਤੇ ਕਿ ਸਾਰਾ ਪੰਥ ਆਪ ਜੀ ਨੂੰ ਜ਼ੋਰ ਦਿੰਦੇ ਹਾਂ ਕਿ ਕਿਲ੍ਹਾ ਛੱਡ ਦਿੱਤਾ ਜਾਵੇ, ੬ ਪੋਹ, ਸੰਮਤ ੧੭੬੧ ਦੀ ਵਿਚਲੀ ਰਾਤ ਨੂੰ ਗੁਰਦੇਵ

**੩੦੨, ਕਿਦਵਾਈ ਨਗਰ, ਲੁਧਿਆਣਾ- ੧੪੧੦੦੮; ਮੋ. +੯੧੯੮੮੮੧-੨੬੬੯੦*

ਨੇ ਸ੍ਰੀ ਅਨੰਦਪੁਰ ਸਾਹਿਬ ਤੋਂ ਪਰਵਾਰ ਸਮੇਤ ਕੂਚ ਕੀਤਾ। ਗੁਰੂ ਸਾਹਿਬ ਕੀਰਤਪੁਰ ਤੋਂ ਰੋਪੜ ਵੱਲ ਵਧੇ। ਇਤਨੇ ਤਕ ਦੁਸ਼ਮਣ ਨੇ ਝੂਠੀਆਂ ਕਸਮਾਂ ਭੁਲਾ ਕੇ ਪਿਛਲੇ ਪਾਸਿਉਂ ਧਾਵਾ ਬੋਲ ਦਿੱਤਾ। ਦੋਵੇਂ ਧਿਰ ਲੜਦੇ ਭਿੜਦੇ ਸਰਸਾ ਨਦੀ ਦੇ ਕੰਢੇ ਪਹੁੰਚ ਗਏ। ਇੱਥੋਂ ਪਰਵਾਰ ਵਿਛੜ ਗਿਆ। ਗੁਰੂ ਸਾਹਿਬ ਜੀ ਦੇ ਮਹਿਲ ਭਾਈ ਮਨੀ ਸਿੰਘ ਜੀ ਦੇ ਨਾਲ ਦਿੱਲੀ ਚਲੇ ਗਏ। ਮਾਤਾ ਗੁਜਰੀ ਜੀ ਜਿਨ੍ਹਾਂ ਨਾਲ ਦੋਵੇਂ ਛੋਟੇ ਸਾਹਿਬਜ਼ਾਦੇ ਸਨ, ਨੂੰ ਗੰਗੂ ਆਪਣੇ ਪਿੰਡ ਖੇੜੀ (ਸਹੇੜੀ) ਲੈ ਗਿਆ।

ਗੁਰੂ ਮਹਾਰਾਜ, ਦੋਵੇਂ ਸਾਹਿਬਜ਼ਾਦੇ ਤੇ ਛੱਤੀ ਸਿੰਘ ਸਰਸਾ ਪਾਰ ਹੋ ਕੇ ਰੋਪੜ ਵੱਲ ਵਧੇ। ਰੋਪੜ ਤੋਂ ਅੱਗੇ ਲੰਘ ਕੇ ਗੁਰੂ ਜੀ ਨਾਲ ਪੰਜ ਸਿੰਘ ਹੋਰ ਆ ਰਲੇ ਜੋ ਸਰਸਾ ਦੇ ਕੰਢੇ ਤੋਂ ਵਿਛੜ ਗਏ ਸਨ।

੭ ਪੋਹ ਦੀ ਸ਼ਾਮ ਮਹਾਰਾਜ ਚਮਕੌਰ ਇਕ ਬਾਗ਼ ਵਿਚ ਪਹੁੰਚ ਗਏ। 'ਸ੍ਰੀ ਗੁਰ ਸੋਭਾ' ਪੰਨਾ ੬੫ ਅਨੁਸਾਰ ਇੱਥੋਂ ਦਾ ਜ਼ਿਮੀਂਦਾਰ ਗੁਰੂ ਸਾਹਿਬ ਨੂੰ ਆਪਣੀ ਹਵੇਲੀ ਲੈ ਗਿਆ। ਅਗਲੇ ਦਿਨ ਸਵੇਰ ਨੂੰ ਹੀ ਵੈਰੀ ਦਲ ਨੇ ਗੜ੍ਹੀ ਦੇ ਚਾਰੋਂ ਤਰਫ਼ ਘੇਰਾ ਪਾ ਲਿਆ। ਜਰਨੈਲਾਂ ਦੇ ਪੁੱਛਣ 'ਤੇ ਪਿੰਡ ਵਾਸੀਆਂ ਨੇ ਦੱਸ ਦਿੱਤਾ ਕਿ ਗੁਰੂ ਜੀ ਨਾਲ ਸ਼ਾਮ ਵੇਲੇ ਸਿਰਫ਼ ੪੦ ਕੁ ਸਿੰਘ ਆਏ ਸਨ, ਰਾਤ ਵੇਲੇ ਹੋਰ ਪਹੁੰਚ ਗਏ ਹੋਣਗੇ। ਸਿੰਘਾਂ ਦੀ ਇਤਨੀ ਘੱਟ ਗਿਣਤੀ ਦਾ ਪਤਾ ਲੱਗਣ 'ਤੇ ਵੈਰੀ ਦਲ ਨੇ ਬੜੇ ਹੌਂਸਲੇ ਨਾਲ ਹੱਲੇ ਕਰਨੇ ਸ਼ੁਰੂ ਕਰ ਦਿੱਤੇ। ਸਿੰਘਾਂ ਦਾ ਗੋਲੀ-ਸਿੱਕਾ, ਬਾਰੂਦ ਆਦਿ ਮੁੱਕਣ ਵਾਲਾ ਸੀ ਸੋ ਗੁਰੂ ਜੀ ਨੇ ਸਿੰਘਾਂ ਦੇ ਛੋਟੇ-ਛੋਟੇ ਜਥੇ ਬਣਾ ਦਿੱਤੇ। ਇਕ-ਇਕ ਕਰ ਕੇ ਹਰੇਕ ਜਥਾ ਬਾਹਰ ਭੇਜਿਆ ਜਾਣਾ ਸੀ। ਕਦੀ-ਕਦੀ ਤੀਰ ਵੀ ਵਰਤੇ ਜਾਣੇ ਸੀ। ਦੋ ਜਥਿਆਂ ਦੇ ਸਰਦਾਰ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਤੇ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ ਥਾਪੇ ਗਏ। ਬਾਬਾ ਅਜੀਤ ਸਿੰਘ ਜੀ ਨਾਲ ਅੱਠ ਸਿੰਘ ਭਾਈ ਮੋਹਕਮ ਸਿੰਘ (ਜੋ ਪੰਜ ਪਿਆਰਿਆਂ ਵਿੱਚੋਂ ਇੱਕ ਸਨ), ਭਾਈ ਈਸ਼ਰ ਸਿੰਘ, ਭਾਈ ਲਾਲ ਸਿੰਘ, ਭਾਈ ਨੰਦ ਸਿੰਘ, ਭਾਈ ਕੇਸਰ ਸਿੰਘ, ਭਾਈ ਦੇਵਾ ਸਿੰਘ, ਭਾਈ ਕੀਰਤੀ ਸਿੰਘ, ਭਾਈ ਮੇਹਰ ਸਿੰਘ ਜੰਗ ਦੇ ਮੈਦਾਨ ਵਿਚ ਭੇਜੇ। ਅੱਠੇ ਸਿੰਘ ਬਹੁਤ ਬਹਾਦਰੀ ਨਾਲ ਲੜਦੇ ਸ਼ਹੀਦ ਹੋ ਗਏ। ਮੁਗ਼ਲ ਫੌਜ ਨੇ ਚਾਰੇ ਪਾਸਿਉਂ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਘੇਰਾ ਪਾ ਲਿਆ ਪਰ ਸਾਹਿਬਜ਼ਾਦੇ ਦੇ ਤੀਰਾਂ ਦੇ ਨਿਸ਼ਾਨੇ ਬਣੀ। ਜਦ ਤੀਰ ਖ਼ਤਮ ਹੋ ਗਏ ਤਾਂ ਬਾਬਾ ਅਜੀਤ ਸਿੰਘ ਨੇ ਤਲਵਾਰ ਸੰਭਾਲ ਲਈ। ਬਾਬਾ ਜੀ ਨੂੰ ਮੁਗ਼ਲ ਸਰਦਾਰ ਨੇ ਕੱਸ ਕੇ ਨੇਜ਼ਾ ਮਾਰਿਆ। ਆਪ ਜੀ ਵਾਰ ਬਚਾ ਗਏ ਪਰ ਘੋੜਾ ਜ਼ਖ਼ਮੀ ਹੋ ਗਿਆ। ਆਪ ਜੀ ਉਸ ਵੇਲੇ ਪੈਦਲ ਹੋ ਗਏ ਤੇ ਤਲਵਾਰ ਦੇ ਜ਼ੌਹਰ ਦਿਖਾਣ ਲੱਗੇ ਪਰ ਇਕੱਲਿਆਂ ਨੂੰ ਦੇਖ ਕੇ ਸਾਰਿਆਂ ਨੇ ਇੱਕੋ ਸਮੇਂ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਸ਼ਹੀਦ ਉੱਪਰ ਹਮਲਾ ਕਰ ਦਿੱਤਾ ਤੇ ਉਦੋਂ ਤਕ ਹਮਲੇ ਕਰਦੇ ਰਹੇ ਜਦ ਤਕ ਸਾਹਿਬਜ਼ਾਦਾ ਅਜੀਤ ਸਿੰਘ ਜੀ ਸ਼ਹੀਦ ਨਾ ਹੋਏ। ਜਿੱਥੇ ਸਾਹਿਬਜ਼ਾਦੇ ਅਜੀਤ ਸਿੰਘ ਜੀ ਦਾ ਸਰੀਰ ਡਿੱਗਿਆ ਉਸ ਦੇ

ਚੌਹੀਂ ਪਾਸੀਂ ਵੈਰੀ ਦਲਾਂ ਦੇ ਫੌਜੀਆਂ ਦੀਆਂ ਲਾਸ਼ਾਂ ਦਾ ਢੇਰ ਸੀ।

ਆਪਣੇ ਵੱਡੇ ਭਰਾ ਨੂੰ ਸ਼ਹਾਦਤ ਪਾਉਂਦਿਆਂ ਦੇਖ ਕੇ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਨੂੰ ਚਾਅ ਚੜ੍ਹਿਆ ਤੇ ਉਨ੍ਹਾਂ ਜੰਗ ਵਿਚ ਸ਼ਹਾਦਤ ਲਈ ਆਪਾ ਪੇਸ਼ ਕੀਤਾ। ਮਹਾਰਾਜ ਨੇ ਪੰਜ ਪਿਆਰਿਆਂ ਵਿੱਚੋਂ ਦੋ ਭਾਈ ਹਿੰਮਤ ਸਿੰਘ ਤੇ ਭਾਈ ਸਾਹਿਬ ਸਿੰਘ ਤੇ ਤਿੰਨ ਹੋਰ ਸਿੰਘ ਬਾਬਾ ਜੁਝਾਰ ਸਿੰਘ ਜੀ ਨਾਲ ਭੇਜੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ੁਲਮੀ ਰਾਜ ਦੀਆਂ ਜੜ੍ਹਾਂ ਪੁੱਟਣ ਖ਼ਾਤਰ ਆਪਣੇ ਜਿਗਰ ਦੇ ਟੋਟੇ ਆਪਣੀਆਂ ਅੱਖਾਂ ਸਾਹਮਣੇ ਸ਼ਹੀਦੀ ਲਈ ਪੇਸ਼ ਕਰ ਕੇ ਦੁਨੀਆ ਵਾਸਤੇ ਬੇ-ਮਿਸਾਲ ਪੂਰਨੇ ਪਾ ਦਿੱਤੇ। ਦੁਬਾਰਾ ਰਣ ਗਰਮ ਹੋ ਗਿਆ। ਲੋਥਾਂ 'ਤੇ ਲੋਥਾਂ ਡਿੱਗਣ ਲੱਗ ਪਈਆਂ। ਮੁਗ਼ਲ ਫੌਜਾਂ ਦੇ ਹੌਂਸਲੇ ਵਧੇ ਹੋਏ ਸਨ ਪਰ ਫਿਰ ਵੀ ਬਾਬਾ ਜੀ ਖੰਡਾ ਇਉਂ ਚਲਾ ਰਹੇ ਸਨ ਜਿਵੇਂ ਕੋਈ ਕਿਸਾਨ ਖੇਤ ਵਿਚ ਦਾਤਰੀ ਚਲਾਉਂਦਾ ਹੈ। ਫੌਜ ਦੀ ਗਿਣਤੀ ਬਹੁਤ ਜ਼ਿਆਦਾ ਹੋਣ ਕਰਕੇ ਮੁਗ਼ਲਾਂ ਨੇ ਐਸਾ ਘੇਰਾ ਪਾਇਆ ਜੋ ਟੁੱਟ ਨਾ ਸਕਿਆ। ਸਿੰਘਾਂ ਕੋਲ ਹਥਿਆਰ ਖ਼ਤਮ ਹੋ ਗਏ ਪਰ ਫਿਰ ਵੀ ਵੈਰੀਆਂ ਨਾਲ ਮੁਕਾਬਲਾ ਕਰਦੇ ਰਹੇ। ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਨੇ ਮੈਦਾਨ-ਏ-ਜੰਗ ਵਿਚ ਵੈਰੀਆਂ ਦੇ ਆਹੂ ਲਾਹੇ। ਛੋਟੇ ਜਿਹੇ ਬਹਾਦਰ ਸੂਰਮੇ ਦੇ ਜੌਹਰ ਦੇਖ ਕੇ ਵੈਰੀ ਵੀ ਦੰਗ ਰਹਿ ਗਏ। ਉੱਧਰ ਸੂਰਜ ਨੇ ਮੂੰਹ ਛੁਪਾਇਆ ਇਧਰ ਬਾਬਾ ਜੀ ਦੀ ਸ਼ਹਾਦਤ ਹੋ ਗਈ।

ਜਦੋਂ ਬਾਬਾ ਜੁਝਾਰ ਸਿੰਘ ਜੀ ਤੇ ਉਨ੍ਹਾਂ ਦੇ ਨਾਲ ਭੇਜੇ ਸਿੰਘ ਸ਼ਹੀਦ ਹੋ ਗਏ ਤਾਂ ਗੜ੍ਹੀ ਵਿਚ ਗਿਆਰ੍ਹਾਂ ਸਿੰਘ ਰਹਿ ਗਏ। ਗੁਰੂ ਜੀ ਨੇ ਇਨ੍ਹਾਂ ਸਿੰਘਾਂ ਨੂੰ ਸੰਬੋਧਨ ਕਰਦੇ ਹੋਏ ਫੁਰਮਾਇਆ ਕਿ ਦੁਸ਼ਮਣ ਕਸਮਾਂ ਖਾ ਕੇ ਫਿਰ ਗਏ ਹਨ ਅਤੇ ਬੇਈਮਾਨ ਹਨ। ਹੁਣ ਸਾਨੂੰ ਵੀ ਸੂਰਮਿਆਂ ਵਾਂਗ ਲੜ ਕੇ ਸ਼ਹਾਦਤ ਦੇਣੀ ਚਾਹੀਦੀ ਹੈ। ਐਸੀ ਦਸ਼ਾ ਵਿਚ ਸਿੰਘਾਂ ਨੇ ਮਤਾ ਪਕਾਇਆ ਕਿ ਪੰਥ ਦੀ ਚੜ੍ਹਦੀ ਕਲਾ ਲਈ ਗੁਰੂ ਜੀ ਦਾ ਇੱਥੋਂ ਚਲੇ ਜਾਣਾ ਉੱਚਿਤ ਰਹੇਗਾ। ਸਿੰਘਾਂ ਦੇ ਕਹਿਣ 'ਤੇ ਗੁਰੂ ਜੀ ਨੇ ਗੜ੍ਹੀ ਨੂੰ ਛੱਡਣਾ ਪ੍ਰਵਾਨ ਕਰ ਲਿਆ। ਗੁਰੂ ਸਾਹਿਬ ਨੇ ਤਿੰਨ ਸਿੰਘ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਜੀ ਨੂੰ ਨਾਲ ਲੈ ਕੇ ਜਾਣ ਦੀ ਵਿਉਂਤ ਦੱਸੀ ਤੇ ਹੁਕਮ ਦਿੱਤਾ ਕਿ ਬਾਕੀ ਅੱਠੇ ਸਿੰਘ ਹਵੇਲੀ ਵਿਚ ਰਹਿਣ ਤੇ ਸਾਰੀ ਰਾਤ ਗੋਲੀ ਚਲਾਉਂਦੇ, ਨਗਾਰਾ ਖੜਕਾਉਂਦੇ ਰਹਿਣ। ਭਲਕੇ ਮੈਦਾਨ ਵਿਚ ਲੜ ਕੇ ਸ਼ਹੀਦ ਹੋ ਜਾਣ। ਜਿਊਂਦੇ ਜੀਅ ਵੈਰੀ ਦੇ ਕਾਬੂ ਨਹੀਂ ਆਉਣਾ।

ਅੱਧੀ ਰਾਤ ਤੋਂ ਕੁਝ ਸਮੇਂ ਬਾਅਦ ਗੁਰੂ ਜੀ ਨੇ ਲਲਕਾਰਿਆ ਤਾਂ ਕਿ ਪਤਾ ਲੱਗ ਜਾਏ। ਉੱਚੀ ਕਿਹਾ, "ਪੀਰੇ ਹਿੰਦ ਮੇ ਰਵੇਦ।" ਬਾਅਦ ਵਿਚ ਗੁਰੂ ਜੀ ਨੇ 'ਜ਼ਫ਼ਰਨਾਮਾ' ਵਿਚ ਲਿਖਿਆ ਕਿ ਦੇਖੋ ਵਾਹਿਗੁਰੂ ਦਾ ਕਮਾਲ, ਉਨ੍ਹਾਂ ਨੂੰ ਬੇਅੰਤ ਫੌਜ ਨੇ ਘੇਰ ਲਿਆ ਪਰ ਨਾ ਉਨ੍ਹਾਂ ਦਾ ਵਾਲ ਵਿੰਗਾ ਹੋਇਆ ਤੇ ਨਾ ਰਤਾ ਕੁ ਝਰੀਟ ਆਈ। ਗੁਰੂ ਜੀ ਦਿਨ ਚੜ੍ਹਦੇ ਤਕ ਬਹੁਤ ਦੂਰ ਨਿਕਲ ਗਏ।

ਅਗਲੇ ਦਿਨ ਵੈਰੀ ਨੇ ਧਾਵਾ ਬੋਲ ਦਿੱਤਾ। ਪਿੱਛੇ ਰਹੇ ਸਿੰਘਾਂ ਨੇ ਦਰਵਾਜ਼ੇ ਖੋਲ ਦਿੱਤੇ ਅਤੇ ਤਲਵਾਰਾਂ ਸੂਤ ਕੇ ਵੈਰੀ ਉੱਤੇ ਟੁੱਟ ਪਏ। ਬਹਾਦਰੀ ਦੇ ਕਾਰਨਾਮੇ ਦਿਖਾਏ ਤੇ ਸਿੰਘਾਂ ਨੇ ਆਪਣੇ ਨਾਲੋਂ ਕਈ ਗੁਣਾ ਵੱਧ ਮੁਗ਼ਲ ਸੈਨਿਕਾਂ ਨੂੰ ਮਾਰ ਕੇ ਅੰਤ ਸ਼ਹੀਦੀ ਪ੍ਰਾਪਤ ਕੀਤੀ। ਭਾਈ ਸੰਗਤ ਸਿੰਘ ਜੀ ਦੀ ਸ਼ਕਲ ਗੁਰੂ ਜੀ ਨਾਲ ਮਿਲਦੀ ਸੀ। ਵੈਰੀਆਂ ਨੂੰ ਕਈ ਦਿਨ ਤਕ ਭੁਲੇਖਾ ਰਿਹਾ ਕਿ ਗੁਰੂ ਜੀ ਸ਼ਹੀਦ ਹੋ ਗਏ ਹਨ। ਪਰ ਮੁਗ਼ਲ ਫੌਜ ਕੀ ਜਾਣੇ?

ਜਿਸ ਹਵੇਲੀ ਵਿਚ ਗੁਰੂ ਜੀ ਨੇ ਬਾਦਸ਼ਾਹੀ ਫੌਜ ਟਾਕਰਾ ਕੀਤਾ ਉੱਥੇ ਗੁਰਦੁਆਰਾ (ਗੜ੍ਹੀ) ਸਾਹਿਬ ਬਣਿਆ ਹੋਇਆ ਹੈ।

ਚਮਕੌਰ ਦੀ ਰਣ-ਭੂਮੀ ਜਿੱਥੇ ਸਾਹਿਬਜ਼ਾਦੇ ਸ਼ਹੀਦ ਹੋਏ ਅਤੇ ਜਿੱਥੇ ਸਾਹਿਬਜ਼ਾਦਿਆਂ ਤੇ ਹੋਰ ਸਿੰਘਾਂ ਦਾ ਸਸਕਾਰ ਹੋਇਆ, ਉੱਥੇ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ ਜਿਸਦਾ ਨਾਮ 'ਕਤਲ ਗੜ੍ਹ' ਹੈ।

ਚਮਕੌਰ ਦੀ ਹਵੇਲੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੋ ਸਾਹਿਬਜ਼ਾਦਿਆਂ ਅਤੇ ਸਿੰਘਾਂ ਸਮੇਤ ਮਰਦਾਨਗੀ ਅਤੇ ਯੁੱਧ-ਕਲਾ ਦੇ ਐਸੇ ਪੂਰਨੇ ਪਾਏ ਜੋ ਬੇ-ਮਿਸਾਲ ਹਨ।

ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫਤਿਹ ਸਿੰਘ ਜੀ ਦੀ ਸ਼ਹਾਦਤ :-

ਸਰਸਾ ਨਦੀ (ਰੋਪੜ ਤੋਂ ੧੧ ਮੀਲ 'ਤੇ ਹੈ) ਤੋਂ ਵਿਛੜ ਕੇ ਮਾਤਾ ਜੀ ਦੋਵੇਂ ਸਾਹਿਬਜ਼ਾਦਿਆਂ ਨਾਲ ਗੰਗੂ ਦੀ ਬੇਨਤੀ 'ਤੇ ਗੰਗੂ ਦੇ ਪਿੰਡ ਖੇੜੀ (ਸਹੇੜੀ) ਚਲੇ ਗਏ। ਰੁਪਿਆਂ ਦੀ ਭਰੀ ਖੁਰਜੀ ਦੇਖ ਕੇ ਗੰਗੂ ਦੀ ਨੀਅਤ ਖਰਾਬ ਹੋ ਗਈ। ਰਾਤ ਵੇਲੇ ਉਸ ਨੇ ਮੋਹਰਾਂ ਛੁਪਾ ਲਈਆਂ ਤੇ ਬਾਹਰ ਸ਼ੋਰ ਪਾਉਣ ਲੱਗਾ ਕਿ ਚੋਰੀ ਹੋ ਗਈ ਹੈ। ਮਾਤਾ ਗੁਜਰੀ ਜੀ ਨੇ ਉਸ ਨੂੰ ਸਮਝਾਇਆ ਕਿ ਮੋਹਰਾਂ ਤੂੰ ਰੱਖ ਲੈ ਪਰ ਰੌਲਾ ਨਾ ਪਾ, ਪਰ ਉਸ ਨੇ ਹੋਰ ਇਨਾਮ ਦੇ ਲਾਲਚ ਵਿਚ ਪਿੰਡ ਦੇ ਚੌਧਰੀ ਨੂੰ ਨਾਲ ਲੈ ਕੇ ਮੋਰਿੰਡੇ ਥਾਣੇ ਜਾ ਕੇ ਦੱਸ ਦਿੱਤਾ। ਥਾਣੇਦਾਰ ਨੇ ਮਾਤਾ ਜੀ ਤੇ ਦੋਨਾਂ ਮਾਸੂਮ ਬੱਚਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਸਰਹੰਦ ਦੇ ਨਵਾਬ ਵਜ਼ੀਰ ਖਾਨ ਕੋਲ ਪਹੁੰਚਾ ਦਿੱਤਾ। ਉਸ ਨੇ ਇਨ੍ਹਾਂ ਨੂੰ ਠੰਢੇ ਬੁਰਜ ਵਿਚ ਕੈਦ ਰੱਖਣ ਤੇ ਅਗਲੀ ਸਵੇਰ ਕਚਹਿਰੀ ਪੇਸ਼ ਕਰਨ ਦਾ ਹੁਕਮ ਦਿੱਤਾ। ਸਾਹਿਬਜ਼ਾਦਿਆਂ ਨੂੰ ਕਈ ਲਾਲਚ ਦਿੱਤੇ ਗਏ। ਇਸਲਾਮ ਕਬੂਲ ਕਰਨ ਦੀ ਪ੍ਰੇਰਨਾ ਦਿੱਤੀ। ਨਾ ਮੰਨਣ 'ਤੇ ਕਾਜ਼ੀ ਨੂੰ ਫਤਵਾ ਦੇਣ ਲਈ ਕਿਹਾ ਪਰ ਉਸ ਨੇ ਮਜ਼ਬੂਰੀ ਦੱਸੀ ਕਿ ਬੱਚਿਆਂ ਨੂੰ ਫਤਵਾ ਨਹੀਂ ਚਾੜ੍ਹਿਆ ਜਾ ਸਕਦਾ। ਸੁੱਚਾ ਨੰਦ ਨੇ ਵਜ਼ੀਰ ਖਾਨ ਨੂੰ ਭੜਕਾਇਆ ਤੇ ਇਨ੍ਹਾਂ ਖ਼ਿਲਾਫ ਫਤਵਾ ਦੇਣ ਲਈ ਕਿਹਾ। ਬੱਚਿਆਂ ਨੂੰ ਡਰਾਵਾ ਵੀ ਦਿੱਤਾ ਗਿਆ ਪਰ ਬੱਚਿਆਂ ਨੇ ਉੱਤਰ ਦਿੱਤਾ, "ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ੇਰ ਬੱਚੇ ਹਾਂ। ਸ਼ੇਰਾਂ ਵਾਂਗ ਕਿਸੇ ਤੋਂ ਡਰਦੇ ਨਹੀਂ। ਸਿੱਖੀ ਜਾਨ ਤੋਂ ਪਿਆਰੀ ਹੈ। ਅਸੀਂ ਇਸਲਾਮ ਕਬੂਲ ਨਹੀਂ ਕਰਾਂਗੇ।"

ਅਗਲੇ ਦਿਨ ਸਾਹਿਬਜ਼ਾਦਿਆਂ ਨੂੰ ਫਿਰ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਡਰਾਉਣ ਤੇ ਧਮਕਾਉਣ ਦਾ ਨਾਟਕ ਦੁਹਰਾਇਆ ਗਿਆ ਪਰ ਸਾਹਿਬਜ਼ਾਦੇ ਦ੍ਰਿੜ੍ਹ

ਰਹੇ। ਕਚਹਿਰੀ ਵਿਚ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਜੀ ਨੇ ਕੜਕ ਕੇ ਕਿਹਾ :

*ਸੂਬੇ! ਪਰਬਤ ਦਾਬਿਆਂ ਨਾਲ ਨਹੀਂ ਹਿਲ ਜਾਂਦੇ।*
*ਬੱਚੇ ਹੋਣ ਜਿਹੜੇ ਸ਼ੇਰ ਬੱਬਰਾਂ ਦੇ, ਕਦੇ ਭੇਡਾਂ ਦੇ ਵਿਚ ਨਹੀਂ ਰਲ ਜਾਂਦੇ।*

ਸਾਹਿਬਜ਼ਾਦੇ ਹਰ ਸਵਾਲ ਦਾ ਜਵਾਬ ਗੱਜ-ਵੱਜ ਕੇ ਦਿੰਦੇ ਰਹੇ। ਕਈ ਵਾਰ ਕੋਸ਼ਿਸ਼ ਕਰਨ ਦੇ ਬਾਵਜੂਦ ਸਿਰ ਨਹੀਂ ਝੁਕਾਇਆ। ਕਾਜ਼ੀ ਕੋਲੋਂ ਫਿਰ ਫਤਵਾ ਲਿਆ ਤਾਂ ਉਸ ਨੇ ਨਵਾਬ ਵਜ਼ੀਰ ਖਾਨ ਤੇ ਸੁੱਚਾ ਨੰਦ ਦੇ ਜ਼ੋਰ ਪਾਉਣ 'ਤੇ ਬੱਚੇ ਕਸੂਰਵਾਰ ਕਹੇ ਜੋ ਬਗ਼ਾਵਤ ਲਈ ਤੁਲੇ ਹੋਏ ਹਨ ਅਤੇ ਨੀਹਾਂ ਵਿਚ ਚਿਣ ਕੇ ਸ਼ਹੀਦ ਕਰਨ ਦਾ ਹੁਕਮ ਦਿੱਤਾ। ਇਸ 'ਤੇ ਨਵਾਬ ਮਲੇਰਕੋਟਲਾ ਨੇ ਹਾਅ ਦਾ ਨਾਅਰਾ ਮਾਰਿਆ ਤੇ ਉੱਠ ਕੇ ਚਲਾ ਗਿਆ।

੧੩ ਪੋਹ ਸੰਮਤ ੧੭੬੧ ਨੂੰ ਦੋਹਾਂ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ। 'ਗੁਰ ਬਿਲਾਸ ਪਾਤਸ਼ਾਹੀ ਦਸਵੀਂ' ਵਿਚ ਭਾਈ ਕੋਇਰ ਸਿੰਘ ਮੁਤਾਬਿਕ ਪਹਿਲਾਂ ਬੜੇ ਤਸੀਹੇ ਦਿੱਤੇ ਗਏ ਪਰ ਉਨ੍ਹਾਂ ਮੁਖੋਂ ਸੀਅ ਨਾ ਉਚਾਰੀ। ਵਾਹਿਗੁਰੂ ਦਾ ਭਾਣਾ ਮੰਨਦੇ ਹੋਏ ਨੀਹਾਂ ਵਿਚ ਸ਼ਹੀਦ ਹੋ ਗਏ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੁਲਾਰੇ ਸ਼ਹੀਦੀ ਪਾ ਗਏ ਪਰ ਦਲੇਰ ਬੱਚਿਆਂ ਨੂੰ ਹਕੂਮਤ ਦੁਆਰਾ ਦਿੱਤੇ ਗਏ ਡਰਾਵੇ ਤੇ ਲਾਲਚ ਧਰਮ ਤੋਂ ਨਾ ਡੇਗ ਸਕੇ। ਮਾਤਾ ਗੁਜਰੀ ਜੀ ਨੇ ਇਹ ਸਾਕਾ ਸੁਣ ਕੇ ਪ੍ਰਾਣ ਤਿਆਗ ਦਿੱਤੇ।

ਅੰਤਿਮ ਸਸਕਾਰ ਲਈ ਥਾਂ ਦੀਵਾਨ ਟੋਡਰ ਮੱਲ ਜੌਹਰੀ ਨੇ ਪ੍ਰਾਪਤ ਕੀਤੀ ਅਤੇ ਤਿੰਨਾਂ ਦਾ ਸਸਕਾਰ ਇਕੱਠਾ ਹੀ ਕਰ ਦਿੱਤਾ ਗਿਆ। ਇੱਥੇ ਅੱਜਕਲ੍ਹ ਗੁਰਦੁਆਰਾ 'ਜੋਤੀ ਸਰੂਪ' ਸੁਸ਼ੋਭਿਤ ਹੈ। ਬਾਬਾ ਜ਼ੋਰਾਵਰ ਸਿੰਘ ਜੀ ਦੀ ਸ਼ਹੀਦੀ ਸਮੇਂ ਉਮਰ ਸੱਤ ਸਾਲ ਸੀ ਅਤੇ ਬਾਬਾ ਫਤਿਹ ਸਿੰਘ ਜੀ ਦੀ ਕੇਵਲ ਪੰਜ ਸਾਲ।

ਇਨ੍ਹਾਂ ਸ਼ਹਾਦਤਾਂ ਦਾ ਪ੍ਰਭਾਵ ਇਹ ਪਿਆ ਕਿ ਚਾਰੇ ਪਾਸੇ ਹਾਹਾਕਾਰ ਮੱਚ ਗਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਾਛੀਵਾੜੇ ਇਹ ਸਾਰਾ ਹਾਲ ਸੁਣ ਕੇ ਤੀਰ ਦੀ ਨੋਕ ਨਾਲ ਕਾਹੀ ਦੇ ਬੂਟੇ ਨੂੰ ਪੁੱਟਦਿਆਂ ਫੁਰਮਾਇਆ ਸੀ, "ਹੁਣ ਮੁਗ਼ਲ ਰਾਜ ਦੀ ਜੜ੍ਹ ਪੁੱਟੀ ਗਈ।"

ਸਾਹਿਬਜ਼ਾਦਿਆਂ ਦੀ ਸ਼ਹੀਦੀ ਸਿੱਖ ਕੌਮ ਦੇ ਵਾਰਸਾਂ ਨੂੰ ਚਿਤਾਵਨੀ ਦਿੰਦੀ ਹੈ ਕਿ ਧਰਮ ਦਾ ਸੌਦਾ ਨਹੀਂ ਕਰਨਾ। ਸਿੱਖੀ ਅਮੋਲਕ ਵਸਤੂ ਹੈ। ਦੁਨੀਆ ਦੇ ਵੱਡੇ ਤੋਂ ਵੱਡੇ ਲੋਭ ਲਾਲਚ ਸਿੱਖੀ ਦੀ ਉੱਚਤਾ ਤੇ ਸਿੱਖੀ ਪਿਆਰ ਦੇ ਸਾਹਮਣੇ ਕੋਈ ਮੁੱਲੀ ਨਹੀਂ ਰੱਖਦੇ।

ਸਾਹਿਬਜ਼ਾਦਿਆਂ ਦੀ ਬਹਾਦਰੀ ਦੇ ਜੌਹਰ ਤੇ ਸ਼ਹੀਦੀਆਂ ਸਿੱਖਾਂ ਤੇ ਵਿਸ਼ੇਸ਼ ਕਰ ਕੇ ਸਿੱਖ ਬੱਚਿਆਂ ਲਈ ਹਮੇਸ਼ਾਂ ਚਾਨਣ ਮੁਨਾਰਿਆਂ ਦਾ ਕੰਮ ਕਰਨਗੀਆਂ ਤੇ ਸਿੱਖ ਨੌਜੁਆਨਾਂ ਨੂੰ ਧਰਮ ਲਈ ਜਾਨਾਂ ਵਾਰਨ ਦੀ ਪ੍ਰੇਰਨਾ ਦਿੰਦੀਆਂ ਰਹਿਣਗੀਆਂ। ■

# ਕਾਜ਼ੀਆਂ ਵੇਖੀ ਗੱਲ ਅਜੀਬ ਦੀ. . .

*-ਡਾ. ਧਰਮ ਸਿੰਘ**

ਪੰਜਾਬ ਦਾ ਇਤਿਹਾਸ ਬੀਰ ਨਾਇਕਾਂ ਦੇ ਕਾਰਨਾਮਿਆਂ ਨਾਲ ਭਰਿਆ ਪਿਆ ਹੈ। ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਊਧਮ ਸਿੰਘ ਵਰਗੇ ਸੂਰਮਿਆਂ ਦਾ ਜੱਸ ਪੰਜਾਬੀਆਂ ਨੇ ਰੱਜ ਕੇ ਗਾਇਆ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਮੱਧ ਕਾਲ ਵਿਚ ਲਿਖੇ ਗਏ ਗੁਰਬਿਲਾਸ ਇਨ੍ਹਾਂ ਦੀ ਬੀਰਤਾ ਦਾ ਹੀ ਬਖਾਨ ਕਰਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਇਸ ਕਰਕੇ ਪੰਜਾਬੀਆਂ ਦੇ ਮਨਾਂ ਵਿਚ ਵੱਸੀ ਹੋਈ ਹੈ ਕਿਉਂਕਿ ਉਨ੍ਹਾਂ ਆਪਣੇ ਧਰਮ ਅਤੇ ਵਿਸ਼ਵਾਸ ਦੀ ਬਹਾਲੀ ਲਈ ਆਪਣੀ ਸ਼ਹੀਦੀ ਦੇਣ ਨੂੰ ਤਰਜੀਹ ਦਿੱਤੀ। ਛੋਟੇ ਸਾਹਿਬਜ਼ਾਦਿਆਂ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਨੇ ਜਿੰਨੀ ਦ੍ਰਿੜ੍ਹਤਾ ਵਿਖਾਈ, ਓਨੀ ਸ਼ਾਇਦ ਹੋਰ ਕਿਸੇ ਦੇ ਹਿੱਸੇ ਨਹੀਂ ਆਈ। ਬਾਬਾ ਬੰਦਾ ਸਿੰਘ ਬਹਾਦਰ ਨੂੰ ਜਿਸ ਚੀਜ਼ ਨੇ ਸਭ ਤੋਂ ਵੱਧ ਟੁੰਬਿਆ ਜਾਂ ਕਹਿ ਲਵੋ ਕਿ ਪ੍ਰੇਰਿਤ ਕੀਤਾ ਉਹ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਹੀ ਸੀ। ਸੂਬਾ ਸਰਹੰਦ ਇਹ ਸਮਝ ਬੈਠਾ ਸੀ ਕਿ ਉਹ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰ ਕੇ ਸਿੱਖਾਂ ਉੱਪਰ ਸਭ ਤੋਂ ਵੱਡੀ ਅਤੇ ਕਰਾਰੀ ਚੋਟ ਮਾਰ ਕੇ ਇਨ੍ਹਾਂ ਨੂੰ ਖੇਰੂੰ-ਖੇਰੂੰ ਕਰ ਦੇਵੇਗਾ।

ਛੋਟੇ ਸਾਹਿਬਜ਼ਾਦਿਆਂ ਦੀ ਨਿਡਰਤਾ, ਅਡੋਲਤਾ ਅਤੇ ਹਰ ਪ੍ਰਕਾਰ ਦੇ ਲੋਭ-ਲਾਲਚ ਨੂੰ ਠੋਕਰ ਮਾਰ ਕੇ ਸ਼ਹੀਦੀ ਪਾਉਣ ਦੇ ਜਜ਼ਬੇ ਦੀ ਉਸਤਤਿ ਵਿਚ ਢੇਰ ਸਾਰਾ ਬੀਰ ਕਾਵਿ ਮਿਲਦਾ ਹੈ। ਵਿਸ਼ਿਸ਼ਟ ਸਾਹਿਤ ਵਿਚ ਕਿੱਸਿਆਂ, ਸਾਕਿਆਂ ਅਤੇ ਪ੍ਰਸੰਗਾਂ ਦੇ ਰੂਪ ਵਿਚ ਤਾਂ ਇਹ ਮਿਲਣਾ ਹੀ ਸੀ, ਹੈਰਾਨੀ ਉਦੋਂ ਹੁੰਦੀ ਹੈ ਜਦ ਗੀਤਾਂ, ਢੋਲਿਆਂ ਅਤੇ ਟੱਪਿਆਂ ਦੇ ਰੂਪ ਵਿਚ ਲੋਕ ਕਾਵਿ ਵੀ ਮਿਲ ਜਾਂਦਾ ਹੈ। ਇਹ ਲੋਕ ਕਾਵਿ ਜਿੱਥੇ ਉਨ੍ਹਾਂ ਦੀ ਸੂਰਬੀਰਤਾ ਅਤੇ ਬਹਾਦਰੀ ਦੀ ਬਾਤ ਪਾਉਂਦਾ ਹੈ, ਉੱਥੇ ਇਹ ਲੋਕ ਮਨ ਵਿਚ ਵੱਸੇ ਸਾਹਿਬਜ਼ਾਦਿਆਂ ਦੇ ਬਿੰਬ ਨੂੰ ਵੀ ਉਜਾਗਰ ਕਰਦਾ ਹੈ। ਇੱਥੇ ਅਸੀਂ ਇਕ ਲੋਕ ਗੀਤ/ ਢੋਲੇ ਦੇ ਹਵਾਲੇ ਨਾਲ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਚਿਤਾਰਨ ਦਾ ਯਤਨ ਕਰਾਂਗੇ।

ਲੋਕ ਕਵੀ ਦੇ ਮਨ ਵਿਚ ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੋਰ ਉਪਕਾਰ ਝਲਕਦੇ ਹਨ, ਉੱਥੇ ਇਕ ਉਪਕਾਰ ਇਹ ਵੀ ਹੈ ਕਿ ਉਨ੍ਹਾਂ ਆਪਣੇ ਛੋਟੇ ਲਾਲ ਨੀਹਾਂ ਵਿਚ ਚਿਣਵਾਏ ਹਨ :

*ਚੱਲੋਂ ਸਈਓਂ ਰਲ ਦਰਸ਼ਨ ਕਰੀਏ,*

**#੧੧੦, ਰੋਜ਼ ਐਵੀਨਿਊ, ਰਾਮਤੀਰਥ ਰੋਡ, ਸ੍ਰੀ ਅੰਮ੍ਰਿਤਸਰ-੧੪੩੧੦੫; ਮੋ. +੯੧੯੮੮੮੯੩੯੮੦੮*

*ਗੁਰੂ ਗੋਬਿੰਦ ਸਿੰਘ ਆਏ ਨੇ।*
*ਬਈ ਆਪਣੇ ਲਾਲ ਜਿਨ੍ਹਾਂ,*
*ਕੰਧਾਂ ਵਿਚ ਚਿਣਵਾਏ ਨੇ।*

ਛੋਟੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਬਾਰੇ ਬਾਰ ਦਾ ਇਕ ਢੋਲਾ ਮਿਲਦਾ ਹੈ ਜਿਸ ਵਿਚ ਸੂਬਾ ਸਰਹੰਦ ਵਜ਼ੀਰ ਖਾਂ ਅਤੇ ਸਾਹਿਬਜ਼ਾਦਿਆਂ ਦਰਮਿਆਨ ਵਾਰਤਾਲਾਪ ਹੈ। ਵਜ਼ੀਰ ਖਾਂ ਜਦ ਹਰ ਤਰ੍ਹਾਂ ਦੇ ਲੋਭ ਲਾਲਚ ਦੇ ਕੇ ਵੀ ਸਾਹਿਬਜ਼ਾਦਿਆਂ ਨੂੰ ਥਿੜਕਾਅ ਨਾ ਸਕਿਆ ਤਾਂ ਬੜਾ ਕ੍ਰੋਧਿਤ ਹੋਇਆ। ਕੇਵਲ ਸੂਬਾ ਹੀ ਨਹੀਂ ਸਗੋਂ ਮੌਲਵੀ ਅਤੇ ਹੋਰ ਅਹਿਲਕਾਰ ਵੀ ਸਾਹਿਬਜ਼ਾਦਿਆਂ ਦੇ ਕਰਾਰੇ ਜਵਾਬ ਸੁਣ ਕੇ ਦੰਗ ਰਹਿ ਗਏ। ਹਾਲਾਂਕਿ ਬਹੁਤੀ ਆਸ ਨਹੀਂ ਸੀ ਕਿ ਸੂਬਾ ਸਰਹੰਦ ਸਾਹਿਬਜ਼ਾਦਿਆਂ ਪ੍ਰਤੀ ਕੋਈ ਨਰਮੀ ਵਰਤਦਾ ਪਰ ਕੋਲ ਖਲੋਤੇ ਸੁੱਚਾ ਨੰਦ ਨੇ ਜਦ ਸੂਬੇ ਦੇ ਕੰਨ ਭਰੇ ਤਾਂ ਉਹ ਹੋਰ ਕਠੋਰ ਹੋ ਗਿਆ। ਇਸ ਵਾਰਤਾਲਾਪ ਵਿਚ ਦਖ਼ਲ ਦਿੰਦਿਆਂ ਮਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਨ ਨੇ ਕਿਹਾ ਕਿ ਮਾਸੂਮਾਂ ਨੂੰ ਮਾਰਨਾ, ਕਿਹੜੇ ਮਜ਼ਹਬ ਵਿਚ ਲਿਖਿਆ ਹੈ? ਜੇਕਰ ਤੁਸੀਂ ਅਜਿਹਾ ਸੋਚ ਰੱਖਿਆ ਹੈ ਤਾਂ ਤੁਸੀਂ ਆਪਣੇ ਆਪ ਨੂੰ ਮੋਮਨ ਕਹਾਉਣ ਦੇ ਹੱਕਦਾਰ ਨਹੀਂ। ਸਾਹਿਬਜ਼ਾਦੇ ਸੂਬਾ ਸਰਹੰਦ ਨੂੰ ਵੰਗਾਰ ਕੇ ਕਹਿੰਦੇ ਹਨ ਕਿ ਉਨ੍ਹਾਂ ਦੀ ਦਾਦੀ ਮਾਂ ਮਾਤਾ ਗੁਜਰੀ ਨੇ ਉਨ੍ਹਾਂ ਨੂੰ ਪੱਕਿਆਂ ਕਰ ਕੇ ਘੱਲਿਆ ਹੈ, ਇਸ ਲਈ ਕੋਈ ਵੀ ਡਰ, ਭੈਅ ਅਤੇ ਲੋਭ-ਲਾਲਚ ਉਨ੍ਹਾਂ ਨੂੰ ਆਪਣੇ ਨਿਸ਼ਾਨੇ ਤੋਂ ਦੂਰ ਨਹੀਂ ਲਿਜਾਅ ਸਕਦਾ। ਇਸੇ ਬਹਿਸਬਾਜ਼ੀ ਵਿਚ ਸੂਬਾ ਸਰਹੰਦ ਅਹਿਲਕਾਰਾਂ ਨੂੰ ਸਾਹਿਬਜ਼ਾਦਿਆਂ ਨੂੰ ਲੈ ਜਾਣ ਅਤੇ ਦੂਜੇ ਦਿਨ ਪੇਸ਼ ਕਰਨ ਦਾ ਹੁਕਮ ਦਿੰਦਾ ਹੈ, ਇਸ ਆਸ ਨਾਲ ਕਿ ਸ਼ਾਇਦ ਬਾਲ ਮਨ ਵਿਚਲਿਤ ਹੋ ਜਾਣ ਜੋ ਕਿ ਉਸ ਦੀ ਭਾਰੀ ਭੁੱਲ ਸੀ:

*ਬੇੜੇ ਸੱਚ ਦੇ ਓਟ ਖ਼ਿਜ਼ਰ ਦੀ,*
*ਕੂੜ ਤਾਂ ਡੁੱਬਣਾ ਡੂੰਘ-ਵਹੀਰ।*
*ਗੱਲਾਂ ਸਾਹਿਬਜ਼ਾਦਿਆਂ ਦੀਆਂ ਸੁਣ ਕੇ,*
*ਵਜੀਰ ਖ਼ਾਂ ਦੇ ਮੱਥੇ 'ਤੇ ਗਏ ਨੇ ਪੈ ਵਟਕੀਰ।*
*ਮੌਲਵੀਆਂ ਸੁਣੇ ਜਵਾਬ ਤਕਰੇੜੇ,*
*ਹੁਨਾਂ ਦੀ ਵੀ ਹਿੱਕ 'ਤੇ ਗਈ ਏ ਫਿਰ ਸ਼ਮਸ਼ੀਰ।*

ਅਗਲੇ ਦਿਨ ਸਾਹਿਬਜ਼ਾਦਿਆਂ ਨੂੰ ਫਿਰ ਕਚਹਿਰੀ ਵਿਚ ਪੇਸ਼ ਕੀਤਾ ਗਿਆ ਹੈ। ਵਜ਼ੀਰ ਖਾਂ ਨੇ ਬੜੇ ਲੋਭ ਲਾਲਚ ਦਿੱਤੇ, ਕਈ ਕਿਸਮ ਦੀਆਂ ਪੇਸ਼ਕਸ਼ਾਂ ਵੀ ਕੀਤੀਆਂ, ਪਰ ਸਾਹਿਬਜ਼ਾਦੇ ਅਡੋਲ ਹੀ ਨਹੀਂ ਰਹੇ, ਸਗੋਂ ਉਨ੍ਹਾਂ ਦੇ ਜਵਾਬਾਂ ਨੂੰ ਗੁਸਤਾਖੀ ਸਮਝ ਲਿਆ ਗਿਆ। ਸੂਬਾ ਸਰਹੰਦ ਹੋਰ ਕ੍ਰੋਧਿਤ ਹੋ ਉੱਠਿਆ ਅਤੇ ਸੁੱਚਾ ਨੰਦ ਨੇ ਬਲਦੀ ਉੱਤੇ ਤੇਲ ਪਾਇਆ।

*ਕਾਜ਼ੀਆਂ ਵੇਖੀ ਗੱਲ ਅਜੀਬ ਦੀ,*

*ਹੁਨਾਂ ਨੂੰ ਵੀ ਲੱਗੇ ਨੇ ਖਿੱਚ ਕੇ ਤੀਰ।*
*ਆਹੰਦੇ ਇਹ ਕਾਫ਼ਰ ਬੜੇ ਗੁਸਤਾਖ਼ ਨੇ,*
*ਹਿਨਾਂ ਦੇ ਟੋਟੇ ਚਾ ਕਰੀਏ ਅੱਧ 'ਚੋਂ ਚੀਰ।*

ਆਖਰ ਉਹੋ ਹੋਇਆ ਜੋ ਹੋਣਾ ਸੀ। ਵਜ਼ੀਰ ਖ਼ਾਂ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਜਿਊਂਦੇ ਹੀ ਕੰਧ ਵਿਚ ਚਿਣੇ ਜਾਣ ਦਾ ਹੁਕਮ ਸੁਣਾਇਆ। ਇਸ ਹੁਕਮ ਨੂੰ ਸੁਣ ਕੇ ਵੀ ਸਾਹਿਬਜ਼ਾਦੇ ਡੋਲੇ ਨਹੀਂ :

*ਸਾਨੂੰ ਸ਼ਹੀਦੀ ਲਈ ਅੰਮਾਂ ਗੁਜਰੀ*,*
*ਪੱਕਿਆਂ ਕਰ ਕੇ ਘੱਲਿਆ ਏ,*
*ਸਾਡਾ ਏ ਜਹਾਨ 'ਤੇ ਭੋਰਾ ਵੀ ਰਿਹਾ ਨਾ ਸੀਰ।*
*ਅਸਾਂ ਮੁਸਲਮਾਨ ਕੋਈ ਨਾਹਨੇ ਹੋਣਾ,*
*ਕਾਹਨੂੰ ਘੜੋ ਨਵੀਂ ਤਦਬੀਰ।*

ਇਹ ਢੋਲਾ ਹੋਰ ਵੀ ਲੰਮਾ ਹੈ। ਐਨ ਮੁਮਕਿਨ ਹੈ ਕਿ ਦੋਵੇਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਹੋਰ ਵੀ ਲੋਕ ਕਾਵਿ ਮਿਲੇ ਜਿਸ ਬਾਰੇ ਅਗਲੇਰੀ ਖੋਜ ਕੀਤੀ ਜਾ ਸਕਦੀ ਹੈ। ਲੋਕ ਸਾਹਿਤ ਲੋਕਾਂ ਦੇ ਜਜ਼ਬਿਆਂ, ਮਾਨਸਿਕਤਾ ਅਤੇ ਸੋਚ ਦਾ ਪ੍ਰਤੀਬਿੰਬ ਹੁੰਦਾ ਹੈ ਅਤੇ ਇਸ ਢੋਲੇ ਵਿੱਚੋਂ ਇਹ ਸਭ ਭਲੀਭਾਂਤ ਵੇਖਿਆ ਜਾ ਸਕਦਾ ਹੈ। ਅਸਾਂ ਇਹ ਢੋਲਾ ਸ. ਮਹਿੰਦਰ ਸਿੰਘ ਰੰਧਾਵਾ ਅਤੇ ਦੇਵਿੰਦਰ ਸਤਿਆਰਥੀ ਦੀ ਪੁਸਤਕ 'ਪੰਜਾਬ ਦੇ ਲੋਕ ਗੀਤ' ਵਿੱਚੋਂ ਲੈ ਕੇ ਪਾਠਕਾਂ ਦੇ ਸਨਮੁਖ ਕੀਤਾ ਹੈ। ਢੋਲੇ ਬਾਰ ਦੇ ਮਸ਼ਹੂਰ ਹਨ ਅਤੇ ਇਸ ਦੀ ਭਾਸ਼ਾ ਵਿਚ ਲਹਿੰਦੀ ਦਾ ਰੰਗ ਝਲਕਦਾ ਹੈ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਜਾਂ ਕੁਰਬਾਨੀ ਦੀਆਂ ਗੱਲਾਂ ਸਾਰੇ ਪੰਜਾਬ ਵਿਚ ਫੈਲ ਰਹੀਆਂ ਸਨ ਅਤੇ ਉਨ੍ਹਾਂ ਪ੍ਰਤੀ ਅਕੀਦਤ ਪ੍ਰਗਟ ਕਰਨ ਵਾਲੇ ਲੋਕਾਂ ਵਿਚ ਬਾਰ ਦੇ ਲੋਕ ਵੀ ਸ਼ਾਮਿਲ ਹਨ। ਇਹ ਢੋਲਾ ਮੂਲ ਰੂਪ ਵਿਚ ਅਗਲੇਰੀ ਖੋਜ ਲਈ ਅੱਗੇ ਦਰਜ ਕੀਤਾ ਜਾਂਦਾ ਹੈ :

ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਗੁਰੂ ਗੋਬਿੰਦ ਸਿੰਘ ਆਏ

*ਚੱਲੋ ਸਈਓ ਚੱਲ ਦਰਸ਼ਨ ਕਰੀਏ, ਗੁਰੂ ਗੋਬਿੰਦ ਸਿੰਘ ਆਏ।*
*ਬਈ ਆਪਣੇ ਲਾਲ ਜਿਨ੍ਹਾਂ, ਕੰਧਾਂ ਵਿਚ ਚਿਣਵਾਏ।*

ਸਾਹਿਬਜ਼ਾਦਿਆਂ ਦੀ ਕੁਰਬਾਨੀ[1]–

*ਬੇੜੇ ਸੱਚ ਦੇ ਓਟ ਖ਼ਿਜ਼ਰ ਦੀ,*
*ਕੂੜ ਤਾਂ ਡੁੱਬਣਾ ਡੂੰਘ-ਵਹੀਰ।*
*ਗੱਲਾਂ ਸਾਹਿਬਜ਼ਾਦਿਆਂ ਦੀਆਂ ਸੁਣ ਕੇ,*

*ਮਾਤਾ ਗੁਜਰੀ ਜੀ, [1]ਬਾਰ ਦਾ ਢੋਲਾ

*ਵਜ਼ੀਦ ਖਾਂ ਦੇ ਮੱਥੇ 'ਤੇ ਗਏ ਨੇ ਪੈ ਵਟਕੀਰ।*
*ਮੌਲਵੀਆਂ ਸੁਣੇ ਜਵਾਬ ਤਕਰੇੜੇ,*
*ਹੁਨਾਂ ਦੀ ਵੀ ਹਿੱਕ 'ਤੇ ਗਈ ਏ ਫਿਰ ਸ਼ਮਸ਼ੀਰ।*
*ਕਾਜ਼ੀਆਂ ਵੇਖੀ ਗੱਲ ਅਜੀਬ ਦੀ,*
*ਹੁਨਾਂ ਨੂੰ ਵੀ ਲੱਗੇ ਨੇ ਖਿੱਚ ਕੇ ਤੀਰ।*
*ਆਹੰਦੇ ਇਹ ਕਾਫ਼ਰ ਬੜੇ ਗੁਸਤਾਖ ਨੇ,*
*ਹਿਨਾਂ ਦੇ ਟੋਟੇ ਚਾ ਕਰੀਏ ਅੱਧ ਜੋਂ ਚੀਰ!*
*ਮਾਸੂਮ ਨੂੰ ਮਾਰਨਾ ਕਿਹੜੇ ਮਜ਼੍ਹਬ 'ਚ ਲਿਖਿਆ ਏ!*
*ਕੋਲੋਂ ਬੋਲਿਆ ਏ ਖ਼ਾਨ ਮਾਲੀਰ।*
*ਜੇ ਇਹਨਾਂ ਨੂੰ ਮਾਰੋ ਤੇ ਤੁਸੀਂ ਕਾਹਦੇ ਮੋਮਨ ਹੋ?*
*ਕਿਉਂ ਜ਼ੁਲਮ ਦੀ ਚਾ ਕਰੋ ਅਖ਼ੀਰ?'*
*ਸਾਹਿਬਜ਼ਾਦੇ ਆਹੰਦੇ, ਅਸਾਂ ਧਰਮ ਨਾ ਛੱਡਣਾ,*
*ਅਸਾਂ ਪੱਥਰ 'ਤੇ ਛੱਡੀ ਏ ਖਿੱਚ ਲਕੀਰ।*
*ਜੋ ਕਰਨਾ ਜੇ ਛੇਤੀ ਕਰੋ, ਏਵੇਂ ਕਿਉਂ ਫੋਕੇ ਪਏ ਦੇਂਦੇ ਧੱਕ-ਧਮਕੀਰ।*
*ਜਿਹੜੀ ਸਾਡੇ ਨਾਲ ਵਰਤਨੀ ਏਂ—*
*ਅਸਾਂ ਤੇ ਉਹਦੀ ਅੱਗੋਂ ਹੀ— ਲਈ ਹੋਈ ਏ ਖਿੱਚ ਤਸਵੀਰ।*
*ਸਾਨੂੰ ਸ਼ਹੀਦੀ ਲਈ ਅੰਮਾਂ ਗੁਜਰੀ+,*
*ਪੱਕਿਆਂ ਕਰ ਕੇ ਘੱਲਿਆ ਏ,*
*ਸਾਡਾ ਏਸ ਜਹਾਨ 'ਤੇ ਭੋਰਾ ਵੀ ਰਿਹਾ ਨਾ ਸ਼ੀਰ!*
*ਅਸਾਂ ਮੁਸਲਮਾਨ ਕੋਈ ਨਾਹਨੇ ਹੋਣਾ,*
*ਕਾਹਨੂੰ ਘੜੋ ਨਵੀਂ ਤਦਬੀਰ।*
*ਹੁਨਾਂ ਦੀਆਂ ਗੱਲਾਂ ਸੁਣ ਵਜ਼ੀਦੇ ਦੀ ਸੁਰਤ ਨੂੰ,*
*ਪੈ ਗਏ ਨੇ ਭੈ-ਭੰਬੀਰ।*
*ਆਂਹਦਾ ਹਿਨਾਂ ਨੂੰ ਇੱਥੋਂ ਲੈ ਜਾਵੋ-*
*ਤੇ ਸਮਝਾਵੋ ਭਲਾ ਜੇ ਹਿਨਾਂ ਦੀ-*
*ਅੜੀ 'ਚ ਜਾਵੇ ਪੈ ਖਲ੍ਹੀਰ।*
*ਭਲਕੇ ਇਨ੍ਹਾਂ ਫੇਰ ਪੇਸ਼ ਕਰੋ ਤਾਂ ਵੇਖੀਏ,*
*ਜੇਕਰ ਬਦਲ ਸਕੇ ਇਨ੍ਹਾਂ ਦੀ ਤਕਦੀਰ।*

(*ਪੰਜਾਬੀ ਲੋਕ ਗੀਤ;* ਮਹਿੰਦਰ ਸਿੰਘ ਰੰਧਾਵਾ-ਦੇਵਿੰਦਰ ਸਤਿਆਰਥੀ, ਸਾਹਿਤ ਅਕਾਦਮੀ, ਨਵੀਂ ਦਿੱਲੀ, ੧੯੯੪) ■

---
+*ਮਾਤਾ ਗੁਜਰੀ*

# ਸਿਦਕ, ਸਾਹਸ ਤੇ ਸਹਿਣਸ਼ੀਲਤਾ ਦੀ ਸਾਕਾਰ ਮੂਰਤ : ਮਾਤਾ ਗੁਜਰੀ ਜੀ

*-ਡਾ. ਕੁਲਦੀਪ ਕੌਰ**

ਸਿੱਖ ਧਰਮ ਤੇ ਸਿੱਖ ਇਤਿਹਾਸ ਵਿਚ ਮਾਤਾ ਗੁਜਰੀ ਜੀ ਦੇ ਤਿਆਗ ਅਤੇ ਸ਼ਹੀਦ ਦੀ ਗਾਥਾ ਬੜੀ ਬੇਮਿਸਾਲ ਹੈ। ਆਪ ਜੀ ਦੀ ਸੰਸਾਰ ਨੂੰ ਮਹਾਨ ਦੇਣ ਆਪਣੇ ਪਤੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਧਰਮ ਦੀ ਰਾਖੀ ਹਿੱਤ ਸ਼ਹੀਦੀ ਦੇਣ ਲਈ ਅਡੋਲਤਾ ਨਾਲ ਦਿੱਲੀ ਵਿਖੇ ਭੇਜਣਾ ਹੈ। ਛੋਟੇ-ਛੋਟੇ ਸਾਹਿਬਜ਼ਾਦਿਆਂ/ਆਪਣੇ ਪੋਤਰਿਆਂ ਵਿਚ ਦ੍ਰਿੜ੍ਹਤਾ ਅਤੇ ਸਿਦਕ ਪੈਦਾ ਕਰ ਕੇ ਉਨ੍ਹਾਂ ਨੂੰ ਈਨ ਨਾ ਮੰਨਣ ਲਈ ਤਿਆਰ ਕਰਨਾ ਅਤੇ ਉਨ੍ਹਾਂ ਦੀ ਸ਼ਹਾਦਤ ਪਿੱਛੋਂ ਖ਼ੁਦ ਸ਼ਹਾਦਤ ਪਾ ਜਾਣੀ ਵੀ ਉਨ੍ਹਾਂ ਦੀ ਸਿੱਖ ਧਰਮ ਪ੍ਰਤੀ ਲਾਸਾਨੀ ਦੇਣ ਹੈ।

ਮਾਤਾ ਗੁਜਰੀ ਜੀ ਸੰਸਾਰ ਦੀ ਉਹ ਪੂਜਨੀਕ ਮਾਤਾ ਹਨ, ਜਿਨ੍ਹਾਂ ਨੇ ਆਪਣੇ ਪਤੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸਾਰੇ ਦੁਨਿਆਵੀ ਸੁਖਾਂ ਦਾ ਤਿਆਗ ਕਰ ਕੇ ਤਨਦੇਹੀ ਨਾਲ ਸੇਵਾ ਕੀਤੀ। ਜਿੱਥੇ ਆਪ ਨੂੰ ਪਹਿਲੀ ਸਿੱਖ ਸ਼ਹੀਦ ਇਸਤਰੀ ਹੋਣ ਦਾ ਮਾਣ ਪ੍ਰਾਪਤ ਹੈ, ਉੱਥੇ ਉਹ ਸ਼ਹੀਦ (ਸ੍ਰੀ ਗੁਰੂ ਤੇਗ ਬਹਾਦਰ ਜੀ) ਦੀ ਪਤਨੀ, ਸ਼ਹੀਦ (ਸ੍ਰੀ ਕ੍ਰਿਪਾਲ ਚੰਦ) ਦੀ ਭੈਣ, ਚਾਰ ਸ਼ਹੀਦ ਪੋਤਰਿਆਂ (ਸਾਹਿਬਜ਼ਾਦਾ ਬਾਬਾ ਅਜੀਤ ਸਿੰਘ, ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ, ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ, ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ) ਦੀ ਦਾਦੀ ਅਤੇ ਪੰਜ ਸ਼ਹੀਦ ਦੋਹਤਿਆਂ(ਬੀਬੀ ਵੀਰੋ ਦੇ ਸਪੁੱਤਰਾਂ- ਭਾਈ ਸੰਗੋ ਸ਼ਾਹ ਅਤੇ ਜੀਤ ਮੱਲ) ਦੀ ਮਾਮੀ ਵੀ ਸਨ।

ਮਾਤਾ ਗੁਜਰੀ ਦਾ ਜਨਮ ਕਰਤਾਰਪੁਰ (ਜਲੰਧਰ) ਵਿਖੇ ਭਾਈ ਲਾਲ ਚੰਦ ਦੇ ਘਰ ਮਾਤਾ ਬਿਸ਼ਨ ਕੌਰ ਦੀ ਕੁੱਖੋਂ ਸੰਨ ੧੬੧੯ ਈ. ਵਿਚ ਹੋਇਆ। ਆਪ ਜੀ ਦਾ ਅਨੰਦ ਕਾਰਜ ਛੋਟੀ ਉਮਰ (ਮਾਰਚ ੧੬੩੨ ਈ.) ਵਿਚ ਹੀ ਸ੍ਰੀ (ਗੁਰੂ) ਤੇਗ ਬਹਾਦਰ ਜੀ ਨਾਲ ਹੋ ਗਿਆ ਸੀ। ਵਿਆਹ ਤੋਂ ਪਿੱਛੋਂ ਆਪ ਆਪਣੇ ਪਤੀ ਨਾਲ ਸ੍ਰੀ ਅੰਮ੍ਰਿਤਸਰ ਆ ਕੇ ਰਹਿਣ ਲੱਗ ਪਏ। ਆਪ ਬਚਪਨ ਤੋਂ ਹੀ ਸੱਚ ਦੇ ਧਾਰਨੀ ਅਤੇ ਇੱਕ ਪਰਮਾਤਮਾ ਵਿਚ ਵਿਸ਼ਵਾਸ ਰੱਖਦੇ ਸਨ।

ਮਾਤਾ ਜੀ ਸੇਵਾ, ਸਿਮਰਨ ਤੇ ਤਿਆਗ ਦੀ ਜਿਊਂਦੀ-ਜਾਗਦੀ ਮਿਸਾਲ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਅੰਤਲੇ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਮਾਤਾ ਗੁਜਰੀ ਅਤੇ ਮਾਤਾ ਨਾਨਕੀ ਜੀ ਸਮੇਤ ਬਾਬਾ ਬਕਾਲੇ ਭੇਜ ਦਿੱਤਾ ਸੀ। ਮਾਤਾ ਗੁਜਰੀ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਲ ਕਾਫੀ ਸਮਾਂ ਬਕਾਲੇ

**ਸੁਪਤਨੀ: ਪ੍ਰੋ. ਨਵਸੰਗੀਤ ਸਿੰਘ, ਨੇੜੇ ਗਿੱਲਾਂ ਵਾਲਾ ਖੂਹ,ਤਲਵੰਡੀ ਸਾਬੋ-੧੫੧੩੦੨ (ਬਠਿੰਡਾ)। ਮੋ. +੯੧੯੪੬੪੩੬੦੦੫੧.*

ਵਿਖੇ ਰਹੇ। ਆਪ ਕਈ-ਕਈ ਘੰਟੇ ਗੁਰਬਾਣੀ ਦਾ ਜਾਪ ਕਰਦੇ ਰਹਿੰਦੇ ਸਨ। ਆਪ ਜੀ ਨੇ ਗੁਰੂ ਜੀ ਦੀ ਬੰਦਗੀ ਸਮੇਂ ਕਿਸੇ ਤਰ੍ਹਾਂ ਦਾ ਵਿਘਨ ਨਹੀਂ ਪੈਣ ਦਿੱਤਾ ਤੇ ਉਨ੍ਹਾਂ ਦੀ ਬਹੁਤ ਸੇਵਾ ਕੀਤੀ।

ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ੧੬੬੧ ਈ. ਵਿਚ ਗੁਰਿਆਈ ਮਿਲੀ ਤਾਂ ਮਾਤਾ ਜੀ ਗੁਰੂ ਸਾਹਿਬ ਨਾਲ ਬਾਬਾ ਬਕਾਲਾ ਤੋਂ ਤੁਰ ਪਏ ਅਤੇ ਜਿੱਥੇ ਵੀ ਗੁਰੂ ਜੀ ਗਏ, ਆਪ ਉਨ੍ਹਾਂ ਦੇ ਨਾਲ ਰਹੇ। ਗੁਰੂ ਜੀ ਪ੍ਰਯਾਗ, ਇਲਾਹਾਬਾਦ, ਬਨਾਰਸ ਹੁੰਦੇ ਹੋਏ ਗੰਗਾ ਦੇ ਕਿਨਾਰੇ ਪਟਨਾ ਸ਼ਹਿਰ ਵਿਖੇ ਪਹੁੰਚੇ। ਇੱਥੇ ਗੁਰੂ ਜੀ ਕੁਝ ਸਮਾਂ ਪਰਵਾਰ ਨਾਲ ਠਹਿਰੇ ਅਤੇ ਫਿਰ ਪ੍ਰਚਾਰ- ਦੌਰਿਆਂ ਲਈ ਆਸਾਮ ਤੇ ਬੰਗਾਲ ਦੀ ਯਾਤਰਾ ਨੂੰ ਚੱਲ ਪਏ ਤੇ ਪਰਵਾਰ ਨੂੰ ਪਟਨਾ ਵਿਖੇ ਹੀ ਛੱਡ ਗਏ। ਗੁਰੂ ਜੀ ਨੂੰ ਪ੍ਰਚਾਰ-ਫੇਰੀ ਦੇ ਦੌਰਾਨ ਹੀ ਬਾਲਕ ਗੋਬਿੰਦ ਰਾਇ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦੇ ਪ੍ਰਕਾਸ਼ ਦੀ ਸੂਚਨਾ ਮਿਲੀ ਸੀ।

ਫੇਰ ਗੁਰੂ ਜੀ ਪੰਜਾਬ ਆ ਗਏ, ਜਿੱਥੇ ਉਨ੍ਹਾਂ ਨੇ ਮਾਖੋਵਾਲ ਨਗਰ ਵਿਖੇ ਜ਼ਮੀਨ ਖ਼ਰੀਦ ਕੇ 'ਚੱਕ ਨਾਨਕੀ' ਨਾਂ ਦਾ ਨਗਰ ਵਸਾਇਆ, ਜੋ ਬਾਅਦ ਵਿਚ ਸ੍ਰੀ ਅਨੰਦਪੁਰ ਸਾਹਿਬ ਦੇ ਨਾਂ ਨਾਲ ਜਾਣਿਆ ਗਿਆ ਹੈ। ਮਾਤਾ ਗੁਜਰੀ ਜੀ ਨੇ ਗੁਰੂ ਜੀ ਦੇ ਪ੍ਰਚਾਰ-ਦੌਰਿਆਂ ਸਮੇਂ ਬਾਲਕ ਗੋਬਿੰਦ ਰਾਇ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦੀ ਪਰਵਰਿਸ਼ ਬੜੀ ਸੂਝ-ਬੂਝ ਨਾਲ ਕੀਤੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕੁਝ ਸਮੇਂ ਪਿੱਛੋਂ ਪਰਵਾਰ ਨੂੰ ਵੀ ਪੰਜਾਬ ਵਿਖੇ ਬੁਲਾ ਲਿਆ।

ਸ੍ਰੀ ਅਨੰਦਪੁਰ ਸਾਹਿਬ ਵਿਖੇ ਕਸ਼ਮੀਰੀ ਪੰਡਿਤਾਂ ਦੀ ਵਿਥਿਆ ਸੁਣ ਕੇ ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਦਿੱਲੀ ਵਿਖੇ (੧੬੭੫ ਈ. ਨੂੰ) ਸ਼ਹੀਦ ਹੋਣ ਦਾ ਸੰਕਲਪ ਕੀਤਾ ਤਾਂ ਮਾਤਾ ਜੀ ਨੇ ਇਸ ਭਾਣੇ ਨੂੰ ਅਡੋਲਤਾ ਨਾਲ ਪ੍ਰਵਾਨ ਕੀਤਾ। ਜਦੋਂ ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ ਜੀ) ਦਿੱਲੀ ਤੋਂ ਗੁਰੂ ਜੀ ਦਾ ਸੀਸ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਏ ਤਾਂ ਆਪ ਨੇ ਕੋਈ ਵਿਰਲਾਪ ਨਹੀਂ ਕੀਤਾ, ਸਗੋਂ ਸੀਸ ਪ੍ਰਵਾਨ ਕਰਦਿਆਂ ਕਿਹਾ, "ਆਪ ਜੀ ਦੀ ਤਾਂ ਨਿਭ ਗਈ ਹੈ,ਕਿਰਪਾ ਕਰਨੀ ਮੇਰੀ ਵੀ ਨਿਭ ਜਾਵੇ।" ਗੁਰੂ-ਪਤੀ ਦੀ ਸ਼ਹਾਦਤ ਪਿੱਛੋਂ ਮਾਤਾ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹਰ ਖੇਤਰ ਵਿਚ ਸੁਯੋਗ ਅਗਵਾਈ ਕੀਤੀ ਅਤੇ ਮਸੰਦਾਂ ਦੇ ਮਨਸੂਬੇ ਕਾਮਯਾਬ ਨਾ ਹੋਣ ਦਿੱਤੇ।

ਦਸੰਬਰ ੧੭੦੪ ਈ. ਵਿਚ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣਾ ਪਿਆ ਤਾਂ ਸਰਸਾ ਨਦੀ ਦੇ ਕਿਨਾਰੇ ਸਾਰਾ ਪਰਵਾਰ ਵਿਛੜ ਗਿਆ। ਮਾਤਾ ਗੁਜਰੀ ਜੀ ਛੋਟੇ ਸਾਹਿਬਜ਼ਾਦਿਆਂ ਸਮੇਤ ਆਪਣੇ ਪੁਰਾਣੇ ਰਸੋਈਏ ਗੰਗੂ ਨਾਲ ਉਹਦੇ ਪਿੰਡ ਸਹੇੜੀ (ਖੇੜੀ), ਨੇੜੇ ਮੋਰਿੰਡਾ, ਰੋਪੜ ਚਲੇ ਗਏ। ਗੰਗੂ ਨੇ ਲਾਲਚ ਵਿਚ ਮਾਤਾ ਜੀ ਦੀਆਂ ਮੋਹਰਾਂ ਚੁਰਾ ਲਈਆਂ ਅਤੇ ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਮੋਰਿੰਡੇ ਦੇ ਹਾਕਮਾਂ ਰਾਹੀਂ ਵਜ਼ੀਰ ਖਾਨ ਸੂਬਾ-ਸਰਹੰਦ ਕੋਲ

ਫੜਵਾ ਦਿੱਤਾ। ਮਾਤਾ ਜੀ ਨੂੰ ਸਾਹਿਬਜ਼ਾਦਿਆਂ ਸਮੇਤ ਸਰਹੰਦ ਦੇ ਠੰਢੇ ਬੁਰਜ ਵਿਚ ਕੈਦ ਕਰ ਦਿੱਤਾ ਗਿਆ, ਜਿੱਥੇ ਉਹ ਸਾਹਿਬਜ਼ਾਦਿਆਂ ਨੂੰ ਸਿੱਖੀ-ਗੌਰਵ, ਸ਼ਹਾਦਤਾਂ ਤੇ ਇਤਿਹਾਸ ਦੀਆਂ ਸਾਖੀਆਂ ਸੁਣਾ ਕੇ ਉਨ੍ਹਾਂ ਨੂੰ ਆਪਣੇ ਪਿਤਾ ਜੀ ਅਤੇ ਦਾਦਾ ਜੀ ਦੇ ਮਾਰਗ 'ਤੇ ਚੱਲਣ ਲਈ ਦ੍ਰਿੜ੍ਹ ਕਰਦੇ ਰਹੇ। ਗੁਰੂ-ਘਰ ਦੇ ਅਨਿੰਨ ਸ਼ਰਧਾਲੂ ਤੇ ਸਿੱਖ ਭਾਈ ਮੋਤੀ ਰਾਮ ਮਹਿਰਾ ਨੇ ਆਪਣੀ ਜਾਨ ਖ਼ਤਰੇ ਵਿਚ ਪਾ ਕੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦੀ ਦੁੱਧ ਨਾਲ ਸੇਵਾ ਕੀਤੀ। ਮਾਤਾ ਜੀ ਨੇ ਉਹਦੀ ਸੇਵਾ ਤੋਂ ਖ਼ੁਸ਼ ਹੋ ਕੇ ਉਹਨੂੰ ਬੇਅੰਤ ਅਸੀਸਾਂ ਨਾਲ ਨਿਵਾਜਿਆ।

ਮਾਤਾ ਜੀ ਦੀਆਂ ਸਿੱਖਿਆਵਾਂ ਅਤੇ ਸਾਖੀਆਂ ਸਦਕਾ ਸਾਹਿਬਜ਼ਾਦਿਆਂ ਨੇ ਵਜ਼ੀਰ ਖਾਂ ਦੀ ਈਨ ਮੰਨਣ ਤੋਂ ਕੋਰਾ ਇਨਕਾਰ ਕਰ ਦਿੱਤਾ ਅਤੇ ਆਪਣੇ ਧਰਮ ਵਿਚ ਪ੍ਰਪੱਕ ਰਹਿ ਕੇ ਲਾਸਾਨੀ ਸ਼ਹਾਦਤ ਦਿੱਤੀ। ਮਾਤਾ ਜੀ ਨੇ ਠੰਢੇ ਬੁਰਜ ਵਿਚ ਰਹਿੰਦਿਆਂ ਪੋਤਰਿਆਂ ਦੀ ਸ਼ਹਾਦਤ ਦੀ ਸੂਚਨਾ ਮਿਲਣ 'ਤੇ ਆਪਣੇ ਸਵਾਸ ਤਿਆਗ ਦਿੱਤੇ। ਗੁਰੂ- ਘਰ ਦੇ ਇੱਕ ਹੋਰ ਸ਼ਰਧਾਲੂ ਸੇਵਕ, ਦੀਵਾਨ ਟੋਡਰ ਮੱਲ ਨੇ ਭਾਈ ਮੋਤੀ ਰਾਮ ਦੀ ਮਦਦ ਨਾਲ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਅੰਤਮ ਸਸਕਾਰ ਲਈ ਚੰਦਨ ਦੀ ਚਿਖਾ ਤਿਆਰ ਕੀਤੀ। ਸਸਕਾਰ ਵਾਲੀ ਥਾਂ 'ਤੇ ਅੱਜਕਲ੍ਹ ਗੁਰਦੁਆਰਾ ਜੋਤੀ ਸਰੂਪ ਸੁਸ਼ੋਭਿਤ ਹੈ। ਜਿਸ ਥਾਂ 'ਤੇ ਸਸਕਾਰ ਕੀਤਾ ਗਿਆ ਸੀ, ਉਹਨੂੰ ਦੀਵਾਨ ਟੋਡਰ ਮੱਲ ਨੇ ਸੋਨੇ ਦੀਆਂ ਮੋਹਰਾਂ ਖੜ੍ਹੇ ਦਾਅ ਰੱਖ ਕੇ ਸੂਬਾ ਸਰਹੰਦ ਤੋਂ ਖਰੀਦਿਆ ਸੀ।

ਸੇਵਾ, ਸਿਮਰਨ, ਸਿਦਕ, ਸਾਹਸ ਤੇ ਸਹਿਣਸ਼ੀਲਤਾ ਦੀ ਲਾਸਾਨੀ ਮਿਸਾਲ ਮਾਤਾ ਗੁਜਰੀ ਜੀ ਦੇ ਨਾਮ 'ਤੇ ਫਤਿਹਗੜ੍ਹ ਸਾਹਿਬ ਵਿਖੇ ਉੱਤਰੀ ਭਾਰਤ ਦਾ ਪਹਿਲਾ ਆਟੋਨੋਮੱਸ ਕਾਲਜ ਸੁਸ਼ੋਭਿਤ ਹੈ, ਜਿਸ ਦਾ ਨਾਮ ਹੈ: ਮਾਤਾ ਗੁਜਰੀ ਕਾਲਜ, ਜੋ ਅੱਜ ਤੋਂ ਠੀਕ ੬੧ ਸਾਲ ਪਹਿਲਾਂ ੧੯੫੭ ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੁਆਰਾ ਸਥਾਪਿਤ ਕੀਤਾ ਗਿਆ ਸੀ। ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਹਰ ਸਾਲ ੧੧ ਤੋਂ ੧੩ ਪੋਹ ਤਕ ਸ਼ਹੀਦੀ ਜੋੜ ਮੇਲ ਮਨਾਇਆ ਜਾਂਦਾ ਹੈ। ਸਿਆਣਪ ਅਤੇ ਦੂਰ- ਦ੍ਰਿਸ਼ਟੀ ਵਾਲੀ ਪਵਿੱਤਰ ਆਤਮਾ ਮਾਤਾ ਗੁਜਰੀ ਜੀ ਬਾਰੇ ਕਿਸੇ ਕਵੀ ਨੇ ਠੀਕ ਹੀ ਲਿਖਿਆ ਹੈ:

*ਮੇਰਾ ਨਾਂ ਗੁਜਰੀ, ਮੇਰੀ ਅੱਲ ਗੁਜਰੀ।*
*ਇਹੋ ਜਿਹੀ ਕਹਾਣੀ ਤਾਂ ਮੇਰੇ ਉੱਤੇ,*
*ਘੜੀ-ਘੜੀ ਗੁਜਰੀ, ਪਲ ਪਲ ਗੁਜਰੀ।*
*ਪਹਿਲਾਂ ਪਤੀ ਦਿੱਤਾ, ਫਿਰ ਮੈਂ ਪੋਤੇ ਦਿੱਤੇ,*
*ਆਹ, ਹੁਣ ਮੌਤ ਮੈਨੂੰ ਕਹਿੰਦੀ ਮੈਨੂੰ ਚੱਲ ਗੁਜਰੀ।*
*ਗੁਜਰੀ ਲੋਕ ਮੈਨੂੰ ਤਾਹੀਓਂ ਆਖਦੇ ਨੇ,*
*ਜਿਹੜੀ ਆਈ ਸਿਰ ਤੇ, ਉਹ ਮੈਂ ਝੱਲ ਗੁਜਰੀ।*

■

# ਸ਼ਹੀਦ ਬਾਬਾ ਗੁਰਬਖਸ਼ ਸਿੰਘ ਜੀ (ਨਿਹੰਗ ਸਿੰਘ)

*-ਬਿਕਰਮਜੀਤ ਸਿੰਘ ਜੀਤ**

ਸਿੱਖ ਇਤਿਹਾਸ ਵਿਚ ਸ਼ਹੀਦ ਬਾਬਾ ਗੁਰਬਖਸ਼ ਸਿੰਘ ਜੀ ਦਾ ਨਾਂ ਵਿਸ਼ੇਸ਼ ਸਥਾਨ ਰੱਖਦਾ ਹੈ। ਉਨ੍ਹਾਂ ਨੇ ਅਹਿਮਦ ਸ਼ਾਹ ਅਬਦਾਲੀ ਦੇ ਸੱਤਵੇਂ ਹਮਲੇ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀ ਰੱਖਿਆ ਕਰਨ ਹਿੱਤ ਆਪਣੀ ਸ਼ਹੀਦੀ ਦਿੱਤੀ।

ਬਾਬਾ ਜੀ ਦੀ ਸ਼ਹਾਦਤ ਲਾਮਿਸਾਲ ਹੈ ਜਿਨ੍ਹਾਂ ਨੇ ਆਪਣੇ ਕੇਵਲ ੩੦ ਸਿੰਘਾਂ ਨਾਲ ਅਬਦਾਲੀ ਦੀ ਤੀਹ ਹਜ਼ਾਰ ਦੀ ਫੌਜ ਨਾਲ ਟਾਕਰਾ ਕੀਤਾ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਪੁਰਾਤਨ ਸਿੰਘਾਂ ਨੇ ਅਜਿਹੇ ਜੰਗਾਂ-ਯੁੱਧਾਂ ਵਿਚ ਆਪਣੇ ਆਪ ਨੂੰ ਕਿਵੇਂ ਤਿਆਰ ਕੀਤਾ ਹੋਵੇਗਾ ਕਿ ਉਹ ਵੈਰੀ ਦਲਾਂ ਉੱਪਰ ਟੁੱਟ ਕੇ ਪੈ ਜਾਂਦੇ ਤੇ ਪਾਵਨ ਗੁਰਧਾਮਾਂ 'ਤੇ ਚੜ੍ਹਾਈ ਕਰਨ ਵਾਲਿਆਂ ਨੂੰ ਮੂੰਹ ਦੀ ਖਾਣੀ ਪੈਂਦੀ। ਇਹ ਗੱਲ ਹੈਰਾਨੀਜਨਕ ਹੈ ਕਿ ਬਹੁਤ ਹੀ ਸੀਮਤ ਸਾਧਨਾਂ ਦੇ ਬਾਵਜੂਦ ਇੱਥੋਂ ਤਕ ਕਿ ਹੱਥੋਂ-ਹੱਥੀ ਲੜਾਈ ਵਿਚ ਇਹ ਸਿੰਘ ਕਿਵੇਂ ਲੜਦੇ ਹੋਣਗੇ! ਹੁਣ ਜੇਕਰ ਬਹੁਤ ਹੀ ਸਾਧਾਰਨ ਸ਼ਬਦਾਂ ਵਿਚ ਇਸ ਪ੍ਰਸ਼ਨ ਦਾ ਉੱਤਰ ਲੱਭੀਏ ਤਾਂ ਇਹ ਸੀ ਪੁਰਾਤਨ ਸਿੰਘਾਂ ਦਾ ਗੁਰੂ ਪ੍ਰਤੀ ਪ੍ਰੇਮ 'ਤੇ ਵਿਸ਼ਵਾਸ ਤੇ ਉਸ ਵਿਸ਼ਵਾਸ ਵਿੱਚੋਂ ਪੈਦਾ ਹੋਇਆ ਧਰਮ ਯੁੱਧ ਦਾ ਚਾਅ ਜਿਸ ਕਰਕੇ ਸਿੱਖ ਪੰਥ ਦੇ ਅਨੇਕਾਂ ਸਿੰਘਾਂ ਨੇ ਸ਼ਹੀਦੀਆਂ ਦਿੱਤੀਆਂ ਤੇ ਗੁਰ-ਮਰਯਾਦਾ ਨੂੰ ਕਾਇਮ ਰੱਖਿਆ। ਬਾਬਾ ਗੁਰਬਖਸ਼ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਅੰਦਰ ਵੀ ਇਹੋ ਚਾਅ, ਜਜ਼ਬਾ ਅਤੇ ਗੁਰੂ ਪ੍ਰਤੀ ਸਮਰਪਣ ਭਾਵਨਾ ਕੰਮ ਕਰਦੀ ਸੀ।

ਬਾਬਾ ਗੁਰਬਖਸ਼ ਸਿੰਘ ਦਾ ਜਨਮ ੧੦ ਅਪ੍ਰੈਲ, ੧੬੮੮ ਈ. ਨੂੰ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਦੇ ਪਿੰਡ ਲੀਲ (ਹੁਣ ਪਾਕਿਸਤਾਨ) ਵਿਖੇ ਭਾਈ ਦਸੌਂਧਾ ਸਿੰਘ ਦੇ ਘਰ ਮਾਤਾ ਲਛਮੀ ਜੀ ਦੀ ਕੁੱਖੋਂ ਹੋਇਆ। ਬਾਬਾ ਜੀ ਦਾ ਪਰਵਾਰ ਸੰਨ ੧੬੯੩ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਆ ਵੱਸਿਆ। ਇੱਥੇ ਬਾਬਾ ਜੀ ਨੇ ਭਾਈ ਮਨੀ ਸਿੰਘ ਜੀ ਦੇ ਜਥੇ ਤੋਂ ਅੰਮ੍ਰਿਤ ਛਕਿਆ। ਅੰਮ੍ਰਿਤ ਛਕ ਕੇ ਆਪ ਜੀ ਤਤਕਾਲੀ ਮਹਾਨ ਸਿੱਖ ਜਰਨੈਲ ਬਾਬਾ ਦੀਪ ਸਿੰਘ ਜੀ ਦੇ ਜਥੇ ਵਿਚ ਸ਼ਾਮਲ ਹੋ ਗਏ। ਬਾਬਾ ਜੀ ਨੇ ਗੁਰਮਤਿ ਦਾ ਅਧਿਐਨ ਵੀ ਕੀਤਾ। ਬਾਬਾ ਜੀ ਬਾਣੀ ਤੇ ਬਾਣੇ ਦੇ ਪੱਕੇ ਧਾਰਨੀ, ਪੱਕੇ ਨਿਤਨੇਮੀ ਅਤੇ ਰਹਿਤ-ਬਹਿਤ ਵਿਚ ਪੂਰਨ ਗੁਰਸਿੱਖ ਸਨ।

ਸੰਨ ੧੭੫੭ ਈ. ਵਿਚ ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਬਾਬਾ ਗੁਰਬਖਸ਼ ਸਿੰਘ ਜੀ ਨੇ ਆਪਣਾ ਨਵਾਂ ਜਥਾ ਸਥਾਪਿਤ ਕੀਤਾ ਅਤੇ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ (ਅਕਾਲ ਬੁੰਗੇ) ਦੀ ਸੇਵਾ ਲਈ ਸ੍ਰੀ ਅੰਮ੍ਰਿਤਸਰ ਵਿਚ ਰਹਿਣ ਲੱਗ ਪਏ। ਬਾਬਾ ਜੀ ਦਾ ਕਾਫੀ ਸਮਾਂ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਅਤੇ ਭਜਨ ਬੰਦਗੀ ਵਿਚ ਬੀਤਦਾ ਸੀ।

**#੨੯੪੬/੭, ਬਜ਼ਾਰ ਲੁਹਾਰਾਂ, ਚੌਂਕ ਲਛਮਣਸਰ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ: +੯੧੯੭੨੭੮-੦੦੩੭੨*

ਦੂਜੇ ਪਾਸੇ ਅਹਿਮਦ ਸ਼ਾਹ ਅਬਦਾਲੀ ਨੇ ੧੭੬੧ ਈ. ਵਿਚ ਪਾਣੀਪਤ ਦੇ ਮੈਦਾਨ ਵਿਚ ਮਰਹੱਟਿਆਂ (ਮਰਾਠਿਆਂ) ਨੂੰ ਹਰਾਇਆ ਜਿਸ ਦਾ ਆਪਣਾ ਇਕ ਵੱਖਰਾ ਇਤਿਹਾਸ ਹੈ। ਪ੍ਰੰਤੂ ਸਿੱਖ ਕਿਸੇ ਵੀ ਤਰ੍ਹਾਂ ਉਸ ਦੇ ਅਧੀਨ ਨਹੀਂ ਸਨ ਆ ਰਹੇ ਉਹ ਸਿੱਖਾਂ ਤੋਂ ਬਹੁਤ ਔਖਾ ਸੀ। ਉਸ ਨੇ ਆਪਣੇ ਲਾਹੌਰ ਦੇ ਸੂਬੇਦਾਰਾਂ ਨੂੰ ਇਹ ਹੁਕਮ ਦਿੱਤਾ ਹੋਇਆ ਸੀ ਕਿ ਉਹ ਸਿੱਖਾਂ ਦੇ ਨਾਮ-ਓ-ਨਿਸ਼ਾਨ ਨੂੰ ਪੂਰੀ ਤਰ੍ਹਾਂ ਮਿਟਾਉਣ।

ਸਿੱਖਾਂ ਨੂੰ ਖਤਮ ਕਰਨ ਲਈ ਕਈ ਮੁਹਿੰਮਾਂ ਵਿਚ ਅਸਫ਼ਲ ਰਹਿਣ ਤੋਂ ਬਾਅਦ ਅਹਿਮਦ ਸ਼ਾਹ ਅਬਦਾਲੀ ਨੇ ਨਵੰਬਰ, ੧੭੬੪ ਈ. ਵਿਚ ਆਪਣੇ ਲਾਮ-ਲਸ਼ਕਰ ਨਾਲ ਹਿੰਦੁਸਤਾਨ ਉੱਤੇ ਹਮਲਾ ਕਰ ਦਿੱਤਾ। ਇਸ ਦੌਰਾਨ ਉਹ ਤੇਜ਼ੀ ਨਾਲ ਸਿੱਖਾਂ ਦੇ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵੱਲ ਵਧਿਆ। ਅਬਦਾਲੀ ਦੀ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲੇ ਦੀ ਨੀਤੀ ਦੀ ਖ਼ਬਰ ਸੁਣ ਕੇ ਬਹਾਦਰ ਯੋਧੇ ਬਾਬਾ ਗੁਰਬਖਸ਼ ਸਿੰਘ ਜੀ ਅਤੇ ਉਨ੍ਹਾਂ ਦੇ ਨਾਲ ਮੌਜੂਦ ਹੋਰ ੩੦ ਸਿੰਘਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਰਾਖੀ ਲਈ ਅਬਦਾਲੀ ਨਾਲ ਲੜਨ ਦੀ ਤਿਆਰੀ ਕਰ ਲਈ।

ਭਾਈ ਰਤਨ ਸਿੰਘ (ਭੰਗੂ) ਨੇ 'ਸ੍ਰੀ ਗੁਰ ਪੰਥ ਪ੍ਰਕਾਸ਼' ਵਿਚ ਬਾਬਾ ਗੁਰਬਖਸ਼ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਅਬਦਾਲੀ ਨਾਲ ਧਰਮ ਯੁੱਧ ਕਰਨ ਦੀਆਂ ਤਿਆਰੀਆਂ ਦਾ ਵਿਸਥਾਰਪੂਰਵਕ ਵਰਣਨ ਕੀਤਾ ਹੈ:

*-ਗੁਰਬਖ਼ਸ਼ ਸਿੰਘ ਨਿਹੰਗ ਕੀ ਸਾਖੀ ਸੁਨੋ ਸੁਜਾਨ।*
*ਪਾਈ ਸ਼ਹੀਦੀ ਉਨ ਭਲੀ ਭਲ ਅੰਮ੍ਰਿਤਸਰ ਅਸਥਾਨ ॥੧॥. . .*
*-ਬਸਤਰ ਸ਼ਸਤਰ ਪਹਿਰ ਸਿੰਘ ਭਏ ਤਬੈ ਸਾਵਧਾਨ।*
*ਗੁਰੂ ਗ੍ਰੰਥ ਬਾਣੀ ਪੜ੍ਹੀ ਗੁਰ ਨਾਨਕ ਪਗ ਧਰ ਧਿਆਨ॥੩੭॥*

ਬਾਬਾ ਗੁਰਬਖ਼ਸ਼ ਸਿੰਘ ਅਤੇ ਉਨ੍ਹਾਂ ਦੇ ੩੦ ਸਾਥੀ ਸਿੰਘਾਂ ਨੇ ਇਲਾਹੀ ਬਾਣੀ ਦਾ ਸਿਮਰਨ ਕਰ ਕੇ ਪੰਜ ਪਉੜੀਆਂ 'ਅਨੰਦ ਸਾਹਿਬ' ਦਾ ਪਾਠ ਕੀਤਾ :

*ਪੰਜ ਪੌੜੀ ਸਿੰਘ ਅਨੰਦ ਪੜ੍ਹਾਯੋ. . .*
*ਬਿਹਾਹਿ ਵਾਂਗ ਕੀਯੋ ਜੱਗ ਉਛਾਹਿ, ਸਿੰਘਨ ਬਹਾਇ ਖੁਲਾਯੋ ਕੜਾਹਿ ॥੩੮॥*

ਪੰਜ ਪਉੜੀਆਂ 'ਅਨੰਦ ਸਾਹਿਬ' ਦਾ ਪਾਠ ਕਰਨ ਉਪਰੰਤ ਬਾਬਾ ਗੁਰਬਖਸ਼ ਸਿੰਘ ਜੀ ਨੇ ਆਪਣੇ ਆਖਰੀ ਸਾਹਾਂ ਤਕ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀ ਰੱਖਿਆ ਕਰਨ ਲਈ ਅਰਦਾਸ ਕੀਤੀ:

*ਹਰਿਮੰਦਰ ਕੇ ਹਜੂਰ ਇਮ ਖੜ ਕਰ ਕਰੀ ਅਰਦਾਸ।*
*ਸਤਿਗੁਰ ਸਿੱਖੀ ਸੰਗ ਨਿਭੈ, ਸੀਸ ਕੇਸਨ ਕੇ ਸਾਥ ॥੪੮॥*

ਇਸ ਤੋਂ ਬਾਅਦ ਬਾਬਾ ਜੀ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਮੋਰਚਾ ਲਾਇਆ। ਬਾਬਾ ਗੁਰਬਖਸ਼ ਸਿੰਘ ਜੀ ਦੀ ਲਾੜੇ ਵਜੋਂ ਜੰਗ ਦੀ ਤਿਆਰੀ ਨੂੰ ਦਰਸਾਉਂਦੇ ਹੋਏ ਭਾਈ ਰਤਨ ਸਿੰਘ (ਭੰਗੂ) ਦਾ ਕਥਨ ਹੈ:

*ਸ੍ਰੀ ਗੁਰਬਖਸ਼ੈ ਸਿੰਘ ਜੁ ਹੋਇ ਬਹਯੋ ਬੁੰਗੈ ਤਯਾਰ।*
*ਜਨ ਲਾੜਾ ਖੁਸ਼ੀਆਂ ਚਿਤੈ ਸੁਨ ਸੁੰਦਰ ਬਹੁ ਮੁਟਿਆਰ ॥੫੩॥*

ਇਸ ਦੌਰਾਨ ਅਹਿਮਦ ਸ਼ਾਹ ਅਬਦਾਲੀ ਦੀ ਫੌਜ ਤੀਹ ਹਜ਼ਾਰ ਦੀ ਗਿਣਤੀ ਵਿਚ ਮਾਰਧਾੜ ਕਰਦੀ ਹੋਈ ਸ੍ਰੀ ਹਰਿਮੰਦਰ ਸਾਹਿਬ ਦੇ ਚੌਗਿਰਦੇ ਵਿਚ ਦਾਖ਼ਲ ਹੋ ਗਈ। ਇਤਿਹਾਸ ਗਵਾਹ ਹੈ ਕਿ ੧ ਦਸੰਬਰ, ੧੭੬੪ ਈ.* ਨੂੰ ਜਦੋਂ ਅਬਦਾਲੀ ਨੇ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਤਾਂ ਬਾਬਾ ਜੀ ਨੇ ਆਪਣੇ ਸਾਥੀਆਂ ਸਮੇਤ ਗੁਰਬਾਣੀ ਦੇ ਮਹਾਵਾਕ *'ਸਿਰੁ ਦੀਜੈ ਕਾਣਿ ਨ ਕੀਜੈ'* 'ਤੇ ਡਟ ਕੇ ਪਹਿਰਾ ਦਿੰਦਿਆਂ ਹੋਇਆਂ ਮੋਰਚਾ ਲਾ ਕੇ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀ ਰਾਖੀ ਕੀਤੀ। ਸਿਰਫ ੩੦ ਸਿੰਘਾਂ ਨੇ ੩੦,੦੦੦ ਗਿਲਜਿਆਂ (ਡਾ. ਗੰਡਾ ਸਿੰਘ ਮੁਤਾਬਕ ਅਠ੍ਹਾਰਾਂ ਹਜ਼ਾਰ ਅਫ਼ਗਾਨ ਅਤੇ ਬਾਰਾਂ ਹਜ਼ਾਰ ਬਲੋਚ) 'ਤੇ ਇੰਨਾ ਭਿਆਨਕ ਹਮਲਾ ਕੀਤਾ ਕਿ ਸੈਂਕੜੇ ਗਿਲਜਿਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਤਿਹਾਸਕਾਰਾਂ ਮੁਤਾਬਿਕ ਇਸ ਭਿਆਨਕ ਲੜਾਈ ਵਿਚ ਗਿਲਜਿਆਂ ਕੋਲ ਲੰਮੀ ਦੂਰੀ ਤਕ ਮਾਰ ਕਰਨ ਵਾਲੇ ਹਥਿਆਰ ਅਤੇ ਤੀਰ ਸਨ, ਉਨ੍ਹਾਂ ਆਪਣੀ ਰੱਖਿਆ ਲਈ ਸੰਜੋਆਂ ਆਦਿ ਵੀ ਪਹਿਨੀਆਂ ਹੋਈਆਂ ਸਨ। ਇਧਰ ਸਿੰਘਾਂ ਕੋਲ ਕੇਵਲ ਰਿਵਾਇਤੀ ਹਥਿਆਰ, ਕਿਰਪਾਨਾਂ ਅਤੇ ਬਰਛੇ ਆਦਿ ਸਨ। ਇਸ ਬਾਬਤ ਪੰਜਾਬੀ ਦੇ ਪ੍ਰਸਿੱਧ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਨੇ ਵੀ ਇਸ ਘਮਾਸਾਨ ਯੁੱਧ ਦਾ ਚਿਤਰਨ ਕੀਤਾ ਹੈ :

*ਸਾਹਵੇਂ ਹੋ ਕੇ ਛਿੜੀ ਲੜਾਈ। ਗਿਲਜ਼ਈਆਂ ਨੇ ਤੋਪ ਚਲਾਈ।*
*ਖੜ ਖੜਾਕ ਅਰ ਧੂੰਆਂਧਾਰ। ਚਹੁੰ ਪਾਸੀਂ ਹੋਇਆ ਅੰਧਿਆਰ।*
*ਤੁਰਕ ਫੌਜ ਉੱਤੇ ਕਈ ਹਜ਼ਾਰ। ਏਧਰ ਗਿਣਤੀ ਦੇ ਸਰਦਾਰ।*
*ਓਧਰ ਤੋਪਾਂ ਅਤੇ ਬੰਦੂਕਾਂ। ਏਧਰ ਕੇਵਲ ਉਂਗਲ ਫੂਕਾਂ।*
*ਐਪਰ ਏਧਰ ਧਰਮ ਪਿਆਰ। ਓਧਰ ਕੇਵਲ ਸੀ ਬਲਕਾਰ।*
*ਕਲਗੀਧਰ ਦੇ ਸੱਚ ਮੁਰੀਦ। ਆਏ ਘਰਾਂ ਤੋਂ ਹੋਣ ਸ਼ਹੀਦ।*
*"ਜੈ ਹੋਵੇ ਯਾ ਜਾਵੇ ਜਾਨ"। ਦੋਵੇਂ ਗੱਲਾਂ ਜੀ ਵਿਚ ਠਾਨ।*
*ਜੈ ਹੋਈ ਤਾਂ ਹੋਸੀ ਮੋਦ। ਮਰਿਆਂ ਮਾਤਾ ਜੀ+ ਦੀ ਗੋਦ।*
*ਇਹ ਸੰਕਲਪ ਸਰੇਸ਼ਟ ਧਾਰ। ਸੂਤ ਲਈ ਸਿੰਘਾਂ ਤਲਵਾਰ।*
*ਨੇਜ਼ੇ ਗੋਲੀ ਖਾਈ ਜਾਂਦੇ। ਵੈਰੀ ਮਾਰ ਮੁਕਾਈ ਜਾਂਦੇ।*
*ਜਿਉਂ ਜਿਉਂ ਸਿੰਘ ਸ਼ਹੀਦੀ ਪਾਵਣ। ਤਿਉਂ ਤਿਉਂ ਬਾਕੀ ਵਧ ਕੇ ਆਵਣ।*
*ਡਰ ਜਾਨਾਂ ਦੇ ਦਿਲੋਂ ਭੁਲਾਏ। ਤਲੀਆਂ ਉੱਪਰ ਸੀਸ ਟਿਕਾਏ।*

ਘਮਾਸਾਨ ਦੇ ਯੁੱਧ ਵਿਚ ਅੱਗੇ ਵੱਧ ਰਹੇ ਸਿੰਘਾਂ ਵਿੱਚੋਂ ਕੁਝ ਸਿੰਘ ਸ਼ਹੀਦ ਹੋ ਗਏ। ਸਿੰਘਾਂ ਦੇ ਜੋਸ਼, ਜਨੂੰਨ ਅਤੇ ਗੁਰੂ-ਘਰ ਦੀ ਆਨ, ਬਾਨ ਤੇ ਸ਼ਾਨ ਨੂੰ ਕਾਇਮ ਰੱਖਣ ਹਿੱਤ ਮਰ ਮਿਟਣ ਦੀ ਭਾਵਨਾ ਵੈਰੀ ਦਲਾਂ ਦੇ ਮਾਰੂ ਹਥਿਆਰਾਂ ਦੇ ਮੂੰਹ ਚਿੜਾ ਰਹੀ ਸੀ। ਬਾਬਾ ਗੁਰਬਖਸ਼ ਸਿੰਘ ਜੀ ਸਾਰੇ ਸਾਥੀ ਸਿੰਘਾਂ ਦਾ ਹੌਂਸਲਾ ਵਧਾਉਂਦੇ ਹੋਏ ਉਨ੍ਹਾਂ ਅੰਦਰ ਧਰਮ ਯੁੱਧ ਦੇ ਚਾਅ ਨੂੰ ਪ੍ਰਜਵਲਿਤ ਕਰ ਰਹੇ ਸਨ।

**ਸ੍ਰੀ ਗੁਰ ਪੰਥ ਪ੍ਰਕਾਸ਼ (ਕ੍ਰਿਤ ਰਤਨ ਸਿੰਘ ਭੰਗੂ) ਵਿਚਲੇ ਫੁੱਟ ਨੋਟ ਅਨੁਸਾਰ ਸੰਮਤ ੧੮੨੨ (੧੭੬੫ ਈ.)*

*+ਮਾਤਾ ਸਾਹਿਬ ਕੌਰ ਜੀ*

ਥੋੜੇ ਜਿਹੇ ਸਿੰਘਾਂ ਨੇ ਅਬਦਾਲੀ ਦੀ ਫੌਜ ਨੂੰ ਮੁਸੀਬਤ ਵਿਚ ਪਾ ਦਿੱਤਾ ਸੀ। ਉਹ ਦੂਰੋਂ ਹੀ ਗੋਲੀਆਂ ਤੇ ਤੀਰਾਂ ਨਾਲ ਹਮਲਾ ਕਰ ਰਹੇ ਸਨ। ਉਨ੍ਹਾਂ ਦੀ ਸਿੰਘਾਂ ਦੇ ਨੇੜੇ ਆਉਣ ਦੀ ਹਿੰਮਤ ਨਹੀਂ ਸੀ ਪੈ ਰਹੀ, ਐਨੀ ਵੱਡੀ ਗਿਣਤੀ ਦੇ ਬਾਵਜੂਦ ਵੀ ਉਹ ਸਿੰਘਾਂ ਨਾਲ ਹੱਥੋਂ-ਹੱਥ ਲੜਾਈ ਕਰਨ ਦੇ ਹੌਂਸਲੇ ਵਿਚ ਨਹੀਂ ਸਨ। 'ਸ੍ਰੀ ਗੁਰ ਪੰਥ ਪ੍ਰਕਾਸ਼' ਅਨੁਸਾਰ :

*ਗੋਲੀ ਛਾਡੈਂ ਦੂਰ ਖੜ ਔ ਧਰੀ ਤੀਰਨ ਕੀ ਮਾਰ।*
*ਸਿੰਘ ਗਏ ਚੀਰ ਸਰੀਰ ਕੋ ਪਰੇ ਨਾ ਜ਼ਖਮ ਸੁਮਾਰ ॥੨੩॥*

ਜਿਉਂ-ਜਿਉਂ ਸ਼ਹੀਦ ਹੋਣ ਵਾਲੇ ਸਿੰਘਾਂ ਦੀ ਗਿਣਤੀ ਵਧ ਰਹੀ ਸੀ ਤਿਉਂ-ਤਿਉਂ ਬਾਕੀ ਸਿੰਘਾਂ ਦਾ ਜੋਸ਼ ਹੋਰ ਵੀ ਵਧਣ ਲੱਗਾ। ਬਾਬਾ ਗੁਰਬਖ਼ਸ਼ ਸਿੰਘ ਜੀ ਹਮਲਾਵਰਾਂ ਦੇ ਦੰਦ ਖੱਟੇ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ ਸਨ। ਲਾਲਾ ਧਨੀ ਰਾਮ ਚਾਤ੍ਰਿਕ ਅਨੁਸਾਰ :

*ਵਾਹ ਸਿੰਘਾ! ਤੇਰੀ ਧੰਨ ਕਮਾਈ*
*ਦੋਹਰਾ॥*
*ਪੰਥ ਰਤਨ ਗੁਰਬਖਸ਼ ਸਿੰਘ ਫੜ ਬਾਂਕੀ ਤਲਵਾਰ।*
*ਤਖਤ ਅਕਾਲ ਪਿਛਾਵੜੇ ਆਏ ਜੁੱਧ ਮਝਾਰ।*
*ਚੌਪਈ ॥*
*ਖੜਗ ਦੁਧਾਰੀ ਚੱਲੇ ਐਸੀ। ਆਕਾਸ਼ਾਂ ਵਿਚ ਬਿਜਲੀ ਜੈਸੀ।*
*ਜਿਸ ਗਰਦਨ ਦੇ ਪਾਸੋਂ ਜਾਵੇ। ਸਿਰ ਉਸ ਦਾ ਲਾਹ ਕੇ ਲੈ ਆਵੇ।*
*ਜਿਉਂ ਵੱਢਣ ਲੱਗੇ ਇਕ ਸਾਹੇ। ਕਈ ਹਜ਼ਾਰਾਂ ਆਹੂ ਲਾਹੇ।*
*ਸਤਿ ਸ੍ਰੀ ਅਕਾਲ ਜੈਕਾਰੇ। ਸਿੰਘ ਗਜਾਵਣ ਵਾਰੋ ਵਾਰੇ।*
*ਭਾਈ ਜੀ ਦਾ ਦੇਖਣ ਵਾਰ। ਦੁਸ਼ਮਨ ਭੀ ਜਾਵਣ ਬਲਿਹਾਰ।*
*ਵਾਹ ਸਿੰਘਾ! ਤੇਰੀ ਧੰਨ ਕਮਾਈ। ਧੰਨ ਜਣੇਂਦੀ ਤੇਰੀ ਮਾਈ।*

ਦੁਸ਼ਮਣਾਂ ਨੇ ਬਹੁਤ ਦੇਰ ਤਕ ਬਾਬਾ ਜੀ ਦੇ ਨੇੜੇ ਆਉਣ ਦੀ ਹਿੰਮਤ ਨਹੀਂ ਕੀਤੀ, ਪਰ ਜਦੋਂ ਬਾਬਾ ਜੀ ਕੋਲ ਕੁਝ ਕੁ ਸਿੰਘ ਹੀ ਰਹਿ ਗਏ ਤਾਂ ਉਨ੍ਹਾਂ ਨੇ ਨਾਲੋਂ-ਨਾਲ ਤੀਰਾਂ ਅਤੇ ਗੋਲੀਆਂ ਨਾਲ ਹਮਲਾ ਕਰਨਾ ਸ਼ੁਰੂ ਕਰ ਦਿੱਤਾ। ਬਾਬਾ ਗੁਰਬਖਸ਼ ਸਿੰਘ ਜੀ ਨੇ ਆਪਣੇ ਸਾਥੀਆਂ ਸਮੇਤ ਅਹਿਮਦ ਸ਼ਾਹ ਅਬਦਾਲੀ ਦੀਆਂ ਫੌਜਾਂ ਨਾਲ ਲੜਦੇ ਹੋਏ ਆਪਣੇ ਗੁਰਧਾਮ ਦੀ ਰੱਖਿਆ ਕਰਦਿਆਂ ਸ਼ਹੀਦੀ ਪ੍ਰਾਪਤ ਕੀਤੀ। ਕਵੀ ਧਨੀ ਰਾਮ ਨੇ ਬਾਬਾ ਜੀ ਦੀ ਸ਼ਹੀਦੀ ਨੂੰ ਇੰਝ ਬਿਆਨ ਕੀਤਾ ਹੈ :

*ਪੱਟਾਂ ਦੇ ਵਿਚ ਛੇਕ ਪਏ ਹਨ। ਲਹੂ ਫੁਹਾਰੇ ਚੱਲ ਰਹੇ ਹਨ।*
*ਛਣਿਆ ਸਰੀਰ ਗੋਲੀਆਂ ਨਾਲ। ਫਿਰ ਮੱਠੀ ਨਹਿੰ ਹੋਵੇ ਚਾਲ।*
*ਜਿਉਂ ਜਿਉਂ ਅੰਤ ਨਜ਼ੀਕੇ ਆਵੇ। ਤਿਉਂ ਤਿਉਂ ਬਹੁਤੇ ਆਹੂ ਲਾਹਵੇ।*
*ਦੋਹਿਰਾ ॥*
*ਲੜਦੇ ਲੜਦੇ ਸਿੰਘ ਜੀ ਹੋਏ ਠੰਢੇ ਸੀਤ।*

*ਅੰਤ ਸਮੇਂ ਤਕ ਨਿਭ ਗਈ, ਧਰਮ ਜੁੱਧ ਦੀ ਪ੍ਰੀਤ।*

ਕਾਜ਼ੀ ਨੂਰ ਮੁਹੰਮਦ, ਜੋ ਉਸ ਸਮੇਂ ਅਬਦਾਲੀ ਦੇ ਨਾਲ ਸੀ ਅਤੇ ਉਸ ਨੇ ਇਹ ਸਾਰਾ ਦ੍ਰਿਸ਼ ਆਪਣੀਂ ਅੱਖੀਂ ਵੇਖਿਆ ਸੀ, ਸਿੰਘਾਂ ਅਤੇ ਗਿਲਜਿਆਂ ਵਿਚਕਾਰ ਹੋਈ ਇਸ ਜੰਗ ਵਿਚ ਸਿੰਘਾਂ ਦੀ ਦਲੇਰੀ ਅਤੇ ਬਹਾਦਰੀ ਬਾਰੇ ਵਿਸ਼ੇਸ਼ ਵਰਣਨ ਕਰਦਾ ਹੈ। ਡਾ. ਗੰਡਾ ਸਿੰਘ ਨੇ 'ਜੰਗਨਾਮਾ' ਕ੍ਰਿਤ ਕਾਜ਼ੀ ਨੂਰ ਮੁਹੰਮਦ ਦਾ ਪੰਜਾਬੀ ਵਿਚ ਉਲਥਾ ਕਰ ਕੇ ਲਿਖਿਆ ਹੈ ਕਿ :-

"ਜਦ ਬਾਦਸ਼ਾਹ ਅਤੇ ਸ਼ਾਹੀ ਲਸ਼ਕਰ (ਗੁਰੂ ਕੇ) ਚੱਕ (ਸ੍ਰੀ ਅੰਮ੍ਰਿਤਸਰ) ਪੁੱਜਾ ਤਾਂ ਕੋਈ ਕਾਫਿਰ (ਸਿੱਖ) ਉੱਥੇ ਨਜ਼ਰ ਨਾ ਆਇਆ ਪਰ ਕੁਝ ਥੋੜੇ ਜਿਹੇ ਬੰਦੇ (ਸਿੰਘ) ਗੜ੍ਹੀ (ਬੁੰਗੇ) ਵਿਚ ਟਿਕੇ ਹੋਏ ਸਨ ਕਿ ਆਪਣਾ ਖ਼ੂਨ ਡੋਲ੍ਹ ਦੇਣ ਅਤੇ ਜਿਨ੍ਹਾਂ ਨੇ ਆਪਣੇ ਆਪ ਨੂੰ ਗੁਰੂ ਤੋਂ ਕੁਰਬਾਨ ਕਰ ਦਿੱਤਾ। ਜਦ ਉਹਨਾਂ ਨੇ ਬਾਦਸ਼ਾਹ ਅਤੇ ਇਸਲਾਮੀ ਲਸ਼ਕਰ ਨੂੰ ਦੇਖਿਆ ਤਾਂ ਉਹ ਸਾਰੇ ਬੁੰਗੇ ਵਿੱਚੋਂ ਨਿਕਲ ਪਏ। ਉਹ ਸਾਰੇ ਗਿਣਤੀ ਵਿਚ ਤੀਹ ਸਨ। ਉਹ ਜ਼ਰਾ ਵੀ ਨਾ ਡਰੇ, ਘਬਰਾਏ ਨਹੀਂ। ਉਨ੍ਹਾਂ ਨੂੰ ਨਾ ਕਤਲ (ਸ਼ਹੀਦ) ਹੋਣ ਦਾ ਡਰ ਸੀ। ਨਾ ਮੌਤ ਦਾ ਭੈਅ। ਉਹ ਗਾਜ਼ੀਆਂ ਨਾਲ ਜੁਟ ਪਏ ('ਤੇ ਟੁੱਟ ਪਏ) ਅਤੇ ਉਲਝਣ ਵਿਚ ਆਪਣਾ ਲਹੂ ਡੋਲ੍ਹ ਗਏ। ਇਸ ਤਰ੍ਹਾਂ ਠੀਕ ਸਾਰੇ ਹੀ ਸਿੰਘ ਕਤਲ (ਸ਼ਹੀਦ) ਹੋ ਗਏ।"

ਬਾਬਾ ਗੁਰਬਖ਼ਸ਼ ਸਿੰਘ ਜੀ ਦਾ ਅੰਤਿਮ ਸਸਕਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਕੀਤਾ ਗਿਆ। ਬਾਬਾ ਗੁਰਬਖਸ਼ ਸਿੰਘ ਦੀ ਸੂਰਬੀਰਤਾ ਅਤੇ ਗੁਰੂ ਪ੍ਰਤੀ ਸਮਰਪਣ ਭਾਵਨਾ ਦੀ ਯਾਦਗਾਰ ਵਜੋਂ 'ਗੁਰਦੁਆਰਾ ਸ਼ਹੀਦ ਬਾਬਾ ਗੁਰਬਖਸ਼ ਸਿੰਘ ਜੀ' (ਨਿਹੰਗ ਸਿੰਘ) ਸੁਸ਼ੋਭਿਤ ਹੈ। ਇੱਥੇ ਸ੍ਰੀ ਅਖੰਡ ਪਾਠ ਸਾਹਿਬ ਨਿਰੰਤਰ ਚੱਲਦੇ ਹਨ।

ਬਾਬਾ ਗੁਰਬਖਸ਼ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਹਰ ਸਾਲ ਦਸੰਬਰ ਦੇ ਮਹੀਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਸ੍ਰੀ ਦਰਬਾਰ ਸਾਹਿਬ) ਵੱਲੋਂ ਬਾਬਾ ਜੀ ਦੇ ਸ਼ਹੀਦੀ ਸਥਾਨ 'ਤੇ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਜਾਂਦਾ ਹੈ।

ਸਹਾਇਕ ਸ੍ਰੋਤ :


੧. *ਸ੍ਰੀ ਗੁਰੂ ਪੰਥ ਪ੍ਰਕਾਸ਼* : ਭਾਈ ਰਤਨ ਸਿੰਘ ਭੰਗੂ ਸ਼ਹੀਦ, ਡਾ. ਜੀਤ ਸਿੰਘ ਸੀਤਲ (ਸੰਪਾ.) ਸਿੱਖ ਇਤਿਹਾਸ ਰੀਸਰਚ ਬੋਰਡ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ, ੧੯੯੪

੨. *ਮਹਾਨ ਕੋਸ਼* : ਭਾਈ ਕਾਨ੍ਹ ਸਿੰਘ ਨਾਭਾ, ਭਾਸ਼ਾ ਵਿਭਾਗ, ਪੰਜਾਬ, ੨੦੧੯

੩. *ਸਿੱਖ ਪੰਥ ਵਿਸ਼ਵ ਕੋਸ਼* : ਡਾ. ਰਤਨ ਸਿੰਘ ਜੱਗੀ, ਗੁਰ ਰਤਨ ਪਬਲਿਸ਼ਰ, ਪਟਿਆਲਾ।

੪. *ਪ੍ਰਮੁੱਖ ਸਿੱਖ ਸ਼ਖ਼ਸੀਅਤਾਂ* : ਡਾ. ਰੂਪ ਸਿੰਘ (ਸੰਪਾ.) ਧਰਮ ਪ੍ਰਚਾਰ ਕਮੇਟੀ, ਅਪ੍ਰੈਲ, ੨੦੦੮

੫. *ਖ਼ੂਨ ਸ਼ਹੀਦਾਂ ਦਾ* : ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ।

੬. *ਸਰਦਾਰ ਜੱਸਾ ਸਿੰਘ ਆਹਲੂਵਾਲੀਆ* : ਗੰਡਾ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੧੧

੭. ਧਰਮਬੀਰ (ਸਿੱਖ ਸ਼ਹੀਦਾਂ ਦੇ ਸਾਕੇ) : ਲਾਲਾ ਧਨੀ ਰਾਮ ਚਾਤ੍ਰਿਕ, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, ਫਰਵਰੀ, ੨੦੧੦

# ਤੀਰਥ ਇਸ਼ਨਾਨ

*-ਡਾ. ਬਲਦੇਵ ਸਿੰਘ**

ਤੀਰਥ ਇਸ਼ਨਾਨ ਦੀ ਪਰੰਪਰਾ ਸਦੀਆਂ ਪੁਰਾਣੀ ਹੈ। ਭਾਰਤ ਅੰਦਰ ਜ਼ਿਆਦਾਤਰ ਲੋਕਾਂ ਅੰਦਰ ਮੁਕਤੀ ਪ੍ਰਾਪਤ ਕਰਨ ਦਾ ਸੰਕਲਪ ਬੜਾ ਹੀ ਪ੍ਰਬਲ ਰਿਹਾ ਹੈ। ਕਿਉਂਕਿ ਜੰਮਣਾ ਵੀ ਦੁੱਖ, ਜਿਉਣਾ ਵੀ ਦੁੱਖਾਂ ਨਾਲ ਭਰਿਆ ਪਿਆ ਹੈ ਤੇ ਮਰਨਾ ਵੀ ਦੁਖਦਾਈ ਗੁਰਬਾਣੀ ਅਨੁਸਾਰ, ਇਹ ਕਿਵੇਂ ਹੈ :

*ਦੁਖ ਵਿਚਿ ਜੰਮਣ ਦੁਖਿ ਮਰਣੁ ਦੁਖਿ ਵਰਤਣੁ ਸੰਸਾਰਿ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੪੦)*

*ਦੁਖ ਵਿਚਿ ਜੰਮੈ ਦੁਖਿ ਮਰੈ ਦੁਖ ਵਿਚਿ ਕਾਰ ਕਮਾਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੩੦)*

ਸੋ ਹਰ ਬੰਦਾ ਮੁਕਤੀ ਹਾਸਲ ਕਰਨਾ ਚਾਹੁੰਦਾ ਹੈ। ਇਸ ਮੁਕਤੀ ਨੂੰ ਪ੍ਰਾਪਤ ਕਰਨ ਲਈ ਵੱਖ-ਵੱਖ ਧਰਮਾਂ ਨੇ ਤੀਰਥ ਇਸ਼ਨਾਨ ਨੂੰ ਹੀ ਮੁੱਖ ਸਾਧਨ ਮੰਨਿਆ ਹੈ। ਸਨਾਤਨ ਧਰਮ ਵਿਚ ਅਠਾਹਠ ਤੀਰਥਾਂ ਦੇ ਇਸ਼ਨਾਨ ਨੂੰ ਹੀ ਮੁਕਤੀ ਦਾ ਮੁੱਖ ਸਾਧਨ ਮੰਨਿਆ ਗਿਆ ਹੈ। ਗੁਰਬਾਣੀ ਅਨੁਸਾਰਾਂ ਅਠਾਹਠ ਤੀਰਥ ਕਿਹੜੇ ਹਨ? ਯਾਨੀ ਅਠਾਹਠ ਤੀਰਥਾਂ ਦੀ ਪਰਿਭਾਸ਼ਾ ਕੀ ਹੈ?

ਸ੍ਰੀ ਗੁਰੂ ਅਰਜਨ ਦੇਵ ਜੀ ਅਨੁਸਾਰ ਇਹ ਇਉਂ ਹੈ :

*ਅਠਸਠਿ ਤੀਰਥ ਜਹ ਸਾਧ ਪਗ ਧਰਹਿ॥*
*ਤਹ ਬੈਕੁੰਠੁ ਜਹ ਨਾਮੁ ਉਚਰਹਿ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੮੯੦)*

ਭਾਵ ਜਿੱਥੇ ਗੁਰੂ ਸਾਹਿਬਾਨ ਅਤੇ ਗੁਰਮੁਖ ਵਿਅਕਤੀ ਦੇ ਚਰਨ (ਪੈਰ) ਪਏ ਹਨ, ਉਹੋ ਅਸਥਾਨ ਅਠਾਹਠ ਤੀਰਥਾਂ ਦੇ ਬਰਾਬਰ ਹਨ। ਮੁਕਤੀ ਕੀ ਹੈ? ਆਮ ਤੌਰ 'ਤੇ ਧਾਰਮਿਕ ਗ੍ਰੰਥਾਂ ਅਤੇ ਵੱਖ-ਵੱਖ ਧਰਮਾਂ ਦੇ ਅਨੁਆਈਆਂ ਨੇ ਮਨੁੱਖੀ ਜੀਵਨ ਦੇ ਅੰਤ 'ਤੇ ਸਵਰਗ ਦੀ ਪ੍ਰਾਪਤੀ ਨੂੰ ਮੁਕਤੀ ਮੰਨਿਆ ਹੈ। ਪਰ ਗੁਰਬਾਣੀ ਕਿਸੇ ਸਵਰਗ ਜਾਂ ਇੰਦਰਪੁਰੀ ਦੀ ਪ੍ਰਾਪਤੀ ਨੂੰ ਮੁਕਤੀ ਨਹੀਂ ਮੰਨਦੀ ਸਗੋਂ ਮੋਹ-ਮਾਇਆ ਦੇ ਬੰਧਨ ਤੋਂ ਮੁਕਤ ਹੋਣਾ ਜਾਂ ਨਿਰਲੇਪ ਰਹਿਣਾ ਹੀ ਮੁਕਤੀ ਹੈ। ਪੰਜਵੇਂ ਪਾਤਸ਼ਾਹ ਜੀ ਅਨੁਸਾਰ ਸੇਵਕ ਰਾਜ ਭਾਗ ਤੇ ਮੁਕਤੀ ਦੀ ਮੰਗ ਨਹੀਂ ਕਰਦਾ ਸਗੋਂ ਪ੍ਰਭੂ ਨਾਮ ਦੀ ਪ੍ਰੀਤ ਮਨ ਵਿਚ ਮੰਗਦਾ ਹੈ :

*ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੩੪)*

*ਡੀ. ਜੀ. ਐਮ. (ਰਿਟਾ), ਸ੍ਰੀ ਅੰਮ੍ਰਿਤਸਰ। ਮੋ. +੯੧੯੪੧੭੮੦੦੦੨੦

ਭਾਈ ਕਾਨ੍ਹ ਸਿੰਘ ਨਾਭਾ ਮੁਕਤੀ ਦਾ ਅਰਥ ਛੁਟਕਾਰਾ, ਰਹਾਈ ਲਿਖਦੇ ਹਨ। ਇਸ ਦਾ ਮੂਲ ਮੁਚੁ ਧਾਤੂ ਹੈ। ਦੂਜਾ ਅਵਿੱਦਿਆ ਦੇ ਬੰਧਨਾਂ ਤੋਂ ਛੁਟਕਾਰਾ, ਕਲੇਸ਼ਾਂ ਤੋਂ ਮੁਕਤੀ ਲੈਣਾ ਹੈ। ਜੈਨ ਮਤ ਅਨੁਸਾਰ ਤਪ ਅਹਿੰਸਾ ਆਦਿ ਕਰਮਾਂ ਦੇ ਕਰਨ ਨਾਲ ਆਵਾਗਉਣ ਤੋਂ ਮੁਕਤੀ ਲੈਣਾ ਹੈ। ਇਸਲਾਮ ਵਿਚ ਬਹਿਸ਼ਤ ਦੀ ਪ੍ਰਾਪਤੀ ਹੀ ਮੁਕਤੀ ਹੈ। ਸੂਫ਼ੀ ਮਤ ਅਨੁਸਾਰ ਪ੍ਰਭੂ ਵਿਚ ਰੂਹ ਦਾ ਮਿਲਾਪ ਹੀ ਮੁਕਤੀ ਹੈ। ਈਸਾਈ ਮਤ ਅਨੁਸਾਰ ਖ਼ੁਦਾ ਦੇ ਪੁੱਤਰ ਹਜ਼ਰਤ ਈਸਾ 'ਤੇ ਪੂਰਾ ਭਰੋਸਾ ਕਰਨਾ, ਪਾਪਾਂ ਤੋਂ ਛੁਟਕਾਰਾ ਅਤੇ ਅਖੈਜੀਵਨ ਪਾਉਣਾ ਹੀ ਮੁਕਤੀ ਹੈ। ਬੁੱਧ ਧਰਮ ਅਨੁਸਾਰ ਅੱਠ ਗੁਣਾਂ ਦੇ ਧਾਰਨੀ ਹੋਣਾ, ਸਰਵ ਇੱਛਾ ਦਾ ਤਿਆਗ ਹੋਣਾਂ ਤੇ ਨਿਰਵਾਣ ਪੰਦ ਦੀ ਪ੍ਰਾਪਤੀ ਹੀ ਮੁਕਤੀ ਹੈ। ਸਿੱਖ ਧਰਮ ਵਿਚ ਗੁਰਮੁਖਾਂ ਦੀ ਸੰਗਤ ਵਿਚ ਨਾਮ ਅਭਿਆਸ ਰਾਹੀਂ ਪ੍ਰਭੂ ਨਾਲ ਲਿਵ ਜੋੜਨਾ,ਹਉਮੈਂ ਦਾ ਤਿਆਗ ਅਤੇ ਪਰਉਪਕਾਰ ਕਰਨਾ ਹਿਰਦੇ ਨੂੰ ਅਗਿਆਨਤਾ ਦੇ ਭਰਮਜਾਲ ਤੋਂ ਦੂਰ ਕਰਨਾ ਤੇ ਸਰੀਰ ਨੂੰ ਪਵਿੱਤਰ ਰੱਖਣਾ ਹੀ ਮੁਕਤੀ ਹੈ। ਜਿਵੇਂ :

*ਕਰਮ ਧਰਮ ਕਰਿ ਮੁਕਤਿ ਮੰਗਾਹੀ ॥*
*ਮੁਕਤਿ ਪਦਾਰਥੁ ਸਬਦਿ ਸਲਾਹੀ ॥*
*ਬਿਨੁ ਗੁਰ ਸਬਦੈ ਮੁਕਤਿ ਨ ਹੋਈ ਪਰਪੰਚੁ ਕਰਿ ਭਰਮਾਈ ਹੇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੨੪)*

ਪਹਿਲੇ ਪਾਤਸ਼ਾਹ ਜੀ ਨੇ 'ਜਪੁ ਜੀ ਸਾਹਿਬ' ਦੀ ਪਹਿਲੀ ਪਉੜੀ ਅੰਦਰ ਮਨੁੱਖ ਨੂੰ ਸਮਝਾਇਆ ਹੈ ਕਿ ਪ੍ਰਭੂ ਤਕ ਪਹੁੰਚਣ ਦੇ ਰਸਤੇ ਵਿਚ ਸਭ ਤੋਂ ਵੱਡੀ ਰੁਕਾਵਟ ਕੀ ਹੈ? ਉਹ ਹੈ ਕੂੜ ਦੀ ਕੰਧ, ਉਹ ਕਿਵੇਂ ਤੋੜੀ ਜਾਵੇ ?

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ,੧)*

ਪ੍ਰਭੂ ਕੀ ਹੈ? ਸੱਚ ਹੈ। ਬਾਧਾ ਕੀ ਹੈ? ਕੂੜ, ਝੂਠ ਅਸੱਤ ਦੀ ਦੀਵਾਰ ਜੋ ਤੋੜਨੀ ਹੈ। ਮਨੁੱਖ ਨੇ ਕੇਵਲ ਕੂੜ ਨੂੰ ਛੱਡਣਾ ਹੈ, ਸੱਚ ਦੀ ਪ੍ਰਾਪਤੀ ਆਪਣੇ ਆਪ ਹੋ ਜਾਵੇਗੀ। ਪਹਿਲੇ ਪਾਤਸ਼ਾਹ ਜੀ ਨੇ ਪਹਿਲੀ ਪਉੜੀ ਵਿਚ ਦੱਸਿਆ ਹੈ ਕਿ ਜੋ ਉਪਰਾਲੇ ਕੂੜ ਦੀ ਕੰਧ ਨੂੰ ਤੋੜਨ ਦੇ ਕੀਤੇ ਗਏ ਸਨ ਉਨ੍ਹਾਂ ਵਿਚ ਇਕ ਤਰੀਕਾ ਜੋ ਭਾਰਤ ਵਿਚ ਅਪਨਾਇਆ ਗਿਆ ਉਹ ਹੈ ਤੀਰਥਾਂ ਦੇ ਇਸ਼ਨਾਨ। ਇਹ ਵਿਸ਼ਵਾਸ ਬਣਿਆ ਹੋਇਆ ਸੀ ਕਿ ਤੀਰਥਾਂ ਦਾ ਇਸ਼ਨਾਨ ਕੀਤਿਆਂ ਕੂੜ ਝੂਠ, ਅਸਤ ਦੀ ਕੰਧ ਟੁੱਟ ਜਾਏਗੀ, ਮਨ ਦੀ ਮੈਲ ਉਤਰ ਜਾਏਗੀ ਤੇ ਸੱਚ ਦੀ ਪ੍ਰਾਪਤੀ ਹੋ ਜਾਵੇਗੀ।ਪਰ ਪਹਿਲੇ ਪਾਤਸ਼ਾਹ ਜੀ, ਇਸ ਨਾਲ ਨਾਲ ਸਹਿਮਤ ਨਹੀਂ ਹਨ। ਆਪ ਜੀ ਦਾ ਫੁਰਮਾਨ ਹੈ :

*ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧)*

ਭਾਵੇਂ ਮਨੁੱਖ ਲੱਖਾਂ ਵਾਰੀ ਤੀਰਥਾਂ ਦਾ ਇਸ਼ਨਾਨ ਕਰ ਲਏ, ਪ੍ਰੰਤੂ ਮਨ ਸੁੱਚਾ

(ਪਵਿੱਤਰ) ਨਹੀਂ ਹੋਵੇਗਾ। ਭਾਵ ਤੀਰਥਾਂ ਦਾ ਇਸ਼ਨਾਨ ਕਰਨ ਸਦਕਾ ਮਨ ਸੁੱਚਾ ਨਹੀਂ ਹੋਣਾ। ਕੂੜ ਦੀ ਮੈਲ ਨਹੀਂ ਉਤਰਨੀ।

ਪਹਿਲੇ ਪਾਤਸ਼ਾਹ ਜੀ ਅਨੁਸਾਰ ਜੇ ਮਨ ਅੰਦਰ ਮੈਲ ਹੈ ਤੇ ਮਨ ਸੁੱਚਾ ਨਹੀਂ ਤਾਂ ਤੀਰਥ ਦਾ ਭਰਮਣ ਤੇ ਤੀਰਥ ਇਸ਼ਨਾਨ ਕਰਨ ਦਾ ਕੋਈ ਲਾਭ ਨਹੀਂ ਜਿਵੇਂ :

*ਅੰਤਰਿ ਮੈਲੁ ਤੀਰਥ ਭਰਮੀਜੈ॥*
*ਮਨੁ ਨਹੀ ਸੂਚਾ ਕਿਆ ਸੋਚ ਕਰੀਜੈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੯੦੫)*

ਜੇ ਮਨ ਅੰਦਰ ਲੋਭ ਤੇ ਝੂਠ ਦੀ ਮੈਲ ਹੈ ਤਾਂ ਬਾਹਰੋਂ ਕਾਹਦੇ ਲਈ ਤੀਰਥ ਇਸ਼ਨਾਨ ਕਰਨਾ ਹੈ? ਜਿਵੇਂ:

*-ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੯੮)*

ਅਥਵਾ :

*-ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੦)*

*-ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥*
*ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥*
*ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥*
*ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ॥(ਸ੍ਰੀ ਗੁਰੂ ਗ੍ਰੰਥ ਸਾਹਿਬ, ੭੮੯)*

ਭਾਵ ਜੇ ਮਨ ਵਿਚ ਖੋਟ ਹੈ, ਧੋਖਾ ਹੈ ਤੇ ਮਨ ਵਿਚ ਚੋਰੀ ਕਰਨ ਦੀ ਬਿਰਤੀ ਵੀ ਬਣੀ ਹੋਈ ਹੈ ਤਾਂ ਇਸ ਤਰ੍ਹਾਂ ਤੀਰਥ ਇਸ਼ਨਾਨ ਕਰਨ ਨਾਲ ਇਕ ਹਿੱਸਾ ਪਾਪ ਉਤਰਨਗੇ ਤੇ ਦੋ ਹਿੱਸੇ ਪਾਪ ਹੋਰ ਚੜ ਜਾਣਗੇ। ਜਿਵੇਂ ਤੁੰਬੜੀ ਬਾਹਰੋਂ ਧੋਣ ਨਾਲ ਉਸ ਦੇ ਅੰਦਰ ਦੀ ਕੁੜੱਤਣ ਉਵੇਂ ਹੀ ਬਰਕਰਾਰ ਰਹਿੰਦੀ ਹੈ ਭਾਵ ਕੁੜੱਤਣ ਘੱਟਦੀ ਨਹੀਂ। ਇਵੇਂ ਬੰਦੇ ਦੇ ਇਸ਼ਨਾਨ ਕਰਨ ਨਾਲ ਪਾਪ ਨਹੀਂ ਧੁਪਦੇ। ਗੁਰਮੁਖ ਜੋ ਤੀਰਥ ਇਸ਼ਨਾਨ ਨਹੀਂ ਕਰਦੇ ਤਾਂ ਵੀ ਉਨ੍ਹਾਂ ਨੇ ਭਲੇ ਪੁਰਸ਼ ਹੀ ਬਣੇ ਰਹਿਣਾ ਹੈ। ਪਰ ਜੇ ਕੋਈ ਚੋਰ ਤੀਰਥ ਇਸ਼ਨਾਨ ਕਰ ਵੀ ਲਏ ਉਨੇ, ਫਿਰ ਵੀ ਚੋਰ ਹੀ ਬਣੇ ਰਹਿਣਾ ਹੈ।

ਤੀਜੇ ਪਾਤਸ਼ਾਹ ਦੇ ਅਨੁਸਾਰ ਜੇ ਜੀਵ ਦਾ ਹਿਰਦਾ ਅੰਦਰੋਂ ਮੈਲਾ ਹੋਏ ਤਾਂ ਭਾਵੇਂ ਉਹ ਸਾਰੇ ਦੇਸ਼ਾਂ ਦੇ ਤੀਰਥਾਂ 'ਤੇ ਇਸ਼ਨਾਨ ਕਰੇ ਫਿਰੇ ਇਸ ਤਰ੍ਹਾਂ ਉਸ ਦਾ ਮਨ ਸੁੱਚਾ ਨਹੀਂ ਹੋਣਾ। ਜਿਵੇਂ :

*ਜਿਸੁ ਜੀਉ ਅੰਤਰੁ ਮੈਲਾ ਹੋਇ॥*
*ਤੀਰਥ ਭਵੈ ਦਿਸੰਤਰ ਲੋਇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੯)*

ਜੇ ਕੋਈ ਬੰਦਾ ਅਨੇਕ ਤੀਰਥਾਂ 'ਤੇ ਜਾ ਕੇ ਇਸ਼ਨਾਨ ਦਾਨ ਦੇ ਯਤਨ ਕਰੇ ਤਾਂ

ਵੀ ਉਸ ਦੇ ਹਿਰਦੇ ਅੰਦਰੋਂ ਕਦੇ ਅਹੰਕਾਰ ਦੀ ਮੈਲ ਨਹੀਂ ਧੁਪਦੀ। ਜਿਵੇਂ :

*ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੯੧)*

ਪੰਜਵੇਂ ਪਾਤਸ਼ਾਹ ਜੀ ਉਪਦੇਸ਼ ਕਰਦੇ ਹਨ ਕਿ ਤੀਰਥਾਂ 'ਤੇ ਇਸ਼ਨਾਨ ਕੀਤਿਆਂ ਨਾ ਮਨ ਸੁੱਚਾ ਹੁੰਦਾ ਹੈ ਤੇ ਨਾ ਹੀ ਮਨ ਦੀ ਕਠੋਰਤਾ ਮਿਟਦੀ ਹੈ। ਮਨ ਅੰਦਰ ਸਗੋਂ ਤੀਰਥ ਇਸਨਾਨ ਕਰਨ ਦੀ ਹਉਮੈਂ ਰੂਪੀ ਮੈਲ ਆ ਜਾਂਦੀ ਹੈ। ਜਿਵੇਂ:

*ਤੀਰਥਿ ਨਾਇ ਕਹਾ ਸੁਚਿ ਸੈਲੁ ॥*
*ਮਨ ਕਉ ਵਿਆਪੈ ਹਉਮੈ ਮੈਲੁ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੪੮)*

ਭਗਤ ਕਬੀਰ ਜੀ ਰਾਗ ਆਸਾ ਅੰਦਰ ਜੀਵਾਂ ਨੂੰ ਉਪਦੇਸ਼ ਕਰਦੇ ਹਨ ਕਿ ਜਿਸ ਜੀਵ ਦੇ ਅੰਦਰ ਹਉਮੈਂ ਆਦਿ ਦੀ ਮੈਲ ਜੰਮੀ ਹੋਈ ਹੈ, ਉਹ ਤੀਰਥਾਂ ਉੱਤੇ ਇਸ਼ਨਾਨ ਕਰ ਕੇ ਸੱਚਖੰਡ ਵਿਚ ਨਹੀਂ ਜਾ ਸਕਦਾ। ਜਿਵੇਂ :

*-ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ ॥*
*ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੪)*

*-ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ॥*
*ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੪)*

ਭਾਵ ਤੀਰਥਾਂ 'ਤੇ ਨਹਾਉਣ ਨਾਲ ਲੋਕ ਤਾਂ ਖੁਸ਼ ਹੋ ਜਾਣਗੇ ਕਿ ਇਹ ਵਿਅਕਤੀ ਬੜਾ ਧਾਰਮਿਕ ਹੈ ਪ੍ਰੰਤੂ ਪ੍ਰਭੂ ਬੇਸਮਝ ਨਹੀਂ ਹੈ ਕਿ ਉਹ ਭੇਖ ਤੇ ਦਿਖਾਵਾ ਦੇਖ ਕੇ ਖੁਸ਼ ਹੋ ਜਾਵੇਗਾ। ਜੇ ਪਾਣੀ ਵਿਚ ਨਹਾਉਣ ਸਦਕਾ ਮੁਕਤੀ ਮਿਲਦੀ ਹੁੰਦੀ ਤਾਂ ਡੱਡੂ ਹਰ ਰੋਜ਼ ਹੀ ਪਾਣੀ ਵਿਚ ਨਹਾਉਂਦਾ ਹੈ, ਉਸ ਨੂੰ ਵੀ ਮੁਕਤੀ ਮਿਲ ਜਾਂਦੀ। ਜਿਵੇਂ ਡੱਡੂ ਨੂੰ ਪਾਣੀ ਵਿਚ ਨਹਾਉਣ ਕਾਰਨ ਮੁਕਤੀ ਨਹੀਂ ਮਿਲੀ ਤਿਵੇਂ ਤੀਰਥਾਂ 'ਤੇ ਨਹਾਉਣ ਸਦਕਾ ਮਨੁੱਖ ਨੂੰ ਵੀ ਮੁਕਤੀ ਨਹੀਂ ਮਿਲਣੀ।

ਪੰਜਵੇਂ ਪਾਤਸ਼ਾਹ ਜੀ ਉਪਦੇਸ਼ ਕਰਦੇ ਹਨ ਕਿ ਕਈਆਂ ਦੇ ਮਨ ਦੀ ਇੱਛਾ ਹੁੰਦੀ ਹੈ ਕਿ ਸਰੀਰ ਦਾ ਚੋਲਾ ਤੀਰਥਾਂ ਉੱਤੇ ਜਾ ਕੇ ਹੀ ਛੱਡਿਆ ਜਾਵੇ। ਪ੍ਰੰਤੂ ਉਨਾਂ ਦੇ ਮਨ ਵਿੱਚੋਂ ਇਸ ਤਰ੍ਹਾਂ ਕੀਤਿਆਂ ਵੀ ਅਹੰਕਾਰ ਨਹੀਂ ਮਿਟਦਾ। ਜੇ ਉਹ ਵਿਅਕਤੀ ਦਿਨ-ਰਾਤ ਭਾਵ ਹਰ ਵੇਲੇ ਹੀ ਤੀਰਥਾਂ ਦਾ ਇਸ਼ਨਾਨ ਕਰਦਾ ਰਹੇ ਤਾਂ ਵੀ ਉਸ ਦੇ ਮਨ ਦੀ ਹਉਮੈਂ ਦੀ ਮੈਲ ਨਹੀਂ ਉਤਰਦੀ ਜੇ ਉਹ ਆਪਣਾ ਨਾਸ਼ਵਾਨ ਸਰੀਰ ਕਈ ਵਾਰ ਪਾਣੀ ਨਾਲ ਧੋਵੇ ਤਾਂ ਵੀ ਉਸ ਦਾ ਸਰੀਰ ਸੁੱਚਾ ਨਹੀਂ ਹੋ ਸਕਦਾ। ਜਿਸ ਤਰ੍ਹਾਂ ਕੱਚੀ ਕੰਧ ਧੋਣ ਨਾਲ ਸੁੱਚੀ ਨਹੀਂ ਹੁੰਦੀ। ਜਿਵੇਂ :

*ਮਨ ਕਾਮਨਾ ਤੀਰਥ ਦੇਹ ਛੁਟੈ ॥ ਗਰਬੁ ਗੁਮਾਨੁ ਨ ਮਨ ਤੇ ਹੁਟੈ ॥*

*ਸੋਚ ਕਰੈ ਦਿਨਸੁ ਅਰੁ ਰਾਤਿ ॥ ਮਨ ਕੀ ਮੈਲੁ ਨ ਤਨ ਤੇ ਜਾਤਿ ॥*
*ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥ ਮਨ ਤੇ ਕਬਹੂ ਨ ਬਿਖਿਆ ਟਰੈ ॥*
*ਜਲਿ ਧੋਵੈ ਬਹੁ ਦੇਹ ਅਨੀਤਿ ॥ ਸੁਧ ਕਹਾ ਹੋਇ ਕਾਚੀ ਭੀਤਿ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੬੫)*

ਭਗਤ ਰਵਿਦਾਸ ਜੀ ਉਪਦੇਸ਼ ਕਰਦੇ ਹਨ ਕਿ ਜਦੋਂ ਕੋਈ ਜੀਵ ਅਠਾਹਠ ਤੀਰਥਾਂ, ਉੱਤੇ ਇਸ਼ਨਾਨ ਕਰੇ, ਜੇ ਉਹ ਬਾਰ੍ਹਾਂ ਸ਼ਿਵਾਂ ਦੇ ਮੰਦਰਾਂ ਵਿਚ ਜਾ ਕੇ ਪੂਜਾ ਵੀ ਕਰੇ, ਜੇ ਉਹ ਲੋਕਾਂ ਦੇ ਭਲੇ ਲਈ ਖੂਹ ਪੁਟਾਏ ਅਤੇ ਇਸ਼ਨਾਨ ਕਰਨ ਲਈ ਦਾਨ ਵਜੋਂ ਦੇ ਦੇਵੇ, ਪਰ ਜੇ ਉਹ ਕਿਸੇ ਦੀ ਨਿੰਦਾ ਕਰਦਾ ਹੈ ਤਾਂ ਸਾਰਾ ਦਾਨ ਪੁੰਨ ਕੀਤਾ ਵਿਅਰਥ ਚਲਾ ਜਾਂਦਾ ਹੈ। ਜਿਵੇਂ :

*ਜੇ ਓਹੁ ਅਠਸਠਿ ਤੀਰਥ ਨ੍ਹਾਵੈ ॥*
*ਜੇ ਓਹੁ ਦੁਆਦਸ ਸਿਲਾ ਪੂਜਾਵੈ ॥*
*ਜੇ ਓਹੁ ਕੂਪ ਤਟਾ ਦੇਵਾਵੈ ॥*
*ਕਰੈ ਨਿੰਦ ਸਭ ਬਿਰਥਾ ਜਾਵੈ॥੧॥. . .*
*ਜੇ ਓਹੁ ਗ੍ਰਹਨ ਕਰੈ ਕੁਲਖੇਤਿ ॥*
*ਅਰਪੈ ਨਾਰਿ ਸੀਗਾਰ ਸਮੇਤਿ ॥*
*ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ ॥*
*ਕਰੈ ਨਿੰਦ ਕਵਨੈ ਨਹੀ ਗੁਨੈ ॥੨॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੮੭੫)*

ਪਹਿਲੇ ਪਾਤਸ਼ਾਹ ਜੀ ਉਪਦੇਸ਼ ਕਰਦੇ ਹਨ ਕਿ ਜਿਹੜੇ ਬੰਦੇ ਅੰਦਰੋਂ ਝੂਠ ਬੋਲਦੇ ਹਨ, ਪ੍ਰੰਤੂ ਦੁਨੀਆ ਅੰਦਰ ਸੱਚੇ ਹੋਣ ਲਈ ਬਾਹਰੋਂ ਦਿਖਾਵਾ ਕਰਦੇ ਹਨ, ਉਹ ਭਾਵੇਂ ਅਠਾਹਠ ਤੀਰਥਾਂ ਦਾ ਇਸ਼ਨਾਨ ਵੀ ਕਰ ਲੈਣ ਤਾਂ ਵੀ ਉਨ੍ਹਾਂ ਦੇ ਮਨ ਦੀ ਮੈਲ ਨਹੀਂ ਉਤਰ ਸਕਦੀ। ਜਿਵੇਂ :

*ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ॥*
*ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੩)*

ਬਗਲੇ ਭਾਵੇਂ ਹੰਸ ਵਰਗੇ ਹੁੰਦੇ ਹਨ, ਇਹੋ ਜਿਹੇ ਭੇਖੀ ਭਾਵੇਂ ਤੀਰਥਾਂ ਵਿਚ ਰਹਿੰਦੇ ਹੋਣ ਉਨ੍ਹਾਂ ਨੂੰ ਗੁਰਮੁਖ ਜਾਂ ਸੰਤ ਨਹੀਂ ਕਿਹਾ ਜਾ ਸਕਦਾ। ਕਿਉਂਕਿ ਜਿਵੇਂ ਬਗਲਾ ਮੱਛੀਆਂ ਫੜ ਕੇ ਖਾਂਦਾ ਹੈ, ਤਿਵੇਂ ਉਹ ਲੋਕਾਂ ਨੂੰ ਠੱਗਦੇ ਹਨ ਅਤੇ ਜੀਆਂ ਨੂੰ ਤੰਗ ਕਰਦੇ ਹਨ। ਜਿਵੇਂ:

*ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ॥*
*ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨ੍ਹਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੯)*

ਪੰਜਵੇਂ ਪਾਤਸ਼ਾਹ ਜੀ ਉਪਦੇਸ਼ ਕਰਦੇ ਹਨ ਕਿ, ਜੋ ਤੀਰਥ ਜਾ ਕੇ ਅਹੰਕਾਰ

ਕਰਦੇ ਹਨ ਅਤੇ ਮਾਇਆ ਦੇ ਮੋਹ ਵਿਚ ਫਸੇ ਰਹਿੰਦੇ ਹਨ, ਉਹ ਪ੍ਰਭੂ ਨੂੰ ਨਹੀਂ ਭਾਉਂਦੇ। ਜਿਵੇਂ :

*ਤੀਰਥਿ ਜਾਉ ਤ ਹਉ ਹਉ ਕਰਤੇ ॥*
*ਪੰਡਿਤ ਪੂਛਉ ਤ ਮਾਇਆ ਰਾਤੇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੩੮੫)*

ਪੰਜਵੇਂ ਪਾਤਸ਼ਾਹ ਜੀ ਦਾ ਉਪਦੇਸ਼ ਹੈ ਕਿ, ਪ੍ਰਭੂ ਆਪ ਹੀ ਅਠਾਹਠ ਤੀਰਥਾਂ ਦਾ ਸਿਰਜਨਹਾਰ ਹੈ ਤੇ ਆਪ ਹੀ ਤੀਰਥਾਂ 'ਤੇ ਇਸ਼ਨਾਨ ਕਰਦਾ ਹੈ। ਜਿਵੇਂ:

*ਆਪੇ ਅਠਸਠਿ ਤੀਰਥ ਕਰਤਾ ਆਪਿ ਕਰੇ ਇਸਨਾਨੁ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੫੪)*

ਪਹਿਲੇ ਪਾਤਸ਼ਾਹ ਦਾ ਉਪਦੇਸ਼ ਹੈ ਕਿ, ਜਿਸ ਮਨੁੱਖ ਦਾ ਸਰੀਰ ਕੇਸਰ ਵਾਂਗ ਨਾਮ ਰੰਗ ਵਿਚ ਰੰਗਿਆ ਹੋਵੇ, ਜੀਭ ਅਮੋਲਕ ਰਤਨਾਂ ਵਰਗਾ ਨਾਮ ਜਪਦੀ ਹੋਵੇ ਤੇ ਉਸ ਦੇ ਸਰੀਰ ਅੰਦਰ ਹਰੇਕ ਸਵਾਸ ਅਗਰਬੱਤੀ ਦੀ ਤਰ੍ਹਾਂ ਨਾਮ ਦੀ ਸੁਗੰਧੀ ਨਾਲ ਭਰਿਆ ਹੋਵੇ ਤਾਂ ਉਸ ਦੇ ਮੱਥੇ ਤੇ ਅਠਾਹਨ ਤੀਰਥਾਂ ਦੇ ਇਸ਼ਨਾਨ ਦਾ ਟਿੱਕਾ ਲੱਗਦਾ ਹੈ, ਭਾਵ ਉਸ ਨੂੰ ਬੈਕੁੰਠ ਦੇ ਰਸਤੇ ਦੀ ਰਾਹਦਾਰੀ ਮਿਲ ਜਾਂਦੀ ਹੈ ਤੇ ਉਸ ਦਾ ਹਿਰਦਾ ਪੂਰੀ ਤਰ੍ਹਾਂ ਖੇੜੇ ਵਿਚ ਰਹਿੰਦਾ ਹੈ। ਜਿਵੇਂ :

*ਕੁੰਗੂ ਕੀ ਕਾਂਇਆ ਰਤਨਾ ਕੀ ਲਲਿਤਾ ਅਗਰਿ ਵਾਸੁ ਤਨਿ ਸਾਸੁ॥*
*ਅਠਸਠਿ ਤੀਰਥ ਕਾ ਮੁਖਿ ਟਿਕਾ ਤਿਤੁ ਘਟਿ ਮਤਿ ਵਿਗਾਸੁ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੭)*

ਭਗਤ ਰਵਿਦਾਸ ਜੀ ਅਨੁਸਾਰ, ਸਾਰੇ ਸੰਸਾਰ ਦੀਆਂ ਚਾਰੇ ਖਾਣੀਆਂ, ਯਾਨੀ ਸਾਰੇ ਜੀਆਂ ਦੀ ਨਿਤ ਦੀ ਕਾਰ ਹੈ ਕਿ, ਉਹ ਪ੍ਰਭੂ ਦਾ ਨਾਮ ਭੁੱਲ ਕੇ ਅਠਾਰ੍ਹਾਂ ਪੁਰਾਣਾਂ ਦੇ ਪਾਪ-ਪੁੰਨ ਦੇ ਭਰਮ ਵਿਚ ਫਸੇ ਰਹਿੰਦੇ ਹਨ ਅਤੇ ਅਠਾਹਠ ਤੀਰਥਾਂ ਦੇ ਇਸ਼ਨਾਨ ਕਰਨ ਵਿਚ ਉਲਝੇ ਰਹਿੰਦੇ ਹਨ। ਜਿਵੇਂ :

*ਦਸ ਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੯੪)*

ਤੀਜੇ ਪਾਤਸ਼ਾਹ ਜੀ ਅਨੁਸਾਰ ਸਾਰਾ ਸੰਸਾਰ ਹਉਮੈਂ ਦੀ ਮੈਲ ਕਾਰਨ ਆਵਾਗਵਣ ਦਾ ਦੁੱਖ ਸਹਾਰ ਰਿਹਾ ਹੈ। ਮਾਇਆ ਨਾਲ ਮੋਹ ਕਰਨ ਕਰਕੇ (ਪ੍ਰਭੂ ਨੂੰ ਭੁੱਲ ਕੇ) ਇਹ ਹਉਮੈਂ ਦੀ ਮੈਲ ਉਸ ਦੇ ਮਨ ਨੂੰ ਲੱਗੀ ਹੋਈ ਹੈ। ਮਨ ਦੀ ਹਉਮੈਂ ਦੀ ਮੈਲ ਧੋਤਿਆਂ ਵੀ ਨਹੀਂ ਉਤਰਦੀ ਭਾਵੇਂ ਉਹ ਸੌ ਵਾਰ ਤੀਰਥਾਂ ਦੇ ਇਸ਼ਨਾਨ ਕਰ ਲਏ। ਜਿਵੇਂ :

*ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ॥*
*ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੯)*

ਚਲਦਾ...

# ਰਾਸ਼ਟ੍ਰੀਯ? ਸਿੱਖ? ਸੰਗਤ? - ਤੱਥ ਕਿ ਮਿੱਥ

*-ਐਡਵੋਕੇਟ ਗੁਰਚਰਨਜੀਤ ਸਿੰਘ ਲਾਂਬਾ**

ਬਹੁ-ਚਰਚਿਤ ਅਤੇ ਵਿਵਾਦਿਤ ਸੰਸਥਾ 'ਰਾਸ਼ਟ੍ਰੀਯ ਸਵਯਮ ਸੇਵਕ ਸੰਘ' ਦੀ ਇਕ ਇਕਾਈ 'ਰਾਸ਼ਟ੍ਰੀਯ ਸਿੱਖ ਸੰਗਤ' ਹੈ। ਇਸ ਵੱਲੋਂ ਪੰਜਾਬ ਵਿਚ ਅਤੇ ਖ਼ਾਸ ਕਰਕੇ ਸਿੱਖਾਂ ਨੂੰ ਮੁਖ਼ਾਤਬ ਕਰਕੇ ਅਰੰਭੇ ਪ੍ਰਚਾਰ ਨੇ ਸਿੱਖਾਂ ਦੇ ਮਨਾਂ ਵਿਚ ਹਲਚਲ ਪੈਦਾ ਕੀਤੀ ਅਤੇ ਪ੍ਰਮਾਣ ਸਰੂਪ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਸ ਨੂੰ ਪੰਥ-ਵਿਰੋਧੀ ਸੰਸਥਾ ਹੋਣ ਦੇ ਹੁਕਮਨਾਮੇ ਜਾਰੀ ਕੀਤੇ ਗਏ ਹਨ। ਭਾਵੇਂ ਇਸ ਨੂੰ ਅੱਖੋਂ ਪਰੋਖੇ ਕੀਤਾ ਹੋਇਆ ਹੈ ਅਤੇ ਭੁਲਾ ਦੇਣ ਦੀ ਕੋਸ਼ਿਸ਼ ਲਗਾਤਾਰ ਜਾਰੀ ਹੈ ਪਰ ਇਹ ਹੁਕਮਨਾਮੇ ਹੁਣ ਤਕ ਨਾਂ ਤਾਂ ਵਾਪਸ ਹੀ ਲਏ ਗਏ ਹਨ ਅਤੇ ਨਾਂ ਹੀ ਇਨ੍ਹਾਂ 'ਤੇ ਰੋਕ ਹੀ ਲਗਾਈ ਗਈ ਹੈ।

ਆਰ. ਐਸ. ਐਸ. ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਮ 'ਤੇ ਇਕ ਚਿੱਠੀ ਵੀ ਪ੍ਰੈੱਸ ਦੇ ਨਾਮ 'ਤੇ ਜਾਰੀ ਕੀਤੀ ਗਈ ਸੀ ਕਿ ਉਨ੍ਹਾਂ ਵਿਰੁੱਧ ਜਾਰੀ ਹੁਕਮਨਾਮੇ ਵਾਪਸ ਲੈ ਲਏ ਗਏ ਹਨ। 'ਸੰਤ ਸਿਪਾਹੀ' ਵੱਲੋਂ ਇਸ ਨੂੰ ਉਜਾਗਰ ਕੀਤਾ ਗਿਆ ਅਤੇ ਛੇਤੀ ਹੀ ਇਹ ਝੂਠ ਉਜਾਗਰ ਹੋ ਗਿਆ। ਉਸ ਸਮੇਂ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਜੀ ਨੇ 'ਸੰਤ ਸਿਪਾਹੀ' ਦੇ ਨਾਮ 'ਤੇ ਇਕ ਪ੍ਰਸੰਸਾ ਪੱਤਰ ਵੀ ਜਾਰੀ ਕੀਤਾ। ਪਿੱਛੇ ਜਿਹੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੌਜੂਦਾ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਨੇ ਵੀ ਇਸ ਦਾ ਹਵਾਲਾ ਦਿੱਤਾ ਹੈ।

ਇਸ ਸੰਸਥਾ ਦੇ ਕਾਰ-ਵਿਹਾਰ ਬਾਰੇ ਵਿਚਾਰ ਜ਼ਰੂਰੀ ਹੈ। ਪਹਿਲਾ ਵਿਚਾਰ ਤਾਂ ਇਸ ਸੰਸਥਾ ਦੇ ਨਾਮ 'ਰਾਸ਼ਟ੍ਰੀਯ ਸਿੱਖ ਸੰਗਤ' ਬਾਰੇ ਹੀ ਹੈ। ਇਸ ਨਾਮ ਵਿਚ ਤਿੰਨ ਲਫ਼ਜ਼ ਹਨ, ਰਾਸ਼ਟ੍ਰੀਯ, ਸਿੱਖ ਅਤੇ ਸੰਗਤ। ਇਸ ਸੰਸਥਾ ਦੇ ਸਿਰਲੇਖ ਦਾ ਮੁੱਖ ਲਫ਼ਜ਼ ਹੈ ਰਾਸ਼ਟ੍ਰੀਯ। ਇਹ ਲਫ਼ਜ਼ ਵੀ ਭੁਲੇਖੇ ਨੂੰ ਦੂਰ ਕਰਨ ਦੀ ਬਜਾਇ ਕਈ ਪ੍ਰਸ਼ਨ ਚਿੰਨ੍ਹ ਖੜ੍ਹੇ ਕਰਦਾ ਹੈ। ਰਾਸ਼ਟਰ ਜਾਂ (Nation) ਸ਼ਬਦ ਕਿਸੇ ਮੁਲਕ ਜਾਂ ਉਸ ਵਿਚ ਰਹਿਣ ਵਾਲੇ ਸਾਰੇ ਨਿਵਾਸੀਆਂ ਲਈ ਵਰਤਿਆ ਜਾਂਦਾ ਹੈ। ਜਿਵੇਂ ਜਰਮਨ, ਅਮਰੀਕਨ, ਫਰਾਂਸੀਸੀ, ਕੈਨੇਡੀਅਨ, ਤੁਰਕੀ, ਇਰਾਨੀ, ਹਿੰਦੁਸਤਾਨੀ ਆਦਿ। *ਹਿੰਦੀ ਹੈ ਹਮ ਵਤਨ ਹੈ ਹਿੰਦੁਸਤਾਂ ਹਮਾਰਾ* ਆਮ ਪੜ੍ਹਿਆ ਜਾਂਦਾ ਸੀ। ਇਸ ਦਾ ਕਿਸੇ ਧਰਮ ਵਿਸ਼ੇਸ਼ ਨਾਲ ਕੋਈ ਤਅੱਲਕ ਨਹੀਂ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਵੀ ਜਦੋਂ *ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥* ਫੁਰਮਾਇਆ ਤਾਂ ਇਸ ਵਿਚ ਕਿਸੇ ਫਿਰਕੇ ਵਿਸ਼ੇਸ਼ ਦੀ ਨਹੀਂ ਬਲਕਿ ਸਾਰੇ ਦੇਸ਼-ਵਾਸੀਆਂ ਦੀ ਪੀੜਾ ਦੀ ਫ਼ਰਿਆਦ ਸੀ। ਇਕ ਰਾਸ਼ਟਰ ਜਾਂ Nation ਵਿਚ ਵੱਖ-ਵੱਖ ਧਰਮਾਂ ਨੂੰ ਮੰਨਣ ਵਾਲੀਆਂ 'ਕੌਮਾਂ' ਰਹਿ ਸਕਦੀਆਂ ਹਨ। ਜਿਵੇਂ ਨਿਰ-ਵਿਵਾਦਿਤ ਰੂਪ ਵਿਚ ਸਿੱਖ ਇਕ ਮੁਕੰਮਲ ਕੌਮ ਹੈ। ਪਰ ਜਦੋਂ ਕੁਝ 'ਅਤਿ ਉਤਸ਼ਾਹੀ ਰਾਸ਼ਟਰਵਾਦ' "Utra Nationalism" ਨਾਲ ਪ੍ਰੇਰਿਤ ਕਿਸੇ ਇਕ ਧਾਰਮਿਕ ਫ਼ਿਰਕੇ ਜਾਂ ਧਰਮ ਨੂੰ ਹੀ

**santsipahi@gmail.com, Ph. +19736990950*

ਰਾਸ਼ਟਰ ਜਾਂ Nation ਦਾ ਬਦਲ ਜਾਂ ਪਰਯਾਇਵਾਚੀ ਸ਼ਬਦ ਬਣਾ ਲਿਆ ਜਾਏ ਤਾਂ ਇਹ ਨਾ ਕੇਵਲ ਕਈ ਨਵੇਂ ਭੁਲੇਖਿਆਂ ਨੂੰ ਹੀ ਜਨਮ ਦਿੰਦਾ ਹੈ ਬਲਕਿ ਇਤਿਹਾਸ ਦੇ ਕਈ ਕਾਲੇ ਅਧਿਆਇ ਇਸ ਨਾਲ ਜੋੜ ਦਿੰਦਾ ਹੈ। ਇਹ ਸਹੀ ਹੈ ਕਿ ਭਾਰਤ, ਹਿੰਦੁਸਤਾਨ ਜਾਂ ਇੰਡਿਆ ਇਕ ਰਾਸ਼ਟਰ ਹੈ ਅਤੇ ਇਸ ਵਿਚ ਕਈ ਕੌਮਾਂ, ਧਰਮ ਅਤੇ ਫਿਰਕੇ ਨਿਵਾਸ ਕਰਦੇ ਹਨ। ਇਸ ਵਿਚ ਕਿਸੇ ਨੂੰ ਕੋਈ ਇਤਰਾਜ਼ ਨਹੀਂ ਸੀ। ਪਰ ਹੁਣ ਆਰ. ਐਸ. ਐਸ. ਵੱਲੋਂ ਇਸ ਨੂੰ ਹਿੰਦੁਸਤਾਨ ਦੀ ਬਜਾਇ 'ਹਿੰਦੂਸਥਾਨ' ਕਹਿ ਕੇ ਇਸ ਨੂੰ 'ਹਿੰਦੂ ਰਾਸ਼ਟਰ' ਕਹਿਣਾ ਜਾਂ ਬਣਾਉਣ ਵੱਲ ਤੁਰਨਾ ਰਾਸ਼ਟਰ ਵਾਦ ਨਹੀਂ ਹੈ ਅਤੇ ਯਕੀਨਨ ਸਾਰੇ ਦੇਸ਼ ਅਤੇ ਦੇਸ਼-ਵਾਸੀਆਂ ਵਿਚ ਭੁਲੇਖੇ ਅਤੇ ਖ਼ਦਸ਼ੇ ਪੈਦਾ ਕਰਨ ਦਾ ਕਾਰਨ ਬਣਦਾ ਹੈ।

ਇਸ ਤਰ੍ਹਾਂ ਜੇਕਰ ਸਿੱਖ ਖ਼ੁਦ ਹੀ ਇਕ ਕੌਮ ਹੈ ਤਾਂ ਫਿਰ ਇਸ ਨੂੰ ਰਾਸ਼ਟਰੀ ਸਿੱਖ ਜਾਂ ਕੌਮੀ ਸਿੱਖ ਕਹਿਣਾ ਅਰਥ-ਹੀਣ ਹੈ। ਕੀ ਜੋ ਇਸ ਰਾਸ਼ਟ੍ਰੀਯ ਸਿੱਖ ਸੰਗਤ ਦਾ ਹਿੱਸਾ ਨਹੀਂ ਬਣਿਆ ਉਹ ਰਾਸ਼ਟਰ ਵਿਰੋਧੀ ਹੈ ਜਾਂ ਗੈਰ-ਰਾਸ਼ਟਰੀ? ਜੇਕਰ ਇਸ ਦਾ ਅਰਥ ਰਾਸ਼ਟਰ ਦੀ ਸੰਗਤ ਹੈ ਤਾਂ ਇਹ ਵੀ ਸਹੀ ਨਹੀਂ ਹੈ, ਕਿਉਂਕਿ ਸਿੱਖ ਤਾਂ *ਗੁਰ ਸੰਗਤ ਕੀਨੀ ਖਾਲਸਾ॥* ਦੇ ਮੁਤਾਬਿਕ *ਵਾਹਿਗੁਰੂ ਜੀ ਕਾ ਖ਼ਾਲਸਾ* ਹੋ ਗਿਆ। ਸਿੱਖ ਤਾਂ ਹਰ ਦੇਸ਼ ਵਿਚ ਨਿਵਾਸ ਕਰਦੇ ਹਨ। ਇਨ੍ਹਾਂ ਨੂੰ ਕਿਸੇ ਇਕ ਰਾਸ਼ਟਰ ਨਾਲ ਨਹੀਂ ਬੰਨਿਆ ਜਾ ਸਕਦਾ। ਸਿੱਖ ਰਾਸ਼ਟਰੀ ਨਹੀਂ, ਇਹ ਤਾਂ ਅੰਤਰ-ਰਾਸ਼ਟਰੀ ਹੈ। ਗੁਰੂ ਵੀ ਖਾਲਸੇ ਦਾ ਰੂਪ ਹੋ ਕੇ ਸਿੱਖ ਦਾ ਹਮਸਫ਼ਰ ਹੋ ਤੁਰਿਆ। ਇਸ ਤਰ੍ਹਾਂ ਸਿੱਖ ਤਾਂ ਕਿਸੇ ਖ਼ਾਸ ਧੜੇ, ਫ਼ਿਰਕੇ, ਸਾਧ, ਸੰਤ, ਪਾਰਟੀ, ਡੇਰੇ ਜਾਂ ਰਾਸ਼ਟਰ ਦਾ ਨਹੀਂ। ਇਹ ਵਾਹਿਗੁਰੂ ਜੀ ਕਾ ਖਾਲਸਾ ਹੈ।

ਹੁਣ ਜੇਕਰ ਆਰ. ਐਸ. ਐਸ. ਮੁਤਾਬਕ ਭਾਰਤ ਇਕ ਰਾਸ਼ਟਰ ਨਾ ਹੋ ਕੇ ਹਿੰਦੂ ਰਾਸ਼ਟਰ ਹੈ ਤਾਂ ਫ਼ਿਰ ਸਤਿ ਸ੍ਰੀ ਅਕਾਲ ਪੁਰਖ ਜੀ ਕੇ ਨਿਆਰੇ ਖਾਲਸਾ ਜੀ ਨੂੰ ਕੀ ਹਿੰਦੂ ਅਖਵਾਉਣਾ ਗੁਰੂ ਤੋਂ ਬੇਮੁਖ ਹੋਣਾ ਨਹੀਂ ਹੈ? ਤੇ ਕੀ ਰਾਸ਼ਟ੍ਰੀਯ ਸਿੱਖ ਸੰਗਤ ਦਾ ਮਤਲਬ ਹਿੰਦੂ ਰਾਸ਼ਟ੍ਰੀਯ ਸਿੱਖ ਸੰਗਤ ਹੈ?

ਇਸ ਦੇ ਬਾਅਦ ਦੋ ਲਫ਼ਜ਼ ਹਨ ਸਿੱਖ ਅਤੇ ਸੰਗਤ। ਇਨ੍ਹਾਂ ਲਈ ਕੇਵਲ ਗੁਰਬਾਣੀ ਤੇ ਗੁਰਮਤਿ ਵੱਲੋਂ ਦਿੱਤੀ ਪਰਿਭਾਸ਼ਾ ਹੀ ਪ੍ਰਵਾਨਿਤ ਹੋ ਸਕਦੀ ਹੈ ਅਤੇ ਹੋਵੇਗੀ। ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਮੁਤਾਬਿਕ ਸਿੱਖ ਦੀ ਪਰਿਭਾਸ਼ਾ ਹੈ, *"ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ) ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸ਼ਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।"* ਇਸੇ ਪਰਿਭਾਸ਼ਾ ਨੂੰ ਹੋਰ ਸਪੱਸ਼ਟ ਕਰਦਿਆਂ ਸਿੱਖ ਰਹਿਤ ਮਰਯਾਦਾ ਦੇ ਅੰਕ ੨ 'ਗੁਰਮਤਿ ਦੀ ਰਹਿਣੀ' ਸਿਰਲੇਖ ਹੇਠ ਅੰਕਿਤ ਹੈ, *"(ੳ) ਇਕ ਅਕਾਲ ਪੁਰਖ ਤੋਂ ਛੁਟ ਕਿਸੇ ਦੇਵੀ-ਦੇਵਤੇ ਦੀ ਉਪਾਸ਼ਨਾ ਨਹੀਂ ਕਰਨੀ। (ਅ) ਆਪਣੀ ਮੁਕਤੀ ਦਾ ਦਾਤਾ ਤੇ ਇਸ਼ਟ ਕੇਵਲ ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ। . . . (ਹ) ਖ਼ਾਲਸਾ ਸਾਰੇ ਮਤਾਂ ਤੋਂ ਨਿਆਰਾ ਰਹੇ, ਪਰ ਕਿਸੇ ਅਨਧਰਮੀ ਦਾ ਦਿਲ ਨਾ ਦੁਖਾਵੇ।"* ਇਸੇ ਤਰ੍ਹਾਂ ਮੌਜੂਦਾ ਗੁਰਦੁਆਰਾ ਐਕਟ ਵਿਚ ਵੋਟਰ

ਨੂੰ ਐਲਾਨ ਕਰਨਾ ਪੈਂਦਾ ਹੈ ਕਿ *'ਮੈਂ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ।'* ਇਸ ਦੇ ਨਾਲ ਹੀ ਭਾਰਤ ਦੀ ਪਾਰਲੀਮੈਂਟ ਵੱਲੋਂ ਪ੍ਰਵਾਨ ਕੀਤੇ ਦਿੱਲੀ ਗੁਰਦੁਆਰਾ ਐਕਟ ਦੀ ਪਰਿਭਾਸ਼ਾ ਵਿਚ ਲਿਖਿਆ ਹੈ ਕਿ ਸਿੱਖ ਉਹ ਹੈ *"ਜੋ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਮੰਨਦਾ ਹੈ ਅਤੇ ਜਿਸਦਾ ਹੋਰ ਕੋਈ ਧਰਮ ਨਹੀਂ ਹੈ।"* ਇਸ ਤਰ੍ਹਾਂ ਜੇ ਕੋਈ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਤੱਖ ਗੁਰੂ ਨਹੀਂ ਮੰਨਦਾ ਉਹ ਹੋਰ ਜੋ ਮਰਜ਼ੀ ਹੋਵੇ ਸਿੱਖ ਨਹੀਂ ਅਖਵਾ ਸਕਦਾ।

ਇਸ ਲਈ ਮੌਜੂਦਾ ਐਕਟ, ਦਿੱਲੀ ਗੁਰਦੁਆਰਾ ਐਕਟ ਅਤੇ ਸਿੱਖ ਰਹਿਤ ਮਰਯਾਦਾ ਵਿਚ ਦਿੱਤੀ ਸਿੱਖ ਦੀ ਪਰਿਭਾਸ਼ਾ ਮੁਤਾਬਿਕ ਵੀ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਤੇ ਕਿਸੇ ਹੋਰ ਧਰਮ ਨੂੰ ਨਾ ਮੰਨਣ ਵਾਲੇ ਨੂੰ ਹੀ ਸਿੱਖ ਤਸਲੀਮ ਕੀਤਾ ਗਿਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਅਨਿੰਨ ਸੇਵਕ ਭਾਈ ਮੰਞ ਨੂੰ ਜਦੋਂ ਉਹ ਹਾਲੇ ਸਖੀ ਸਰਵਰੀਆ ਹੀ ਸੀ ਅਤੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਕੋਲੋਂ ਸਿੱਖੀ ਦੀ ਦਾਤ ਦੀ ਮੰਗ ਕੀਤੀ ਤਾਂ ਸਾਹਿਬਾਂ ਨੇ ਬਚਨ ਕੀਤੇ ਸੀ, 'ਸਿੱਖੀ 'ਤੇ ਸਿੱਖੀ ਨਹੀਂ ਟਿਕਦੀ।' ਸਿੱਖ ਕੇਵਲ ਇੱਕ ਦਾ ਹੀ ਹੋ ਸਕਦਾ ਹੈ, ਦੋ ਜਾਂ ਵੱਧ ਦਾ ਨਹੀਂ। ਨਵੀਂ ਇਮਾਰਤ ਬਣਾਉਣੀ ਹੋਵੇ ਤਾਂ ਜ਼ਮੀਨ ਪੱਧਰੀ ਕਰਨੀ ਪੈਂਦੀ ਹੈ। ਇਸੇ ਲਈ ਤਾਂ ਸਿੱਖ ਦੀ ਨਿਤਾਪ੍ਰਤਿ ਦੀ ਅਰਦਾਸ ਹੈ, *"ਸਗਲ ਦੁਆਰ ਕਉ ਛਾਡਿਕੈ ਗਹਿਓ ਤੁਹਾਰੋ ਦੁਆਰ॥"....* ਅਤੇ *"ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ ॥"...* ਇਸ ਪਿਛੋਕੜ ਵਿਚ ਰਾਸ਼ਟ੍ਰੀਯ ਸਿੱਖ ਸੰਗਤ ਨੂੰ ਸਿੱਖ ਦੀ ਇਸ ਧਾਰਮਿਕ ਤੇ ਕਨੂੰਨੀ ਪਰਿਭਾਸ਼ਾ ਦਾ ਹੀ ਸਤਿਕਾਰ ਕਰਦਿਆਂ ਸਿੱਖ ਦੇ ਨਿਆਰੇਪਨ, ਇਸ ਦੀ ਅਜ਼ਾਦ ਹਸਤੀ ਨੂੰ ਪ੍ਰਵਾਨ ਕਰਨਾ ਹੋਵੇਗਾ ਅਤੇ ਐਲਾਨਣਾ ਪਵੇਗਾ ਕਿ ਉਹ ਸਿੱਖ ਹੈ ਤੇ ਕੇਵਲ ਸਿੱਖ ਹੀ ਹੈ।

ਇਸੇ ਤਰ੍ਹਾਂ ਸੰਗਤ ਦੀ ਵਿਆਖਿਆ ਗੁਰੂ ਸਾਹਿਬ ਨੇ ਖ਼ੁਦ ਹੀ ਕਰ ਦਿੱਤੀ ਹੈ, *ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੭੨)*। ਹਰ ਭੀੜ ਜਾਂ ਹਜੂਮ ਦਾ ਨਾਮ ਸੰਗਤ ਨਹੀਂ ਹੈ। ਕਲਗੀਧਰ ਪਿਤਾ ਦੇ ਅਨਿੰਨ ਸੇਵਕ ਭਾਈ ਨੰਦ ਲਾਲ ਜੀ ਫ਼ੁਰਮਾਉਂਦੇ ਹਨ ਕਿ ਉਹ ਭੀੜ ਜਾਂ ਹਜੂਮ ਮੁਬਾਰਕ ਹੈ ਜੋ ਰੱਬੀ ਯਾਦ ਲਈ ਜੁੜੀ ਹੋਵੇ ਅਤੇ ਜਿਸਦੀ ਬੁਨਿਆਦ ਹੱਕ-ਸੱਚ ਉੱਤੇ ਹੋਵੇ। ਇਸਦੇ ਵਿਪਰੀਤ ਜਿਹੜਾ ਹਜੂਮ ਸ਼ੈਤਾਨੀਅਤ ਦੀਆਂ ਘਾੜਤਾਂ ਘੜੇ ਜਾਂ ਜਿਸ ਦੇ ਕੀਤਿਆਂ ਆਖ਼ਰਤ ਵਿਚ ਪਛਤਾਵਾ ਹੋਵੇ ਉਹ ਹਜੂਮ ਬਦ ਹੈ :

*ਆਂ ਹਜੂਮ ਖ਼ੁਸ਼ ਕਿ ਬਹਿਰਿ ਯਾਦਿ ਊ-ਸਤ*
*ਆਂ ਹਜੂਮਿ ਖ਼ੁਸ਼ ਕਿ ਹੱਕ ਬੁਨਿਆਦਿ ਊ-ਸਤ॥੨੩॥*
*ਆਂ ਹਜੂਮਿ ਬਦ ਕਿ ਸ਼ੈਤਾਨੀ ਬਵਦ*
*ਆਕਬਤ ਅਜ਼ ਵੈ ਪਸ਼ੇਮਾਨੀ ਬਵਦ॥੨੪॥* *(ਭਾਈ ਨੰਦ ਲਾਲ ਜੀ)*

ਸੋ ਗੁਰਮਤਿ ਅਨੁਸਾਰ ਰੱਬ ਦੀ ਉਸਤਤਿ ਵਿਚ ਜੁੜੇ ਹਜੂਮ ਨੂੰ ਹੀ ਸੰਗਤ ਪਦ ਪ੍ਰਾਪਤ ਹੈ। ਵਜ਼ੀਰਾਂ, ਰਾਜਨੀਤਕ ਵਿਅਕਤੀਆਂ ਜਾਂ ਰਾਸ਼ਟ੍ਰੀਯ ਸਿੱਖ ਸੰਗਤ ਵਰਗੀਆਂ ਸੰਸਥਾਵਾਂ ਵੱਲੋਂ ਆਪਣੇ ਮਕਸਦ ਤੇ ਸਿਆਸੀ ਐਲਾਨ-ਨਾਮਿਆਂ ਲਈ ਜੁੜੀ ਭੀੜ ਨੂੰ ਸੰਗਤ ਜਾਂ ਸੰਗਤ ਦਰਸ਼ਨ ਵਰਗੀ ਨਿਰੋਲ ਸਿੱਖ ਸ਼ਬਦਾਵਲੀ ਨੂੰ ਸੰਗਤ ਦਾ ਦਰਜਾ ਨਹੀਂ

ਦਿੱਤਾ ਜਾ ਸਕਦਾ ਤੇ ਨਾ ਹੀ ਦੇਣਾ ਚਾਹੀਦਾ ਹੈ।

ਰਾਸ਼ਟ੍ਰੀਯ ਸਿੱਖ ਸੰਗਤ ਕੇਵਲ ਹਿੰਦੂ ਸਿੱਖ ਏਕਤਾ ਦੀ ਗੱਲ ਕਰਦੀ ਹੈ ਪਰ ਗੁਰਮਤਿ ਤਾਂ ਮਹਾਨ ਭਾਰਤੀ ਸਿਧਾਂਤ ਵਸੁਧੈਵ ਕੁਟੁੰਬਕਮ ਅਤੇ ਇਸਲਾਮੀ ਫ਼ਲਸਫ਼ੇ ਰੱਬੁਲ ਆਲਮੀਨ ਦੇ ਸਿਧਾਂਤ ਮੁਤਾਬਿਕ ਪ੍ਰਾਣੀ ਮਾਤਰ ਨੂੰ ਉਸ ਇਕ ਪਰਮ ਪਿਤਾ ਦੀ ਸੰਤਾਨ ਮੰਨਦਿਆਂ ਹੋਇਆਂ ਆਪਸ ਵਿਚ ਭਾਈਚਾਰੇ ਦਾ ਪਾਠ ਪੜ੍ਹਾਉਂਦੀ ਹੈ। ਸਿੱਖੀ ਦੀ ਦਾਤ ਪ੍ਰਾਪਤ ਕਰਦਿਆਂ ਉਸ ਨੂੰ ਸਾਰੇ ਸੰਸਾਰ ਦੇ ਭਲੇ ਦੀ ਕਾਮਨਾ ਦਾ ਪਾਠ ਪੜ੍ਹਾਇਆ ਜਾਂਦਾ ਹੈ। ਕਿਸੇ ਸਿੱਖ ਦੀ ਪ੍ਰਪੱਕ ਸਿੱਖੀ ਹੀ ਉਸ ਦੇ ਵਤਨ ਦੀ ਰਾਖੀ ਦੀ ਸਭ ਤੋਂ ਵੱਡੀ ਜ਼ਾਮਨ ਹੈ। ਉਸ ਦੇ ਦੇਸ਼ ਕੌਮ ਦੀ ਰਾਖੀ ਦਾ ਸੰਕਲਪ ਹੈ। ਸਿੱਖੀ ਦਾ ਸੰਕਲਪ ਤਾਂ ਸਾਰੀ ਮਾਨਵਤਾ ਦੇ ਭਲੇ ਦੀ ਲੋਚਨਾ ਰੱਖਦਿਆਂ ਹੋਇਆਂ ਸਰਬੱਤ ਦੇ ਭਲੇ ਦੀ ਯਾਚਨਾ ਕਰਨਾ ਹੈ। ਇਸੇ ਲਈ ਸਿੱਖ ਤਾਂ "ਜਹਾਂ ਜਹਾਂ ਖ਼ਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ" ਦੀ ਮੰਗ ਕਰਦਾ ਹੈ। ਨਿੱਜੀ ਤੌਰ 'ਤੇ ਸਿੱਖ ਤਾਂ ਅੰਤਰ-ਰਾਸ਼ਟਰੀ ਹੋ ਚੁੱਕਾ ਹੈ। ਕੀ ਉਹ ਅੰਤਰ-ਰਾਸ਼ਟਰੀ ਜਾਂ ਗੈਰ-ਰਾਸ਼ਟਰੀ ਸਿੱਖ ਇਸ ਰਾਸ਼ਟ੍ਰੀਯ ਸਿੱਖ ਸੰਗਤ ਦਾ ਹਿੱਸਾ ਬਣ ਸਕਦੇ ਹਨ? ਕਵੀ ਚੂੜਾਮਣਿ ਭਾਈ ਸੰਤੋਖ ਸਿੰਘ ਨੇ 'ਸੂਰਜ ਪ੍ਰਕਾਸ਼' ਵਿਚ ਵਿਚਾਰ ਦਿੱਤੇ ਹਨ ਕਿ ਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾ ਹੁੰਦੇ ਤਾਂ ਇਸ ਦੇਸ਼ ਵਿਚ ਪੂਰਨ ਰਾਸ਼ਟਰੀ ਏਕਤਾ ਹੋ ਜਾਣੀ ਸੀ।

*ਛਾਇ ਜਾਤੀ ਏਕਤਾ ਅਨੇਕਤਾ ਬਿਲਾਇ ਜਾਤੀ,*
*ਹੋਵਤੀ ਕੁਚੀਲਤਾ ਕਤੇਬਨ ਕੁਰਾਨ ਕੀ।*
*ਪਾਪ ਪਰਪੱਕ ਜਾਤੇ, ਧਰਮ ਧਸੱਕ ਜਾਤੇ,*
*ਬਰਨ ਗਰਕ ਜਾਤੇ ਸਾਹਿਤ ਬਿਧਾਨ ਕੀ।*
*ਦੇਵੀ ਦੇਵ ਦਿਹੁਰੇ ਸੰਤੋਖ ਸਿੰਘ ਦੂਰ ਹੋਤੇ,*
*ਰੀਤ ਮਿਟ ਜਾਤੀ ਸਭ ਬੇਦਨ ਪੁਰਾਨ ਕੀ।*
*ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ,*
*ਮੂਰਤ ਨ ਹੋਤੀ ਜੋ ਪਹਿ, ਕਰੁਣਾ ਨਿਧਾਨ ਕੀ।* *(ਭਾਈ ਸੰਤੋਖ ਸਿੰਘ)*

ਇਸੇ ਗੱਲ ਨੂੰ ਅਲਬੇਲੇ ਸ਼ਾਇਰ ਬੁੱਲ੍ਹੇ ਸ਼ਾਹ ਨੇ ਵੀ ਆਪਣੇ ਹੀ ਅੰਦਾਜ਼ ਵਿਚ ਕਿਹਾ ਹੈ ਕਿ, *ਨਾ ਕਹੂੰ ਤਬ ਕੀ ਨਾ ਕਹੂੰ ਜਬ ਕੀ ਬਾਤ ਕਰੂੰ ਮੈਂ ਅਬ ਕੀ, ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ ਤੋ ਸੁੰਨਤ ਹੋਤੀ ਸਬ ਕੀ।* ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਤਾਂ *ਤਿਲਕ ਜੰਞੂ ਰਾਖਾ ਪ੍ਰਭ ਤਾ ਕਾ* ਦੇ ਅਸੂਲ 'ਤੇ ਮਹਾਨ ਕੁਰਬਾਨੀ ਦੇ ਦਿੱਤੀ। ਸੋ ਉਸ ਗੁਰੂ ਦੇ ਸਿੱਖ ਕੇਵਲ ਉਸ ਰਾਸ਼ਟਰੀ ਏਕਤਾ ਦੇ ਮੁੱਦਈ ਅਤੇ ਸ਼ੈਦਾਈ ਹੋ ਸਕਦੇ ਹਨ ਜੋ ਇਸ ਮਹਾਨ ਦੇਸ਼ ਜਾਂ ਸਾਰੇ ਸੰਸਾਰ ਦੇ ਹਰ ਫ਼ਿਰਕੇ ਤੇ ਧਰਮ ਅਤੇ ਉਨ੍ਹਾਂ ਦੀ ਧਾਰਮਿਕ ਅਜ਼ਾਦੀ ਦੀ ਜ਼ਾਮਨ ਹੋਵੇ। ਦੂਸਰਿਆਂ ਦੀ ਖ਼ਾਤਿਰ ਆਪਾ ਵਾਰਨ ਵਾਲੇ ਸਿੱਖ ਤਾਂ ਭਾਈ ਗੁਰਦਾਸ ਜੀ ਦੇ ਇਸ ਬਚਨ ਦੇ ਪਾਬੰਦ ਹਨ:

*ਮੁਲਿ ਨ ਮਿਲੈ ਅਮੋਲੁ ਨ ਕੀਮਤਿ ਪਾਈਐ।*
*ਪਾਇ ਤਰਾਜੂ ਤੋਲੁ ਨ ਅਤੁਲੁ ਤੁਲਾਈਐ।*
*ਨਿਜ ਘਰਿ ਤਖਤੁ ਅਡੋਲੁ ਨ ਡੋਲਿ ਡੋਲਾਈਐ।*
*ਗੁਰਮੁਖਿ ਪੰਥ ਨਿਰੋਲੁ ਨ ਰਲੇ ਰਲਾਈਐ।* *(ਵਾਰ ੩:੫)* ■

ਕਵਿਤਾ

# ਸਿੱਖੀ ਦੇ ਜਾਮੇ ਵਿਚ ਭੇਖੀ ਸਿੱਖਾ ਉਏ

*-ਸ. ਕੁਲਦੀਪ ਸਿੰਘ ਲਾਂਬਾ*

*ਸਿੱਖੀ ਦੇ ਜਾਮੇ ਵਿਚ ਭੇਖੀ ਸਿੱਖਾਂ ਉਏ*
*ਤੈਨੂੰ ਹੋਸ਼ ਕਦੋਂ ਤਕ ਆਵੇਗੀ?*
*ਕੀ ਉਦੋਂ? ਜਦ ਮੌਤ ਨਗਾਰਾ ਵੱਜੇਗਾ*
*ਜਮਦੂਤ ਤੇਰੇ ਵੱਲ ਭੱਜੇਗਾ*
*ਤੇਰੇ ਗੱਲ ਵਿਚ ਘੁੰਘਰੂ ਵੱਜੇਗਾ*
*ਰੂਹ ਆਕਾਸ਼ਾਂ ਵੱਲ ਨੂੰ ਭੱਜੇਗਾ*
*ਤੇਰੇ ਭੈਣ ਭਾਈ ਸਭ ਰੋਵਣਗੇ*
*ਤੂੰ ਬਿਟ ਬਿਟ ਸਭ ਵਲ ਤੱਕੇਂਗਾ*
*ਸਭ ਮਨ ਦੀਆਂ ਮਨ ਵਿਚ ਰਹਿ ਜਾਸਣ*
*ਕੁਝ ਮੂੰਹ ਤੋਂ ਬੋਲ ਨਾ ਸਕੇਂਗਾ*
*ਜਦ ਹੋਸ਼ ਠਿਕਾਣੇ ਆਵਣਗੇ*
*ਤੇ ਗਿੜ ਗਿੜ ਤਰਲੇ ਪਾਵੇਂਗਾ*
*ਜੋ ਪੰਥ ਧਰੋਹੀ ਕੀਤੀ, ਉਦੇ 'ਤੇ ਪਛਤਾਵੇਂਗਾ।*
*ਫਿਰ ਪ੍ਰੀਤਮ ਬਾਝੋਂ ਕਿਹੜਾ ਏ*
*ਜੋ ਟੁੱਟੀਆਂ ਗੰਢਾਂ ਜੋੜ ਦਵੇ*
*ਡੁਬਦੇ ਨੂੰ ਪਾਰ ਲੰਘਾ ਦੇਵੇ*
*ਸਾਹ ਜਾਂਦੇ ਤਾਈਂ ਮੋੜ ਲਵੇ*
*ਤੂੰ ਗਹਿਰੀ ਨੀਂਦਰ ਸੌਂ ਗਿਐਂ*
*ਕੁਝ ਹੋਸ਼ ਨਹੀਂ ਹੈ ਅੱਗੇ ਦਾ*
*ਕਿਸ ਮਸਤੀ ਵਿਚ ਮਦਹੋਸ਼ ਪਿਐਂ*
*ਕੁਝ ਫਿਕਰ ਨਹੀਂ ਹੈ ਅੱਗੇ ਦਾ*
*ਤੇਰੇ ਨਾਲ ਦੇ ਸਾਥੀ ਲੰਘ ਗਏ*
*ਉਹ ਕਈ ਮੰਜ਼ਿਲਾ ਪਾਰ ਗਏ*
*ਕੀ ਹੋਸ਼ ਉਦੋਂ ਹੀ ਆਵੇਗੀ,*
*ਜਦ ਪਾਣੀ ਸਿਰ ਤੋਂ ਲੰਘ ਗਿਆ?*
*ਤੂੰ ਜਿਸ 'ਤੇ ਏਡਾ ਮਾਣ ਕਰੇਂ*
*ਉਹ ਕਈ ਵਾਰੀ ਅਜ਼ਮਾਏ ਨੇ*
*ਕਈ ਵਾਰੀ ਠੋਕ ਵਜਾ ਵੇਖੇ*
*ਤੇ ਸਦਾ ਹੀ ਉਲਟੇ ਪਾਏ ਨੇ।*
*ਜਦ ਮਤਲਬ ਪੂਰਾ ਹੋ ਗਿਆ*
*ਤੇਰੇ ਭੇਖੀ ਮਿੱਤਰ ਨੱਸਣਗੇ*
*ਤੇਰੀ ਨਾਦਾਨੀ 'ਤੇ ਹੱਸਣਗੇ*
*ਫਿਰ ਤੜਫੇਂਗਾ ਕੁਰਲਾਵੇਂਗਾ*
*ਜਦ ਸਮਾਂ ਸੁਹਾਨਾ ਬੀਤ ਗਿਆ*
*ਫਿਰ ਪਛਤਾਇਆਂ ਕੀ ਹੋਣੈ*
*ਜਦ ਚਿੜੀਆਂ ਨੇ ਚੁਗ ਖੇਤ ਲਿਆ*
*ਉਠ ਸੂਰਜ ਕਾਫੀ ਚੜ੍ਹ ਗਿਐ*
*ਤੇ ਰਾਤ ਝਾਤੀਆਂ ਪਾਵੇਗੀ*
*ਮੱਥੇ 'ਤੇ ਹੱਥ ਰੱਖ ਰੋਵੇਂਗਾ*
*ਤੈਨੂੰ ਹੋਸ਼ ਕਦੋਂ ਤਕ ਆਵੇਗੀ*
*ਜਦ ਰੂਪ ਤੇਰਾ ਬਣਾਇਆ ਸੀ*
*ਜੈ ਜੈ ਕਾਰ ਹੋਈ ਆਕਸ਼ਾਂ 'ਤੇ*
*ਤੇਰੀ ਨੀਂਹ ਰੱਖੀ ਸੀ ਪ੍ਰੀਤਮ ਨੇ*
*ਮਾਸੂਮਾਂ ਦੀਆਂ ਲਾਸ਼ਾਂ 'ਤੇ*
*ਜੰਗਲਾਂ ਵਿਚ ਰੁਲਦਾ ਫਿਰਦਾ ਸੀ*
*ਕੰਡਿਆਂ 'ਤੇ ਉਹ ਸੌਂਦਾ ਸੀ*
*ਬਲੀਦਾਨ* ਪਿਤਾ ਦਾ ਦਿੱਤਾ ਸੀ*
*ਤੇਰੀ ਕਰਨ ਪੂਰੀਆਂ ਖਾਹਿਸ਼ਾਂ ਤੇ*
*ਪਰ ਅਫਸੋਸ ਕਿ ਬੇਕਦਰਾ, ਕਦਰ ਨਾ ਪਾਈ ਤੂੰ*
*ਭਾਈ ਮਤੀ ਦਾਸ ਦੇ ਆਰੇ ਦੀ*
*ਐਸ਼ਾਂ ਵਿਚ ਰੰਗ ਰਲੀਆਂ ਮਾਣੇ ਤੂੰ*
*ਰੂਹ ਕੀ ਆਖੇਗੀ ਉਸ ਗੁਰੂ ਦੁਲਾਰੇ ਦੀ,*
*ਕਿੱਧਰ ਗਈ ਉਹ ਅਣਖ ਤੇਰੀ*
*ਦੂਜੇ ਤਾਈਂ ਢਾਲਾਂ ਬਣਦਾ ਸੈਂ*
*ਮਜ਼ਲੂਮਾਂ ਤੇ ਦੁਖੀਆਂ ਖਾਤਰ,*
*ਅੱਗੇ ਹੋ ਹੋ ਮਰਦਾ ਸੈਂ*
*ਅੱਜ ਆਪਣੀ ਤੈਨੂੰ ਹੋਸ਼ ਨਹੀਂ*
*ਦੂਜੇ ਦੀ ਕੀ ਬਣਾਵੇਂਗਾ?*
*ਤੇਰੀ ਆਪਣੀ ਇੱਜ਼ਤ ਲੁੱਟ ਗਈ*
*ਦੂਜੇ ਦੀ ਕੀ ਬਚਾਵੇਂਗਾ*
*ਜੇ ਜਗ ਵਿਚ ਜਿਊਣਾ ਚਾਹੁਨੈ ਸਿੰਘਾ*
*ਜੇ ਅਣਖੀਲਾ ਜੀਵਨ ਚਾਹੁਨੈਂ ਸਿੰਘਾ*
*ਛੱਡ ਗਿੱਦੜਾਂ ਵਾਲਾ ਜੀਵਨ ਤੂੰ*
*ਪ੍ਰੀਤਮ ਦੀ ਫੁਲਵਾੜੀ ਦੇ ਸੁੱਤੇ ਭਾਗ ਜਗਾ ਸਿੰਘਾ!*

*ਸ਼ਹੀਦੀ

*ਨਵੰਬਰ ੨੦੨੨ ਦਾ ਬਾਕੀ*

# ਸਿੱਖ ਇਸਤਰੀ-ਮੂਲਕ ਇਤਿਹਾਸਕਾਰੀ: ਸੀਮਾ ਅਤੇ ਸੰਭਾਵਨਾ (ਦਸਮ ਗੁਰੂ ਜੀ ਦੇ 'ਮਾਤਾ' ਅਤੇ 'ਮਹਿਲ' ਦੇ ਵਿਸ਼ੇਸ਼ ਹਵਾਲੇ ਨਾਲ)

*-ਡਾ. ਹਰਪ੍ਰੀਤ ਕੌਰ**

ਸਮਕਾਲੀ ਹਾਲਤ, ਸਿੱਖ ਪੰਥ ਦੀ ਬਣਤਰ ਤੇ ਸਰੂਪ ਦੀ ਬੇਸਮਝੀ ਵਿੱਚੋਂ ਪੈਦਾ ਹੋਈਆਂ ਅਨੇਕ ਇਤਿਹਾਸਿਕ ਸੁਭਾਅ ਦੀਆਂ ਲਿਖਤਾਂ ਵਿਚ ਇਕ ਸੀਮਾ ਕੇਂਦਰੀਕਰਨ ਦੀ ਵੀ ਹੈ। ਜੋ ਲੇਖਕ, ਜਿਸ ਮਾਤਾ/ਮਹਿਲ/ਇਸਤਰੀ ਬਾਰੇ ਲਿਖਦਾ ਹੈ, ਉਸ ਨੂੰ ਇਸ ਤਰ੍ਹਾਂ ਸਥਾਪਿਤ ਕਰਦਾ ਹੈ, ਜਿਵੇਂ ਉਹ ਸਾਰੀਆਂ ਪੰਥਕ ਗਤੀਵਿਧੀਆਂ ਦੀ ਕੇਂਦਰ ਵੀ ਹੋਵੇ। ਪਿੱਛੇ ਉਧਰਿਤ ਕੀਤੀ ਗਈ ਉਦਾਹਰਨ ਦੇ ਹਵਾਲੇ ਨਾਲ ਮਾਤਾ ਸੁੰਦਰੀ ਪ੍ਰਤੀ ਇਹ ਕਥਨ ਇਸ ਮਾਮਲੇ ਵਿਚ ਵੇਖਣਯੋਗ ਹਨ: "ਮਾਤਾ ਸੁੰਦਰੀ ਜੀ ਨੇ ਜਿਸ ਤਰ੍ਹਾਂ ਦਸਮ ਗੁਰੂ ਦੇ ਸਾਰੇ ਅਧੂਰੇ ਕਾਰਜ ਆਪ ਸੰਭਾਲੇ, ਉਹ ਹੋਰ ਕਿਸੇ ਦੇ ਹਿੱਸੇ ਨਹੀਂ ਆਇਆ। ਮਾਤਾ ਸੁੰਦਰੀ ਜੀ ਇਨ੍ਹਾਂ ਦੋਹਾਂ ਮਾਤਾਵਾਂ (ਮਾਤਾ ਜੀਤੋ ਜੀ, ਮਾਤਾ ਸਾਹਿਬ ਕੌਰ) ਤੋਂ ਵਿਸ਼ੇਸ਼ ਸੂਝ-ਬੂਝ, ਹੌਂਸਲਾ, ਦਲੇਰੀ, ਉਤਸ਼ਾਹ ਅਤੇ ਧੀਰਜ ਆਦਿ ਗੁਣਾਂ ਨਾਲ ਸੰਪੰਨ ਸਨ" (ਮਹਿੰਦਰ ਕੌਰ (ਗਿੱਲ): ੧੯੧-੯੨)।

ਉਕਤ ਵਾਂਗ ਹੀ ਸਿਧਾਂਤਕ ਲਿਖਤਾਂ ਵਿਚ ਗੁਰਬਾਣੀ ਦੇ ਹਰੇਕ ਪਦ/ਸ਼ਬਦ ਨੂੰ ਇਸਤਰੀਵਾਦ ਨਾਰੀਵਾਦ ਉਤੇ ਢੁਕਾਉਣ/ਥੋਪਣ ਦੇ ਜਤਨ ਇਉਂ ਕੀਤੇ ਗਏ ਹਨ, ਜਿਵੇਂ ਬਾਣੀ ਲਿਖੀ ਕੇਵਲ ਇਸਤਰੀਆਂ ਬਾਰੇ ਹੀ ਹੋਵੇ। ਸਿਰਲੇਖਾਂ ਵਿਚ ਗੁਰੂ ਜੋਤਿ ਨੂੰ ਪ੍ਰਤੀਕਤ 'ਮਹਲਾ' ਪਦ ਦੇ ਅਰਥ, ਬਿਨਾਂ ਭਾਸ਼ਾਈ/ਵਿਅਕਰਨਕ ਚੇਤਨਾ ਤੋਂ 'ਮਹਿਲਾ/ਇਸਤਰੀ' ਕਰਨੇ, ਇਸ ਤਥ ਦੀ ਦਿਲਚਸਪ ਉਦਾਹਰਨ ਪੇਸ਼ ਕੀਤੀ ਜਾ ਸਕਦੀ ਹੈ। ਗੁਰਭਗਤ ਸਿੰਘ 'ਮਹਲਾ/mahla' ਪਦ ਦੇ ਸਮਾਨੰਤਰ 'woman, bride (another Guru with his status in succession) ਸ਼ਬਦ/ਵਾਕੰਸ਼ ਰਖਦੇ ਹਨ, ਜੋ ਪੂਰੀ ਤਰ੍ਹਾਂ ਅਢੁਕਵੇਂ ਹਨ। (Gurbhagat Singh : 2013; 90)। 'ਮਹਲਾ', 'ਗੁਰ-ਜੋਤਿ' ਹੈ, ਇਹ ਨਿਰੋਲ ਗੁਰਬਾਣੀ ਦਾ ਮੌਲਿਕ ਪਦ ਹੈ।

ਵਿਚਾਰਾਧੀਨ ਸੁਭਾਅ ਵਾਲੀਆਂ ਵਧੇਰੇ ਗਿਣਤੀ ਲਿਖਤਾਂ ਵਿਚ ਕਈ ਵੇਰਵੇ ਅਜਿਹੇ ਹਨ, ਜਿਨ੍ਹਾਂ ਦੇ ਆਧਾਰ ਸਰੋਤ ਦੀ ਕੋਈ ਜਾਣਕਾਰੀ ਨਹੀਂ; ਦੁਹਰਾਅ ਤਾਂ ਐਨਾ ਜ਼ਿਆਦਾ ਹੈ ਕਿ ਲਿਖਤ ਵਿਚ ਕੰਮ ਦੀ ਗੱਲ ਕੁਝ ਪ੍ਰਤੀਸ਼ਤ ਹੀ ਰਹਿ ਜਾਂਦੀ ਹੈ। ਕਈ ਲਿਖਤਾਂ ਵਿਚ ਤੱਥਾਂ, ਸਰੋਤਾਂ ਜਾਂ ਦੂਜਿਆਂ ਦੇ ਸੰਬੰਧਿਤ ਵਿਚਾਰਾਂ ਦਾ ਚੰਗਾ

**ਧਾਰਮਿਕ ਅਧਿਆਪਕ, ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਫਾਰ ਗਰਲਜ਼, ਨਿੰਮ ਸਾਹਿਬ, ਆਕੜ (ਪਟਿਆਲਾ) ਮੋ. +੯੧੯੪੭੯੩ ੮੨੮੪੪.*

ਸੰਗ੍ਰਹਿ ਕੀਤਾ ਮਿਲ ਜਾਂਦਾ ਹੈ (Lakhpreet Kaur: 2015), ਪਰ ਉਸ ਵਿਚ ਸੰਬੰਧਿਤ ਲੇਖਕ ਦਾ ਅਪਣਾ ਮਤਿ, ਉਸ ਦੀ ਯੋਗ ਤਰੀਕੇ ਨਾਲ ਪੇਸ਼ਕਾਰੀ ਅਤੇ ਵਿਆਖਿਆ ਕੀਤੀ ਨਹੀਂ ਮਿਲਦੀ। ਹਵਾਲਿਆਂ/ਸਰੋਤਾਂ ਦੀ ਗ਼ਲਤ ਪੇਸ਼ਕਾਰੀ ਕਰਨ ਵਾਲੀਆਂ ਜਾਂ ਬਿਨਾਂ ਮੂਲ ਵੇਖਿਆਂ ਸੂਚਨਾ ਪ੍ਰਦਾਨ ਕਰਨ ਵਾਲੀਆਂ ਲਿਖਤਾਂ ਦੀ ਸੂਚੀ ਤਾਂ ਕਾਫ਼ੀ ਲੰਮੀ ਹੈ (The Journal of Religion and Sikh Studies: 2015; Gajinder Singh : 2012), ਕੋਈ ਵਿਰਲੀ ਲਿਖਤ ਹੈ, ਜਿਸ ਵਿਚ ਤੱਥਾਂ ਦੀ ਨਵੀਂ ਪੇਸ਼ਕਾਰੀ ਹੋਵੇ, ਜਿਵੇਂ ਸ. ਗੁਰਬਚਨ ਸਿੰਘ (ਸਿੱਧੂ) ਦੀ ਪੁਸਤਕ 'ਸੋ ਕਿਉ ਮੰਦਾ ਆਖੀਐ: ਗੁਰਮਤਿ ਵਿਚ ਇਸਤ੍ਰੀ ਦਾ ਸਥਾਨ' (੨੦੦੯), ਸ਼ਾਇਦ ਇਸ ਖੇਤਰ ਦੀ ਪਹਿਲੀ ਪੁਸਤਕ ਹੈ, ਜਿਸ ਵਿਚ ੧੮ਵੀਂ ਸਦੀ ਦੇ ਪੰਜਾਬ ਵਿਚਲੇ ਉਨ੍ਹਾਂ ਕੇਂਦਰਾਂ ਦੀ ਤਲਾਸ਼ ਕੀਤੀ ਗਈ ਹੈ, ਜਿੱਥੇ ਸਿੱਖ ਇਸਤਰੀਆਂ ਨੂੰ ਫੜ ਕੇ ਭਿਆਨਕ ਤਸੀਹੇ ਦਿਤੇ ਜਾਂਦੇ ਸਨ।

ਸਿੱਖ ਸਿਧਾਂਤ ਦੇ ਹਵਾਲੇ ਵਿਚ ਜੋ ਵੀ ਇਸਤਰੀ-ਮੂਲਕ ਸੰਦਰਭ ਪ੍ਰਾਪਤ ਹੈ, ਉਹ ਪਹਿਲਾਂ ਕੀਤੇ ਸੰਕੇਤ ਮੁਤਾਬਿਕ, ਜੀਵਨ-ਮੂਲਕ, ਰੇਖਾ-ਚਿੱਤਰ ਜਾਂ ਵਿਆਖਿਆਕਾਰੀ ਦੀ ਵਿਧਾ ਜਿਹਾ ਹੈ (Jarnail Singh :1985; Sawan Singh: 2009), ਜਿਸ ਵਿਚ ਇਤਿਹਾਸ ਦੇ ਨਾਲ-ਨਾਲ ਗਲਪ ਦਾ ਮਿਸ਼ਰਨ ਪੇਸ਼ ਕੀਤਾ ਗਿਆ ਹੈ, ਭਾਵੇਂ ਅਪਵਾਦ ਵੀ ਮੌਜੂਦ ਹਨ, ਜਿਵੇਂ ਨਿਕੀ ਗੁਰਿੰਦਰ ਕੌਰ ਸਿੰਘ ਨੇ ਕੁਝ ਮੁਢਲੀ ਜਿਹੀ ਕੋਸ਼ਿਸ਼ ਕੀਤੀ ਹੈ, ਪਰ ਇਹ ਵੀ ਸੀਮਾਵਾਂ ਤੋਂ ਰਹਿਤ ਨਹੀਂ (ਗੁਰਿੰਦਰ ਕੌਰ: ੧੯੯੩)। ਇਸ ਨਾਲ ਸਿੱਖ ਇਸਤਰੀਆਂ ਸੰਬੰਧੀ ਕੁਝ ਵੇਰਵੇ ਤਾਂ ਸੰਗ੍ਰਹਿ ਹੋ ਗਏ ਹਨ, ਪਰ ਸਿੱਖ ਇਸਤਰੀਵਾਦੀ ਦ੍ਰਿਸ਼ਟੀ/ਪਹੁੰਚ ਪੱਖੋਂ ਇਤਿਹਾਸ (ਸਮੇਤ ਵਿਆਖਿਆ) ਨੂੰ ਵੇਖਣ ਦਾ ਹਾਲੇ ਕੋਈ ਜਤਨ ਸਾਹਮਣੇ ਨਹੀਂ ਆਇਆ।

ਜਿਵੇਂ ਇਸਤਰੀਆਂ ਨੇ ਸਿੱਖ ਇਤਿਹਾਸ ਵਿਚ ਬਣਦਾ ਤੇ ਵਡਮੁੱਲਾ ਯੋਗਦਾਨ ਪਾਇਆ ਹੈ, ਉਵੇਂ ਪ੍ਰਾਪਤ ਲਿਖਤਾਂ ਦੇ ਆਧਾਰ ਉੱਤੇ ਇਹ ਟਿੱਪਣੀ ਤਾਂ ਨਿਰਸੰਦੇਹ ਦਿੱਤੀ ਜਾ ਸਕਦੀ ਹੈ ਕਿ ਸਿੱਖ ਇਤਿਹਾਸਕਾਰੀ ਵਿਚ ਵੀ ਇਸਤਰੀਮੂਲਕ ਇਤਿਹਾਸਕਾਰੀ ਇਕ ਸੁਤੰਤਰ ਅੰਗ ਵਜੋਂ ਆਪਣਾ ਮੁਹਾਂਦਰਾ ਨਿਖਾਰ ਰਹੀ ਹੈ। ਵਿਕਾਸਵਾਦੀ ਧਾਰਨਾ ਦੇ ਆਧਾਰ ਉੱਤੇ ਇਸ ਦਾ ਸਮਾਂ ਇਕ ਸਦੀ (ਸਿੰਘ ਸਭਾ ਤੋਂ ਵਰਤਮਾਨ) ਮੰਨਿਆ ਜਾ ਸਕਦਾ ਹੈ।

ਸਿੱਖ (ਇਸਤਰੀ-ਮੂਲਕ) ਇਤਿਹਾਸਕਾਰੀ ਦਾ ਵਿਚਾਰਾਧੀਨ ਆਧਾਰ/ਸਰੋਤ ਸਾਹਿਤ "ਗੁਰੂ ਨਾਨਕ ਦੇਵ ਜੀ ਦੇ ਮੰਦਰਾਂ (ਗੁਰਦੁਆਰਾ ਸਾਹਿਬਾਨ) ਦੁਆਲੇ ਬ੍ਰਿਛਾਂ ਦੀ ਛਾਂ ਥੱਲੇ ਪਲਿਆ..." (ਪੂਰਨ ਸਿੰਘ: ੨੦੦੫; ੧੨੨)। ਸੋ ਇਸ ਸਾਹਿਤ ਨੂੰ ਸਿੱਖ ਵਿਚਾਰਧਾਰਕ ਦ੍ਰਿਸ਼ਟੀ ਤੋਂ ਬਿਨਾਂ ਸਮਝਿਆ ਹੀ ਨਹੀਂ ਜਾ ਸਕਦਾ।

ਜਦੋਂ ਅਸੀਂ ਆਪਣੇ ਸਰੋਤਾਂ ਨੂੰ ਇਤਿਹਾਸ ਵਜੋਂ ਵੇਖਦੇ ਹਾਂ ਤਾਂ ਪਹਿਲੇ ਪੱਧਰ

ਉੱਤੇ ਇਹ ਜਾਣਨਾ ਜ਼ਰੂਰੀ ਹੈ ਕਿ ਜਦੋਂ ਉਹ ਲਿਖੇ ਗਏ, ਜਾਂ ਜਿਹੜੇ ਹਾਲਾਤ ਵਿਚ ਲਿਖੇ ਗਏ, ਉਸ ਮੌਕੇ ਇਤਿਹਾਸ ਦਾ ਕੀ ਸੰਕਲਪ (notion/concept) ਸੀ, ਰਾਜਾ ਜਾਂ ਰਾਜ-ਸੱਤਾ ਨੂੰ ਕਿਵੇਂ ਵੇਖਿਆ ਜਾਂਦਾ ਸੀ, ਜਾਂ ਇਸ ਤੋਂ ਵੀ ਜ਼ਰੂਰੀ ਗੁਰਮਤਿ ਨੇ ਇਹ ਕਿਵੇਂ ਵੇਖਿਆ, ਆਦਿ।

ਵਿਚਾਰਾਧੀਨ ਸਾਹਿਤ ਮੱਧਕਾਲੀ ਸੋਚ ਤੋਂ ਕਾਫ਼ੀ ਹੱਦ ਤਕ ਪ੍ਰਭਾਵਿਤ ਹੈ, ਇਸੇ ਲਈ ਇਸ ਸਾਹਿਤ ਨੂੰ ਸਮਕਾਲੀ ਮੁਹਾਵਰੇ ਵਿਚ ਰੱਖ ਕੇ ਸਮਝਣ ਦੀ ਸਾਰਥਕ-ਦ੍ਰਿਸ਼ਟੀ ਤੋਂ ਕੋਸ਼ਿਸ਼ ਕਰਨੀ ਜ਼ਰੂਰੀ ਹੈ। ਇਸ ਤਰ੍ਹਾਂ ਆਪਣੇ ਸਰੋਤ ਸਾਹਿਤ ਦੇ ਸਰੂਪ ਦੀ ਸਮਝ ਲਈ ਉਸ ਸਮਕਾਲ ਦੀ ਸਥਿਤੀ ਸਪੱਸ਼ਟ ਹੋਣੀ ਜ਼ਰੂਰੀ ਹੈ, ਕਿਉਂਕਿ ਕਿਸੇ ਵੀ ਰਚਨਾ ਦੇ ਰਚਨਾਕਾਲ ਦੀਆਂ ਸਮਕਾਲੀ ਰਾਜਨੀਤਿਕ, ਸਮਾਜਿਕ, ਆਰਥਿਕ, ਧਾਰਮਿਕ, ਸਾਹਿਤਕ ਆਦਿ ਪ੍ਰਸਥਿਤੀਆਂ ਤੋਂ ਰਚਨਾਕਾਰ ਦੀ ਚੇਤਨਾ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦੀ। ਧਿਆਨ ਰਹੇ ਸਾਡੇ ਵਿਚਾਰਾਧੀਨ ਵਸਤੂ ਸਮਗਰੀ ਨਿਰੋਲ ਇਤਿਹਾਸ ਦੇ ਸੋਮੇ ਨਾ ਹੋ ਕੇ ਮੁਢਲਾ ਪੰਜਾਬੀ ਸਾਹਿਤ ਪਾਠ ਵੀ ਹੈ (ਗੋਪੀਨਾਥ ਨਾਰੰਗ: ੨੦੦੨; ੪੮੩)।

ਵਿਸ਼ੇਸ਼ ਧਿਆਨਯੋਗ ਇਹ ਹੈ ਕਿ ਵਿਚਾਰਾਧੀਨ ਇਤਿਹਾਸਕਾਰੀ ਲਈ ਆਧਾਰ ਗੁਰਮੁਖੀ ਸਰੋਤ ਸਾਹਿਤ ਵਿਚ ਸਾਨੂੰ ਇਤਿਹਾਸ, ਧਰਮ, ਸਿਧਾਂਤ ਆਦਿ ਸੰਬੰਧੀ ਬਹੁਤ ਸਾਰੀਆਂ ਸੀਮਾਵਾਂ ਪ੍ਰਾਪਤ ਹੁੰਦੀਆਂ ਹਨ। ਇਹ ਸੀਮਾਵਾਂ ਅਸਲ ਵਿਚ ਕੇਵਲ ਕਰਤਿਆਂ ਦੀਆਂ ਸੀਮਾਵਾਂ ਨਹੀਂ, ਇਹ ਉਸ ਜੁਗ-ਵਿਸ਼ੇਸ਼ ਦੀਆਂ ਸੀਮਾਵਾਂ ਵੀ ਹਨ, ਜਿਨ੍ਹਾਂ ਵਿਚ ਇਹ ਲਿਖੇ ਗਏ। ਇਹ ਰਚਨਾਵਾਂ ਇਤਿਹਾਸ ਜਾਂ ਧਰਮ ਨੂੰ ਆਪਣੇ ਜੁਗ ਦੀਆਂ ਮਾਨਤਾਵਾਂ ਅਨੁਸਾਰ ਦੇਖ ਰਹੀਆਂ ਹਨ। ਉਹ ਮਨ ਕਰਕੇ ਕਵੀ ਵਧੇਰੇ ਹਨ, ਇਤਿਹਾਸਕਾਰ ਘੱਟ। ਇਹ ਆਧੁਨਿਕ ਲੇਖਣੀ ਵਾਂਗ ਹਵਾਲੇ ਨਹੀਂ ਦਿੰਦੇ।

ਸ਼ੈਲੀ ਦ੍ਰਿਸ਼ਟੀ ਤੋਂ ਸਾਡੇ ਗੁਰਮੁਖੀ ਸਰੋਤਾਂ ਦਾ ਇਕ ਖਾਸ ਕਿਸਮ ਦਾ ਸੁਭਾਅ ਤੇ ਬਣਤਰ-ਵਿਧੀ ਹੈ, ਇਹ ਵੀ ਧਿਆਨ ਰੱਖਣਾ ਬਣਦਾ ਹੈ ਕਿ ਹੁਣ ਪੁਰਾਣੇ ਨਾਂ-ਥਾਂ ਬਦਲ ਗਏ ਹਨ। ਭੂਗੋਲਿਕ ਹਾਲਾਤ ਵੀ ਉਹ ਨਹੀਂ ਰਹੇ। ਇਹ ਕੇਵਲ ਗੁਰਮੁਖੀ ਸਰੋਤਾਂ ਵਿਚ ਹੀ ਨਹੀਂ, ਅੰਗਰੇਜ਼ੀ ਸਰੋਤਾਂ ਵਿਚ ਵੀ ਅਜਿਹੀ ਸਥਿਤੀ ਹੈ, ਉਦਾਹਰਨ ਲਈ ਮੁਗ਼ਲਕਾਲੀਨ ਪੰਜਾਬ ਦੇ ਸਮੇਂ ਦਾ ਇਕ ਯਾਤਰੂ ਵਿਲੀਅਮ ਫਿਨ੍ਹ (Willam Finch) ਕਈ ਥਾਂ, ਨਾਵਾਂ-ਥਾਵਾਂ ਦਾ ਨਾਂ-ਮੂਲਕ ਵੇਰਵਾ ਦੇਣ ਦੀ ਥਾਂ, ਉਨ੍ਹਾਂ ਨੂੰ ਆਪਣੇ ਸੁਹਜ ਪ੍ਰਭਾਵੀ ਵਾਰਤਾਲਾਪ ਵਿਚ 'A Faire City' ਚਿਤਰਦਾ ਹੈ (Edward Terty: 1921; 167-68)।ਇਸੇ ਤਰ੍ਹਾਂ ਹੀ Manucci ਦੱਸਦਾ ਹੈ ਕਿ ਲੁਧਿਆਣਾ, ਗੋਇੰਦਵਾਲ, ਵਜੀਰਾਬਾਦ... ਸਾਰੇ ਜਿਹਲਮ ਦਰਿਆ ਕੰਢੇ ਹਨ (Tripta Want: 1968;178)। ਇਹ ਵੀ ਜ਼ਰੂਰੀ ਨਹੀਂ ਹੁੰਦਾ ਕਿ ਕਰਤਾ ਜਿਸ ਜਗ੍ਹਾ ਦਾ ਵੇਰਵਾ ਦਿੰਦਾ ਹੈ, ਜ਼ਰੂਰ ਹੀ ਉਸ ਨੇ ਵੇਖੀ ਹੋਵੇ, ਸੁਣ-ਸੁਣਾ ਕੇ ਜਾਂ ਅਨੁਮਾਨ ਆਧਾਰਿਤ ਵੀ ਲਿਖਿਆ/ਦੱਸਿਆ ਜਾ ਸਕਦਾ ਹੈ, Sir Thomes Roe, Ed-

ward Teery, Sir Thomes Herbert, Thevenot ਆਦਿ ਵਰਗੇ ਲੇਖਕ/ ਅਫਸਰ ਕਦੇ ਵੀ ਪੰਜਾਬ ਨਹੀਂ ਆਏ, ਪਰ ਉਨ੍ਹਾਂ ਪੰਜਾਬ (ਖਾਸ ਕਰਕੇ ਲਾਹੌਰ) ਬਾਰੇ ਵਿਸਤ੍ਰਿਤ ਵੇਰਵੇ ਦਿੱਤੇ ਹਨ (J. Ph. Vogel: 1911; 39, 84)।

ਇਨ੍ਹਾਂ ਰਚਨਾਵਾਂ ਵਿਚ ਵੇਰਵਿਆਂ ਦਾ ਵਰਣਨ ਕਿਸੇ ਤਾਰਕਿਕ ਵਿਧੀ-ਵਿਉਂਤ ਰਾਹੀਂ ਪ੍ਰਾਪਤ ਨਹੀਂ; ਇਸ ਸੰਬੰਧੀ ਰਚਨਾਕਾਰ ਸੁਚੇਤ ਵੀ ਨਹੀਂ; ਇਨ੍ਹਾਂ ਦੀ ਆਪਸ ਵਿਚ ਕੋਈ ਕ੍ਰਮ ਜਾਂ ਤਰਤੀਬ ਨਹੀਂ; ਇਹ ਵਿਸ਼ੇਸ਼ ਪ੍ਰਸੰਗਾਂ (ਤੁਲਨਾ, ਬਿਰਤਾਂਤਾਂ, ਸਾਖੀ, ਗੋਸਟਿ, ਘਟਨਾ, ਅਧਿਆਇ-ਆਰੰਭ ਆਦਿ ) ਵਿਚ ਨਿਹਿਤ ਹਨ। ਚਮਤਕਾਰ, ਕਰਾਮਾਤ ਜਾਂ ਦੇਵ-ਲੋਕ ਸਾਡੀ ਅਧਿਐਨ-ਵਸਤੂ ਦਾ ਸਹਿਜ-ਸਵੀਕ੍ਰਿਤ ਅੰਗ ਹੈ। ਇਹ ਸਹਿਜ ਸਵੀਕ੍ਰਿਤ ਅੰਗ ਆਮ ਤੌਰ 'ਤੇ ਨਾਇਕ ਦੇ ਵਿਅਕਤਿਤ੍ਵ ਨੂੰ ਉਸਾਰਨ ਵਾਸਤੇ ਵਰਤਿਆ ਗਿਆ ਹੈ। ਗ੍ਰੰਥਕਾਰ ਅਕਸਰ ਲੋਕਧਾਰਾਈ ਅਧਾਰ ਵਾਲੀਆਂ ਕੀਮਤਾਂ ਨੂੰ ਅਪਣਾਉਂਦੇ ਹਨ, ਡਾ. ਵਣਜਾਰਾ ਬੇਦੀ ਅਨੁਸਾਰ, "ਪੰਜਾਬ ਦਾ ਬਹੁਤ ਸਾਰਾ ਮੱਧਕਾਲੀ ਸਾਹਿਤ, ਲੋਕ ਮਨ ਦੀਆਂ ਅਨੁਭੂਤੀਆਂ ਹੋਣ ਕਰਕੇ ਲੋਕਧਾਰਾ ਦੀਆਂ ਰੂੜੀਆਂ ਉਤੇ ਪਲਿਆ ਹੈ...ਇਸ ਲਈ ਜਦੋਂ ਤਕ ਲੋਕਧਾਰਾਈ ਦ੍ਰਿਸ਼ਟੀ ਤੋਂ ਮੱਧਕਾਲੀ ਸਾਹਿਤ ਦਾ ਅਧਿਐਨ ਨਹੀਂ ਕੀਤਾ ਜਾਂਦਾ ਉਦੋਂ ਤਕ ਮਧਕਾਲੀ ਸਾਹਿਤ ਦੀ ਤਹਿ ਵਿਚ ਪ੍ਰਵਾਹਿਤ ਜੀਵੰਤ ਕਲਾ ਤਤ ਤੇ ਪ੍ਰਵਿਰਤੀਆਂ ਦੀ ਪੂਰੀ ਸੋਝੀ ਨਹੀਂ ਹੋ ਸਕਦੀ" (ਵਣਜਾਰਾ ਬੇਦੀ: ੧੯੭੭; ੪)।

ਗਵਾਹੀ ਸਿਰਫ਼ ਗਵਾਹੀ ਹੈ, ਉਸਨੂੰ ਘੋਖਣਾ ਬਣਦਾ ਹੈ, ਗਵਾਹੀ ਜਿਵੇਂ ਮਿਲੇ, ਤਿਵੇਂ ਪੇਸ਼ ਕਰਨਾ, ਜਿਵੇਂ ਸਾਡੀ ਸਿੱਖ ਇਸਤਰੀਮੂਲਕ ਇਤਿਹਾਸਕਾਰੀ ਵਿਚ ਹੋਇਆ ਹੈ, ਕਈ ਭੁਲੇਖਿਆਂ ਦਾ ਕਾਰਨ ਬਣਦਾ ਹੈ। ਸੋ ਗਵਾਹੀ ਨੂੰ ਗਵਾਹੀ ਵਜੋਂ ਲੈਣਾ ਜਰੂਰੀ ਹੈ ਤੇ ਉਸ ਦੀ ਪਰਖ ਜਰੂਰੀ ਹੈ, ਸਿਧਾਂਤਕ ਤੌਰ ਉੱਤੇ ਪਰਖ ਵਾਸਤੇ ਸਾਡੇ ਕੋਲ ਗੁਰਬਾਣੀ ਹੈ। ਇਸ ਹਵਾਲੇ ਵਿਚ ਭਾਈ ਕਾਨ੍ਹ ਸਿੰਘ ਨਾਭਾ ਦੇ ਦਿੱਤੇ ਤਿੰਨ ਅਧਾਰ (ਅਸੂਲ, ਇਤਿਹਾਸ ਤੇ ਯੁਕਤੀ) ਅਤਿਅੰਤ ਮੁਲਵਾਨ ਹਨ (ਕਾਨ੍ਹ ਸਿੰਘ ਨਾਭਾ: ੧੯੯੨; ਸ )।

ਸਾਰ ਵਜੋਂ ਗੁਰੂ ਕਾਲ ਦੇ ਮੁਹਾਵਰੇ ਅਤੇ ਸਮਾਜਿਕ, ਧਾਰਮਿਕ, ਰਾਜਨੀਤਿਕ, ਵਿੱਦਿਅਕ ਆਦਿ ਵਾਤਾਵਰਨ ਦੀ ਲੋੜੀਂਦੀ ਸੋਝੀ ਹਾਸਿਲ ਕਰਕੇ ਅਤੇ ਗੁਰਬਾਣੀ ਵਿਚਲੇ ਸਮੁੱਚੇ ਪ੍ਰਸੰਗ ਨੂੰ ਸਮਝ ਕੇ ਅਸੀਂ ਇਕ ਹਦ ਤਕ ਸਿੱਖ ਇਸਤਰੀਮੂਲਕ ਇਤਿਹਾਸਕਾਰੀ ਅਤੇ ਇਸ ਦੇ ਸਿਧਾਂਤਕ ਪਹਿਲੂਆਂ ਦਾ ਭਾਵ-ਜਗਤ ਸਮਝਣ ਦੇ ਯੋਗ ਹੋ ਸਕਾਂਗੇ।

ਸਹਾਇਕ ਸੂਚੀ:

ਸਿਮਰਨ ਕੌਰ, *ਪ੍ਰਸਿੱਧ ਸਿੱਖ ਬੀਬੀਆਂ* , ਸਿੰਘ ਬ੍ਰਦਰਜ਼, ਅੰਮ੍ਰਿਤਸਰ, ੧੯੯੧.
ਹਰਿੰਦਰ ਕੌਰ, *ਸੋ ਕਿਉ ਮੰਦਾ ਆਖੀਐ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੦੧

ਦੂਜੀ ਵਾਰ।
ਕਾਨ੍ਹ ਸਿੰਘ ਨਾਭਾ, ਭਾਈ, *ਗੁਰਮਤ ਮਾਰਤੰਡ,* ਭਾਗ ਪਹਿਲਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੧੯੯੨, ਚੌਥੀ ਐਡੀਸ਼ਨ ।
ਗੁਰਬਚਨ ਸਿੰਘ ਸਿਧੂ, *ਸੋ ਕਿਉ ਮੰਦਾ ਆਖੀਐ:* ਗੁਰਮਤਿ ਵਿਚ ਇਸਤ੍ਰੀ ਦਾ ਸਥਾਨ, ਲੁਧਿਆਣਾ, ੨੦੦੯ (੨੦੦੬ ਪਹਿਲੀ ਵਾਰ ਅੰਗ੍ਰੇਜ਼ੀ ਵਿਚ)
ਗੋਪੀਨਾਥ ਨਾਰੰਗ, *ਸਰੰਚਨਾਵਾਦ ਉਤਰ-ਸੰਰਚਨਾਵਾਦ ਅਤੇ ਪੂਰਬੀ ਕਾਵਿ-ਸ਼ਾਸਤਰ,* ਸਾਹਿਤ ਅਕਾਦੇਮੀ, ਨਵੀਂ ਦਿੱਲੀ, ੨੦੦੨.
ਤ੍ਰਿਪਤ ਕੌਰ *ਆਦਿ ਗ੍ਰੰਥ ਵਿਚ ਇਸਤਰੀ ਦਾ ਸੰਕਲਪ,* ਭਾਸ਼ਾ ਵਿਭਾਗ, ਪਟਿਆਲਾ, ਪੰਜਾਬ, ੨੦੦੪.
ਪਿਆਰਾ ਸਿੰਘ ਪਦਮ, *ਗੁਰੂ ਘਰ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ੧੯੯੭.
ਪੂਰਨ ਸਿੰਘ, ਪ੍ਰੋ., 'ਪੰਜਾਬੀ ਸਾਹਿਤਯ ਪਰ ਕਟਾਖਯ', *ਪੂਰਨ ਸਿੰਘ ਦੀ ਵਾਰਤਕ,* (ਸੰਪਾ.) ਮਹਿੰਦਰ ਸਿੰਘ ਰੰਧਾਵਾ, ਸਾਹਿਤ ਅਕੈਡਮੀ,ਦਿੱਲੀ, ੨੦੦੫.
ਬਲਵਿੰਦਰ ਕੌਰ ਬਰਾੜ, *ਨਾਰੀਵਾਦ: ਸਿਧਾਂਤ, ਚਿੰਤਨ ਅਤੇ ਵਿਹਾਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੦੨, ਪੰਨੇ ੫੦-੫੧.
ਭਜਨ ਸਿੰਘ, *ਇਤਿਹਾਸਕ ਸਿੱਖ ਨਾਰੀਆਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, ੨੦੧੬.
ਮਹਿੰਦਰ ਕੌਰ (ਗਿੱਲ) *ਗੁਰੂ ਨਾਰੀ ਜੀਵਨ ਵਿਹਾਰ,* ਆਰਸੀ ਪਬਲਿਸ਼ਰਜ, ਦਿੱਲੀ, ੨੦੧੬.
ਮਹਿੰਦਰ ਕੌਰ (ਗਿੱਲ) *'ਮਾਤਾ ਸੁੰਦਰੀ ਜੀ',* ਆਰਸੀ ਪਬਲਿਸ਼ਰਜ, ਦਿੱਲੀ, ੧੯੮੧.
Amar Singh, *Stirring Stories of the Heroism of Sikh Women and Martyrdom of a Sikh Youth : Anecdotes from Sikh History,* The Anglo Sanskrit Press, Lahore, 1906.
Darshan Singh, *Western Perspective on the Sikh Religion,* Delhi 1991.
Doris R. Jakobsh, *Relocating Gender in Sikh History: Transformation, Meaning and Identity,* Oxford University Press, New Delhi, 2003.
Doris R. Jokobsh (ed.), *Sikhism and Women History,* Texts and Experience, Oxford University Press, New Delhi, 2010.
Edward Terty, *Early Travels in India 1583-1619,* (ed.) William Foster, Humphrey Milford Oxford, 1921.
Fauja Singh (ed.), *Historians and Historiography of the Sikhs,*

New Delhi 1978.
Gajinder Singh (ed.) *Sikhism &Women,* Institute of Sikh Studies, Chandigarh, 2012.
. , British Historiography on the Sikh Power in the Punjab, New York 1985.
Gokal Chand Narang, *Transformation of Sikhism,* Calcutta, 1912.
Gurbhagat Singh, *Vismad : The Sikh Alternative,* selection from the Sikh Scriptures, Sri Amritsar, 2013.
Gurdeep Kaur, *Political Ethics of Guru Granth Sahib,* Deep & Deep Publication, Pvt. Ltd., New Delhi, 2000.
Harbans Singh, *'Status of Women in Sikhism',* The Women of Punjab, (ed.) Yash Kohli, Chic Publications, Bombay, 1983.
Indubhusan Banerjee, *Evolution of the khalsa,* Lahore,1936,
Jarnail Singh, (ed.), *Sikh Women's Seminar,* The Sikh Social and Educational Society,
Wilowdale, 1985.
J. Ph. Vogel, *'Historical Notes on the Lahore Fort';* and E.d. Maclagan, *'The Earliest English Visitors to The Punjab* 1585-1627', *Journal of the Punjab Historical Society,* vol.1, 1911.
J.S. Grewal, *'Study of Sikhism, Sikh History and Sikh Literature' in Approaches to History: Essays in Indian Historiography,* (ed.) S. Bhattacharya, ICHR, Primus Books, Delhi, 2013 (reprinted).
Kamlesh Mohan, *'Women in the Discourse: Liberation or Ambivalence? in Religion:In Indian History,* ed. Irfan Habib, Tulika Books, 2012, 4th edition, paperback, 1st 2007.
Karam Singh Raju, *Ethical Perceptions of World Religions* (Hinduism; Budhism; Christianity; Islam and Sikhism) : A Comparative Study, Guru Nanak Dev University, Amritsar, 2002.
Lepel Griffin, *The Punjab Chiefs,* Lahore, 1865.

Lepel Griffin, *The Rajas of the Punjab,* Lahore, 1870.
M.K. Gill, *The Role and Status of Women in Sikhism* National Book Shop, New Delhi, 1995.
Nikki Gurinder Kaur Singh, *The Feminine Principle in the Sikh Vision of the Transcendent,* Cambridge University Press, 1993.
N.R. Sinha, *Rise of the Sikh Power,* Calcutta, 1936.
O.P. Ralhan (ed.), *Encyclopaedia of Sikhism :* Religion and Culture, vol. 1, Anmol Publications Pvt. Ltd., New Delhi, 1997.
Rajwant Singh Chilana, *International Bibliography of Sikh Studies,* Netuerlands, 2005.
R.N. Singh (ed.), *Encyclopaedia of Sikh Heritage,* Vol. 3, Commonwealth, 2002.
Sawan Singh, *Spirited Sikh Women,* Sukrit Trust, Ludhiana, 2009.
Seva Ram, *The Divine Master: Life and Teachings of Guru nanak,* (ed.) Prithipal Singh Kapur Jalandhar 1988.
Surinder Singh Johar, *The Message of Sikhism,* Delhi Sikh Gurdwara Parbandhak Committee, New Delhi, 1982.
Syad Muhammed Latif, *History of the Punjab from the Remotest Antiquity to the Present time,* Lahor, 1891.
Tripta Want, *'European Travellers on the Mughal Punjab',* Punjab History Confrence Proceedings (third session), march 9-10, 1968.

ਪਤ੍ਰਿਕਾਵਾਂ

*ਗੁਰਦੁਆਰਾ ਗਜ਼ਟ,* ਜਨਵਰੀ, ੨੦੦੫.
*ਗੁਰਮਤਿ ਪ੍ਰਕਾਸ਼,* ਸਤੰਬਰ ੧੯੯੯.
*ਪਰੰਪਰਾ,* ਨਵੀਂ ਦਿੱਲੀ, ਸਤੰਬਰ, ੧੯੭੭.
*The Journal of Religion and Sikh Studies:* Special issue: Sikh Women, Jan. Jun 2015.
*The Sikh Review:* Dedicated to Women, vol.56-9, sep. 2010.
*The Sikh Review,* vol. 63 : 6, June 2015. ■

# 'ਅਖਰ': ਗੁਰਬਾਣੀ ਪਰਿਪੇਖ

*-ਡਾ. ਪਲਵਿੰਦਰ ਕੌਰ**

ਗੁਰਬਾਣੀ ਦੇ ਅਧਿਐਨ ਰਾਹੀਂ ਇਕ ਗੱਲ ਸਪੱਸ਼ਟ ਹੁੰਦੀ ਹੈ ਕਿ ਦੋ ਪ੍ਰਕਾਰ ਦੇ ਮਨੁੱਖ ਇਸ ਸੰਸਾਰ ਵਿਚ ਪਾਏ ਜਾਂਦੇ ਹਨ। ਪਹਿਲੇ ਗਿਆਨਵਾਨ ਮਨੁੱਖ, ਜਿਹੜੇ ਨਾਮ ਜਪ ਕੇ ਗਿਆਨ ਦੀ ਪ੍ਰਾਪਤੀ ਕਰ ਲੈਂਦੇ ਹਨ। ਉਨ੍ਹਾਂ ਨੂੰ ਸਮਝ ਆ ਜਾਂਦੀ ਹੈ ਕਿ ਇਹ ਦ੍ਰਿਸ਼ਟਮਾਨ ਪਸਾਰਾ ਸੁਪਨੇ ਦੀ ਨਿਆਈਂ ਹੈ। ਦੂਜੇ, ਅਗਿਆਨੀ ਮਨੁੱਖ ਹਨ, ਜਿਹੜੇ ਇਸ ਸੰਸਾਰ ਨੂੰ ਸੱਚ ਜਾਣ ਕੇ, ਮੋਹ-ਮਾਇਆ ਵਿਚ ਫਸ ਕੇ ਆਪਣਾ ਜੀਵਨ ਅਜਾਈਂ ਗਵਾ ਲੈਂਦੇ ਹਨ। ਮੋਹ, ਅਗਿਆਨ ਦਾ ਹੀ ਦੂਜਾ ਰੂਪ ਹੈ। ਮੋਹ ਨੂੰ ਖਤਮ ਕਰਨ ਲਈ ਆਤਮ ਗਿਆਨ ਹੋਣਾ ਜ਼ਰੂਰੀ ਹੈ।

ਗੁਰਬਾਣੀ ਅਨੁਸਾਰ ਆਤਮਿਕ ਗਿਆਨ ਹਾਸਿਲ ਕਰਨਾ ਸੌਖਾ ਕਾਰਜ ਨਹੀਂ। ਇਸ ਲਈ ਵਿਸ਼ੇਸ਼ ਉੱਦਮ ਅਤੇ ਸਿਖਲਾਈ ਦੀ ਲੋੜ ਹੁੰਦੀ ਹੈ। ਪਰਮਾਤਮਾ ਦਾ ਚਿੰਤਨ ਐਨਾ ਸਿੱਧਾ ਅਤੇ ਸਾਧਾਰਨ ਨਹੀਂ, ਜਿੰਨਾ ਦੁਨਿਆਵੀ ਜਾਂ ਦ੍ਰਿਸ਼ਟਮਾਨ ਪਸਾਰੇ ਨੂੰ ਦੇਖਣਾ ਹੈ। ਇਸ ਦੇ ਨਾਲ ਹੀ ਆਤਮਿਕ ਗਿਆਨ ਦੀ ਪ੍ਰਾਪਤੀ ਲਈ ਕਿਸੇ ਤਰ੍ਹਾਂ ਦਾ ਤਰਕ, ਦਲੀਲ ਅਤੇ ਵਿੱਦਿਆ ਦੇ ਅਮਲ ਦਾ ਕੋਈ ਅਰਥ ਨਹੀਂ। ਇਨ੍ਹਾਂ ਤੋਂ ਕੇਵਲ ਤੇ ਕੇਵਲ ਹੰਕਾਰ ਹੀ ਉਪਜਦਾ ਹੈ। ਗੁਰੂ ਸਾਹਿਬ ਇਸ ਪ੍ਰਥਾਇ ਸਮਝਾਉਂਦੇ ਹਨ :

*ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ॥*
*ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੫)*

ਇਸ ਲੇਖ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 'ਅਖਰ' ਦੇ ਗਿਆਨਮਈ ਪ੍ਰਸੰਗਾਂ ਨੂੰ ਦੇਖਣ ਦਾ ਜਤਨ ਕੀਤਾ ਗਿਆ ਹੈ। ਇਸ ਜਤਨ ਵਿਚ ਪਹਿਲਾਂ 'ਅਖਰ' ਸ਼ਬਦ ਦੇ ਸ਼ਾਬਦਿਕ ਅਰਥ ਸਮਝੇ ਗਏ ਹਨ।

### ਅਖਰ : ਅਰਥ

ਭਾਈ ਵੀਰ ਸਿੰਘ ਅਨੁਸਾਰ ਅਖਰ ਸੰਸਕ੍ਰਿਤ ਭਾਸ਼ਾ ਦੇ ਸ਼ਬਦ ਅਕਸ਼ਯ ਤੋਂ ਬਣਿਆ ਹੈ, ਜਿਸਦਾ ਅਰਥ ਉਹ ਚਿੰਨ੍ਹ ਹੈ ਜਿਹੜਾ ਆਵਾਜ਼ ਦੀ ਥਾਂ ਲਿਖਿਆ ਜਾਵੇ।[੧] ਭਾਈ ਸਾਹਿਬ ਨੇ 'ਅਖਰ' ਸ਼ਬਦ ਦੇ ਵਿਸਤ੍ਰਿਤ ਅਰਥ ਕੀਤੇ ਹਨ। ਉਨ੍ਹਾਂ ਅਨੁਸਾਰ ਅਖਰ ਤੋਂ ਭਾਵ ਹਰਫ ਵੀ ਹੈ। ਅਖਰ ਨੂੰ ਉਪਦੇਸ਼/ਸਬਦ ਦੇ ਅਰਥਾਂ ਵਿਚ ਵੀ ਲਿਆ ਜਾਂਦਾ ਹੈ, ਜਿਵੇਂ *'ਅਖਰ ਨਾਨਕ ਅਖਿਓ ਆਪਿ'* ਇਹ ਉਪਦੇਸ਼ ਜਾਂ 'ਸਬਦ' ਆਪ ਪਰਮਾਤਮਾ ਨੇ ਦਿਤਾ ਹੈ। ਪਰਮਾਤਮਾ ਨੇ ਸਬਦ ਉਚਾਰ ਕੇ ਤ੍ਰਿਭਵਨ ਰਚੇ ਹਨ *(ਅਖਰ*

**ਅਸਿਸਟੈਂਟ ਪ੍ਰੋਫੈਸਰ (ਧਰਮ ਅਧਿਐਨ), ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਸ੍ਰੀ ਫਤਿਹਗੜ੍ਹ ਸਾਹਿਬ- ੧੪੦੪੦੭; ਮੋ: +੯੧੯੬੪੬੦੦੪੧੫੧*

*ਮਹਿ ਤ੍ਰਿਭਵਨ ਪ੍ਰਭਿ ਧਾਰੇ)* 'ਅਖਰ' ਨਾਮ ਰੂਪ ਵੀ ਹੈ (ਦ੍ਰਿਸਟਿਮਾਨ ਅਖਰ ਹੈ ਜੇਤਾ), ਭਾਵ ਜੋ ਦ੍ਰਿਸਟਮਾਨ ਹੈ ਸਭ ਅਖਰਾਂ ਵਿਚ ਹੀ ਹੈ, ਅਥਵਾ ਉਹ ਨਾਮ ਵਾਲਾ ਹੀ ਹੈ ਤੇ ਨਾਵਾਂ ਵਿਚ ਹੀ ਉਸਨੂੰ ਬਿਆਨ ਕੀਤਾ ਜਾਂਦਾ ਹੈ। 'ਅਖਰ' ਈਸ਼ਵਰ ਰੂਪ (ਅ=ਨਾ+ਖਰ=ਖਰਨਾ, ਜੋ ਨਾ ਖਰੇ) ਵੀ ਹੈ। ਇਸੇ ਤਰ੍ਹਾਂ 'ਅਖਰ' ਤੋਂ ਭਾਵ ਪਰਮਾਤਮਾ ਦਾ ਨਾਮ *(ਅਖਰ ਬਿਰਖ ਬਾਗ ਭੁਇ ਚੋਖੀ ਸਿੰਚਿਤ ਭਾਉ ਕਰੇਹੀ)* ਵੀ ਹੈ।[੨]

ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਅਖਰ ਦੇ ਅਰਥ ਵਰਣ, ਹਰਫ, ਬਾਣੀ ਦੇ ਲਿਖਣ ਲਈ ਥਾਪੇ ਹੋਏ ਚਿੰਨ੍ਹ ਕੀਤੇ ਹਨ।[੩] ਪਿਆਰਾ ਸਿੰਘ ਪਦਮ ਅਨੁਸਾਰ ਅਖਰ ਲਈ 'ਵਰਣ' ਸ਼ਬਦ ਵੀ ਵਰਤਿਆ ਜਾਂਦਾ ਹੈ, ਜਿਸ ਦਾ ਅਰਥ 'ਰੰਗ' ਹੈ।[੪] ਗੁਰਬਾਣੀ ਵਿਚ ਅਖਰ ਸ਼ਬਦ ਨੂੰ ਲਿਪੀ ਚਿੰਨ੍ਹ/ਵਰਣ, ਪਰਮਾਤਮਾ, ਵਿਦਿਆ, ਪੁਸਤਕਾਂ, ਸਬਦ, ਅਟਲ ਬਚਨ, ਸਿਖਿਆ ਉਪਦੇਸ਼, ਮੰਤਰ ਆਦਿ ਦੇ ਅਰਥਾਂ ਵਿਚ ਵਰਤਿਆ ਗਿਆ ਹੈ। ਪ੍ਰੋ. ਪ੍ਰੀਤਮ ਸਿੰਘ ਦੇ ਸ਼ਬਦਾਂ ਵਿਚ ਅਖਰ ਤਾਂ ਫੱਕਰ ਹਨ, ਜਿਨ੍ਹਾਂ ਦਾ ਹਰ ਥਾਂ, ਹਰ ਦੇਸ ਕਾਲ ਵਿਚ ਆਦਰ ਸਤਿਕਾਰ ਜ਼ਰੂਰੀ ਹੈ।[੫]

ਡਾ. ਰਤਨ ਸਿੰਘ ਜੱਗੀ ਭਾਈ ਵੀਰ ਸਿੰਘ ਨਾਲ ਸਹਿਮਤੀ ਪ੍ਰਗਟਾਉਂਦੇ ਲਿਖਦੇ ਹਨ ਕਿ 'ਅਖਰ' ਸੰਸਕ੍ਰਿਤ ਦੇ 'ਅਕਸ਼ਰ' ਸ਼ਬਦ ਦਾ ਤਦਭਵ ਰੂਪ ਹੈ, ਜਿਸਦੀ ਵਿਉਤਪਤੀ ਮੂਲਕ ਅਰਥ ਹੈ ਜੋ ਨਾ ਖੁਰੇ, ਉਹ 'ਅਕ੍ਸ਼ਰ' ਹੈ – 'ਨ ਕ੍ਸ਼ਰਿਤ ਇਤਿ ਅਕ੍ਸ਼ਰ:'। ਇਸ ਤਰ੍ਹਾਂ ਅਖਰ ਤਤ੍ਵ ਹੈ ਜੋ ਖੁਰਦਾ ਨਹੀਂ, ਨਸ਼ਟ ਨਹੀਂ ਹੁੰਦਾ, ਜਿਸ ਵਿਚ ਕਿਸੇ ਪ੍ਰਕਾਰ ਦਾ ਕੋਈ ਪਰਿਵਰਤਨ ਜਾਂ ਵਿਕਾਰ ਨਹੀਂ ਹੁੰਦਾ।[੬] ਡਾ ਜੱਗੀ ਦਾ ਕਹਿਣਾ ਹੈ ਕਿ ਸੰਸਾਰ ਦੀਆਂ ਭਾਸ਼ਾਵਾਂ ਦੀਆਂ ਧੁਨੀਆਂ ਨੂੰ ਪ੍ਰਗਟ ਕਰਨ ਵਾਲੇ ਚਿੰਨ੍ਹ ਵੀ ਅਖਰ ਕਹੇ ਜਾਂਦੇ ਹਨ। ਸੰਸਕ੍ਰਿਤ ਸਾਹਿਤ ਵਿਚ ਇਸਦੀ ਵਰਤੋਂ ਧ੍ਵਨਿਆਤਮਕ ਅਤੇ ਸੰਕੇਤਾਤਮਕ ਦੋਹਾਂ ਅਰਥਾਂ ਵਿਚ ਕੀਤੀ ਜਾਂਦੀ ਹੈ। ਸੰਕੇਤਾਤਮਕ ਅਖਰ ਨੂੰ 'ਵਰਣ' ਵੀ ਕਿਹਾ ਜਾਂਦਾ ਹੈ।[੭]

ਅਖਰ : ਗਿਆਨ ਦਾਤਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਨੁਸਾਰ ਅਖਰਾਂ ਦਾ ਉਦੇਸ਼ ਮਨੁੱਖ ਨੂੰ ਗਿਆਨ ਪ੍ਰਦਾਨ ਕਰਵਾਉਣਾ ਹੈ। ਦੂਜੇ ਸ਼ਬਦਾਂ ਵਿਚ ਅਕਾਲ ਪੁਰਖ ਦਾ ਗਿਆਨ 'ਅਖਰ' ਰਾਹੀਂ ਹੀ ਹੁੰਦਾ ਹੈ। ਅਖਰਾਂ ਰਾਹੀਂ ਹੀ ਉਸ ਦੇ ਗੀਤ ਗਾਏ ਜਾ ਸਕਦੇ ਹਨ:

*ਅਖਰੀ ਗਿਆਨੁ ਗੀਤ ਗੁਣ ਗਾਹ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੪)*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਨੁਸਾਰ ਸਿਧ, ਸਾਧਿਕ, ਜੋਗੀ ਅਤੇ ਜੰਗਮ ਭਾਵ ਪੂਰਨ ਪੁਰਸ਼, ਅਭਿਆਸੀ, ਜੋਗ ਕਮਾਉਣ ਵਾਲਾ ਅਤੇ ਰਮਤਾ ਸਾਧੂ, ਇਹ ਸਾਰੇ ਪਰਮਾਤਮਾ ਦਾ ਅਖਰ ਰਾਹੀਂ ਗਿਆਨ ਅਥਵਾ ਉਪਦੇਸ਼ ਲੈ ਕੇ ਸੱਚੇ ਦਿਲੋਂ ਪਰਮਾਤਮਾ ਦਾ ਧਿਆਨ ਧਰ ਕੇ ਉਸਨੂੰ ਮਨ ਵਿਚ ਵਸਾਉਂਦੇ ਹਨ :

*ਸਿਧ ਸਾਧਿਕ ਜੋਗੀ ਅਰੁ ਜੰਗਮ ਏਕੁ ਸਿਧੁ ਜਿਨੀ ਧਿਆਇਆ॥*
*ਪਰਸਤ ਪੈਰ ਸਿਝਤ ਤੇ ਸੁਆਮੀ ਅਖਰੁ ਜਿਨ ਕਉ ਆਇਆ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੭੮)*

ਗਿਆਨ ਪ੍ਰਾਪਤੀ ਦਾ ਸਾਧਨ ਵੇਦ (ਵੈਦਿਕ ਧਰਮ ਦੇ ਧਾਰਮਿਕ ਗ੍ਰੰਥ), ਕਤੇਬ (ਪਵਿੱਤਰ ਕੁਰਾਨ ਤੇ ਅੰਜੀਲ), ਸ਼ਾਸਤਰ ਆਦਿ ਹੋ ਸਕਦੇ ਹਨ, ਪਰੰਤੂ ਇਨ੍ਹਾਂ ਨੂੰ ਪੜ੍ਹ ਕੇ ਮੁਕਤੀ ਪ੍ਰਾਪਤ ਹੋਣਾ ਲਾਜ਼ਮੀ ਨਹੀਂ, ਪਰੰਤੂ ਜਿਹੜਾ ਮਨੁੱਖ ਗੁਰੂ ਸਾਹਿਬ ਦੀ ਸ਼ਰਨ ਵਿਚ ਜਾ ਕੇ ਅਖਰ ਰੂਪੀ ਨਾਮ ਜਪਦਾ ਹੈ, ਉਸਦੀ ਲੋਕ-ਪਰਲੋਕ ਵਿਚ ਸੋਭਾ ਹੁੰਦੀ ਹੈ :

*ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ॥*
*ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੪੭)*

ਭਗਤ ਕਬੀਰ ਜੀ ਦੀ ਸਮਝ ਅਨੁਸਾਰ ਸੂਰਜ ਦੇ ਤੇਜ ਪ੍ਰਤਾਪ ਕਾਰਨ ਪ੍ਰਭਾਤ ਵੇਲੇ ਜਿਵੇਂ ਤਾਰੇ (ਜਿਹੜੇ ਰਾਤ ਦੀ ਟਿਕਵੀਂ ਸ਼ਾਂਤੀ ਵਿਚ ਚਮਕ ਰਹੇ ਹੁੰਦੇ ਹਨ) ਮੱਧਮ ਪੈ ਜਾਂਦੇ ਹਨ, ਉਸੇ ਤਰ੍ਹਾਂ ਮਲਕੀਅਤਾਂ ਤੋਂ ਪੈਦਾ ਹੋਈ ਅੰਦਰਲੀ ਤਪਸ਼ ਕਾਰਨ ਗਿਆਨ ਇੰਦਰਿਆਂ ਵਿੱਚੋਂ ਪਰਮਾਤਮਾ ਵਾਲੇ ਪਾਸੇ ਦੀ ਲੋਅ ਘਟਦੀ ਜਾਂਦੀ ਹੈ। ਕੇਵਲ ਅਖਰ ਰੂਪੀ ਪਰਮਾਤਮਾ ਦਾ ਇਕ ਨਾਮ ਹੀ ਹੈ ਜਿਹੜਾ ਮਲਕੀਅਤਾਂ ਦੀ ਤਪਸ਼ ਦੇ ਅਸਰ ਤੋਂ ਪਰੇ ਰਹਿੰਦਾ ਹੈ। ਭਗਤ ਕਬੀਰ ਜੀ ਉਸ ਨਾਮ ਰੂਪੀ ਮਲਕੀਅਤ ਨੂੰ ਸਾਂਭੀ ਬੈਠੇ ਹਨ। ਇਸ ਕਥਨ ਦਾ ਦੂਜਾ ਪੱਖ ਇਹ ਵੀ ਹੈ ਕਿ ਮਨੁੱਖ ਕਿਸੇ ਵਿਅਕਤੀ ਦੀ ਧਨ-ਦੌਲਤ ਖੋਹ ਸਕਦਾ ਹੈ, ਪਰ ਜੋ ਅਖਰ ਰੂਪੀ ਗਿਆਨ ਉਸਨੇ ਆਪਣੇ ਹਿਰਦੇ ਵਿਚ ਵਸਾ ਲਿਆ ਹੈ, ਉਸਨੂੰ ਕੋਈ ਖੋਹ ਨਹੀਂ ਸਕਦਾ :

*ਕਬੀਰ ਪਰਭਾਤੇ ਤਾਰੇ ਖਿਸਹਿ ਤਿਉ ਇਹੁ ਖਿਸੈ ਸਰੀਰੁ॥*
*ਏ ਦੁਇ ਅਖਰ ਨ ਖਿਸਹਿ ਸੋ ਗਹਿ ਰਹਿਓ ਕਬੀਰੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੩)*

ਭਗਤ ਸ਼ੇਖ਼ ਫਰੀਦ ਜੀ ਗਿਆਨ ਪ੍ਰਾਪਤੀ ਦੇ ਢੰਗ ਦਰਸਾਉਂਦੇ ਹੋਏ ਸਵਾਲ-ਜਵਾਬ ਦੇ ਜ਼ਰੀਏ ਸਮਝਾਉਂਦੇ ਹਨ ਕਿ ਉਹ ਕਿਹੜਾ ਅਖਰ ਹੈ?; ਕਿਹੜਾ ਗੁਣ; ਮੰਤਰ ਅਤੇ ਵੇਸ ਹੈ ਜਿਸ ਨਾਲ ਮੇਰਾ ਖਸਮ (ਪਰਮਾਤਮਾ) ਵੱਸ ਵਿਚ ਆ ਜਾਵੇ? ਫੁਰਮਾਨ ਹੈ :

*ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ॥*
*ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੮੪)*

ਉਕਤ ਖੜ੍ਹੇ ਕੀਤੇ ਸਵਾਲ ਦੇ ਜਵਾਬ ਵਜੋਂ ਭਗਤ ਸ਼ੇਖ਼ ਫਰੀਦ ਜੀ ਆਪ ਹੀ ਫੁਰਮਉਂਦੇ ਹਨ ਕਿ ਨਿਉਣਾ (ਨਿਮਰਤਾ) ਅਖਰ ਹੈ, ਸਹਾਰਨਾ ਗੁਣ ਹੈ ਅਤੇ ਮਿੱਠਾ ਬੋਲਣਾ ਸ਼੍ਰੋਮਣੀ ਮੰਤਰ ਹੈ। ਇਹ ਤਿੰਨ ਤਰ੍ਹਾਂ ਦੇ ਵੇਸ ਧਾਰਨ ਕਰ ਕੇ ਪਰਮਾਤਮਾ ਵੱਸ ਵਿਚ ਆ ਸਕਦਾ ਹੈ :

*ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥*
*ਏ ਤ੍ਰੈ ਭੈਣੇ ਵੇਸੁ ਕਰਿ ਤਾਂ ਵਸਿ ਆਵੀ ਕੰਤੁ॥(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੮੪)*

ਉਕਤ ਸਲੋਕਾਂ ਦਾ ਭਾਵ ਹੈ ਕਿ ਜੇਕਰ ਗਿਆਨ ਪ੍ਰਾਪਤ ਕਰਨਾ ਹੈ ਤਾਂ ਪਹਿਲਾਂ

ਨੀਵਾਂ ਰਹਿਣਾ ਸਿੱਖੋ, ਕਦੇ ਵੀ ਹੰਕਾਰ ਨਾ ਕਰੋ, ਕਿਸੇ ਨਾਲ ਕੌੜੇ ਬੋਲ ਨਾ ਬੋਲੋ। ਅਜਿਹਾ ਵੇਸ ਧਾਰਨ ਕਰਨ ਨਾਲ ਕੰਤ ਰੂਪੀ ਪ੍ਰਭੂ ਵੱਸ ਆ ਜਾਂਦਾ ਹੈ।

ਗਿਆਨ ਰੂਪੀ ਪਰਮਾਤਮਾ ਹਮੇਸ਼ਾਂ ਕਾਇਮ ਰਹਿੰਦਾ ਹੈ। ਦੂਜੇ ਪਾਸੇ ਦ੍ਰਿਸ਼ਟਮਾਨ ਪਾਸਾਰਾ ਨਾਸ਼ਮਾਨ ਹੈ, ਜਗਤ ਵਿਚ ਵਰਤੀ ਜਾਣ ਵਾਲੀ ਹਰੇਕ ਚੀਜ਼ ਨਾਸ਼ਵੰਤ ਹੈ, ਭਾਸ਼ਾਵਾਂ ਵੀ ਨਾਸ਼ਵੰਤ ਹਨ ਅਤੇ ਭਾਸ਼ਾ ਵਿਚ ਵਰਤੇ ਜਾਣ ਵਾਲੇ ਅਖਰ ਵੀ ਨਾਸ਼ਵੰਤ ਹਨ। ਇਸ ਦੇ ਵਿਪਰੀਤ ਅਕਾਲ ਪੁਰਖ ਨਾਲ ਮਿਲਾਪ ਜਿਸ ਸ਼ਕਲ ਵਿਚ ਅਨੁਭਵ ਹੁੰਦਾ ਹੈ, ਉਸ ਅਨੁਭਵ ਨੂੰ ਬਿਆਨ ਕਰਨ ਵਾਲੇ ਕੋਈ ਅਖਰ ਅਜਿਹੇ ਨਹੀਂ, ਜਿਹੜੇ ਇਨ੍ਹਾਂ ਅਖਰਾਂ ਵਿਚ ਆ ਜਾਣ :

*ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨਿ ਮਹਿ ਨਾਹਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੦)*

ਅਖਰ : ਸ੍ਰਿਸ਼ਟੀ ਦਾ ਆਧਾਰ

ਗੁਰਬਾਣੀ ਦੀ ਸੇਧ ਅਨੁਸਾਰ 'ਅਖਰ' ਹੀ ਸ੍ਰਿਸ਼ਟੀ ਦੀ ਸਮੁੱਚੀ ਕਿਰਤ ਦਾ ਆਧਾਰ ਹਨ। ਇਸ ਪ੍ਰਥਾਇ ਜਨਮਸਾਖੀ ਵਿਚ ਬੜੀ ਸੁੰਦਰ ਵਿਚਾਰ ਮਿਲਦੀ ਹੈ। ਇਸ ਪ੍ਰਥਾਇ ਸੋਢੀ ਹਰਿ ਜੀ ਦੁਆਰਾ ਕਲਮਬਧ ਕੀਤੇ ਪ੍ਰਵਚਨ ਧਿਆਨ ਖਿੱਚਦੇ ਹਨ:

*ਜਬ ਓਅੰਕਾਰ ਕੀਆ ਤਬ ਏਹ ਉਸਤਤਿ ਪਰਮੇਸਰੁ ਕੀ ਰਚੀ। ਗਿਆਨ ਕਥਾ ਆਤਮ ਪਰਬੋਧ ਆਤਮੇ ਸੰਗਿ ਗਿਆਨੁ ਧਾਰਿਆ। ਗੁਰੂ ਬਾਬੇ ਨਾਨਕ ਜੀ। ਜਿ ਏਹ ਤਉ ਬਾਰਾ ਮਾਹ ਬਰਸ ਪਖ ਦਿਵਸ ਪਹਰ ਘੜੀਆ ਪਲ ਚਸੇ ਹੋਏ ਪਰੁ ਜਿਤਨੀ ਪੈਦਾਇਸ ਹੈ ਜਿਤਨਾ ਪ੍ਰਗਾਸੁ ਨਾਮੁ ਸਿਮਰਨੁ ਹੈ ਜਿਤਨੇ ਵੇਦ ਕਤੇਬ ਹੈਂ ਜਿਤਨੇ ਅਠਾਰਹ ਪੁਰਾਣ ਹੈ ਨਉ ਵਿਆਕਰਨ ਹੈਂ ਛਿਅ ਸਾਸਤ੍ਰ ਹੈਂ ਚਾਰਿ ਖਾਣੀ ਹੈਂ ਚਾਰਿ ਬਾਣੀ ਹੈਂ ਚੰਦੁ ਸੂਰਜ ਹੈਂ ਪਉਣ ਪਾਣੀ ਹੈ ਜਿਤਨੇ ਜੁਗ ਪੀਛੇ ਵਰਤੇ ਹੈਨਿ ਜਿਤਨੇ ਜੁਗ ਆਗੇ ਹੋਹਿੰਗੇ ਪਰਮੇਸੁਰ ਜੁ ਰਚੇ ਹੋਨਿਗੇ ਜਿਤਨਾ ਜੁਗਾਂ ਰਚਿਆ ਬਗੈਰਿ ਰਹਿੰਦਾ ਹੈ ਜਿਤਨੇ ਜੁਗੀ ਰਚਨਾ ਖੇਲਦਾ ਹੈ ਸੁ ਸਭ ਅਖਰਾਂ ਮਹਿ ਪਰਮੇਸਰੁ ਕੀ ਮਿਤਿ ਹੈ। ਜਿਤਨਾ ਕਿਛੁ ਹੈ ਸੁ ਸਭੁ ਅਛਰਾਂ ਹੀ ਮਹਿ ਹੈ। ਜਿਤਨੇ ਸਭਿ ਜੀਅ ਹੈਨਿ ਸੁ ਸਭ ਅਛਰ ਹੀ ਮਹਿ ਹੈ। ਜਿਤਨਾ ਜੀਆ ਕਾ ਰਿਜਕੁ ਹੈ ਏਤਨਾ ਸਭੁ ਪਰਮੇਸੁਰ ਅਖਰਾਂ ਹੀ ਮਹਿ ਰਚਿਆ ਹੈ।*[੮]

ਅਖਰ ਰੂਪੀ ਅਕਾਲ ਪੁਰਖ ਇਸ ਪ੍ਰਗਟ ਪਾਸਾਰੇ ਵਿਚ ਰਮਿਆ ਹੋਇਆ ਹੈ। ਭਗਤ ਕਬੀਰ ਜੀ ਉਸਨੂੰ ਦੋ ਅਖਰਾਂ ('ਰ' 'ਮ' ਰਾਮ) ਰਾਹੀਂ ਬਿਆਨ ਕਰਦੇ ਹੋਏ ਕਹਿੰਦੇ ਹਨ ਕਿ ਹੇ ਮਨੁੱਖ, ਤੂੰ ਰਾਮ ਦੇ ਦੋ ਅਖਰ ਉਚਾਰਨ ਕਰ। ਖਸਮ, ਭਾਵ ਮਾਲਕ ਪਰਮਾਤਮਾ ਨੂੰ ਜੇਕਰ ਮੰਜ਼ੂਰ ਹੋਵੇਗਾ ਤਾਂ ਜਿੱਥੇ ਕਿਤੇ ਲੋੜ ਪਈ, ਉਹ ਆਪ ਹੀ ਤੈਨੂੰ ਬਚਾ ਲਵੇਗਾ:

*ਕਹੁ ਕਬੀਰ ਅਖਰ ਦੁਇ ਭਾਖਿ॥*

*ਹੋਇਗਾ ਖਸਮੁ ਤ ਲੇਇਗਾ ਰਾਖਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੩੨੯)*

ਅਖਰ ਅਨੁਭਵ

'ਅਖਰ' ਰਾਹੀਂ ਗਿਆਨ ਪ੍ਰਾਪਤੀ ਕਰਨ ਵਾਲਾ ਵਿਅਕਤੀ ਇਸ ਨਾਸ਼ਮਾਨ ਸੰਸਾਰ ਨਾਲੋਂ ਮੋਹ ਤਿਆਗ ਦਿੰਦਾ ਹੈ। ਉਹ ਜਾਣ ਜਾਂਦਾ ਹੈ ਕਿ ਸੰਸਾਰ ਵਿਚ ਕੁਝ ਵੀ ਸਥਿਰ ਨਹੀਂ ਤੇ ਹਰੇਕ ਵਿਅਕਤੀ ਨੂੰ ਆਪਣੇ ਕੀਤੇ ਕਰਮਾਂ ਦਾ ਫ਼ਲ ਮਿਲਦਾ ਹੈ। ਅਜਿਹੀ ਅਵਸਥਾ ਪ੍ਰਾਪਤ ਕਰ ਕੇ ਉਹ ਦੂਸਰਿਆਂ ਨੂੰ ਦੋਸ਼ ਦੇਣੇ ਬੰਦ ਕਰ ਦਿੰਦਾ ਹੈ ਅਤੇ ਨਾ ਹੀ ਕਿਸੇ ਨੂੰ ਮੰਦਾ ਬੋਲਦਾ ਹੈ। ਅਜਿਹਾ ਵਿਅਕਤੀ ਸਮਝ ਜਾਂਦਾ ਹੈ ਕਿ ਵਾਦ-ਵਿਵਾਦ ਰਾਹੀਂ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ਇਸ ਲਈ ਉਹ ਮੂਰਖਾਂ ਨਾਲ ਝਗੜਨਾ ਛੱਡ ਦਿੰਦਾ ਹੈ :

*ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ॥*
*ਮੂਰਖੈ ਨਾਲਿ ਨ ਲੁਝੀਐ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੩)*

ਅਖਰ ਵਿਹੁਣਾ ਮਨੁੱਖ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਮਨੁੱਖ ਨੂੰ ਉਪਦੇਸ਼ ਦਿੰਦੀ ਹੈ ਕਿ ਬਵੰਜਾ ਅਖਰ (ਸੰਸਕ੍ਰਿਤ ਦੇ ਵਿਦਵਾਨਾਂ ਨੇ ੫੨ ਅਖਰ ਕਲਪੇ ਹਨ) ਵਰਤ ਕੇ ਲੋਕਾਂ ਨੇ ਪੁਸਤਕਾਂ ਤਾਂ ਲਿਖ ਦਿੱਤੀਆਂ ਹਨ, ਪਰੰਤੂ ਜਗਤ ਉਨ੍ਹਾਂ ਪੁਸਤਕਾਂ ਰਾਹੀਂ ਨਾਸ਼ ਰਹਿਤ ਪਰਮਾਤਮਾ ਨੂੰ ਨਹੀਂ ਪਛਾਣ ਸਕਿਆ। ਅਖਰਾਂ ਨੂੰ ਪੜ੍ਹ ਕੇ ਜੇਕਰ ਉਸਦੇ ਭੇਤ ਨੂੰ ਹੀ ਨਾ ਬੁਝ ਸਕੇ ਤਾਂ ਉਨ੍ਹਾਂ ਅਖਰਾਂ ਨੂੰ ਜੋੜਨ, ਪੜ੍ਹਨ ਦਾ ਕੋਈ ਫ਼ਾਇਦਾ ਨਹੀਂ:

*ਬਾਵਨ ਅਖਰ ਜੋਰੇ ਆਨਿ॥*
*ਸਕਿਆ ਨ ਅਖਰੁ ਏਕੁ ਪਛਾਨਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੩)*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ 'ਮ' ਅਖਰ ਰਾਹੀਂ ਦਰਸਾਇਆ ਗਿਆ ਹੈ ਕਿ ਮਾਇਆ ਦਾ ਮੋਹ ਮਨੁਖ ਦੀ ਆਤਮਿਕ ਮੌਤ ਹੈ। ਜਦੋਂ ਮੌਤ ਸਿਰ 'ਤੇ ਆਉਂਦੀ ਹੈ, ਤਾਂ ਮਨੁੱਖ ਨੂੰ ਪਰਮਾਤਮਾ ਚੇਤੇ ਆਉਂਦਾ ਹੈ। ਦੂਜੇ ਪਾਸੇ ਮਨੁੱਖ ਜਿਉਂਦੇ ਪਰਮਾਤਮਾ ਦੇ ਨਾਮ ਨੂੰ ਵਿਸਾਰੀ ਰੱਖਦਾ ਹੈ। ਉਸਨੂੰ ਨਾ ਮੌਤ ਚੇਤੇ ਆਉਂਦੀ ਹੈ ਅਤੇ ਨਾ ਮਧੁਸੂਦਨ (ਪਰਮਾਤਮਾ):

*ਮੰਮੈ ਮੋਹੁ ਮਰਣੁ ਮਧੁਸੂਦਨੁ ਮਰਣੁ ਭਇਆ ਤਬ ਚੇਤਵਿਆ॥*
*ਕਾਇਆ ਭੀਤਰਿ ਅਵਰੋ ਪੜਿਆ ਮੰਮਾ ਅਖਰੁ ਵੀਸਰਿਆ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੩੪)*

ਗਿਆਨ ਰਤਨਾਵਲੀ ਦਾ ਕਰਤਾ ਉਕਤ ਪੰਕਤੀਆਂ ਦੀ ਵਿਆਖਿਆ ਕਰਦਾ ਹੋਇਆ ਦੱਸਦਾ ਹੈ ਕਿ 'ਮ' ਅੱਖਰ ਰਾਹੀਂ ਗੁਰੂ ਸਾਹਿਬ ਸਿੱਖਿਆ ਦਿੰਦੇ ਹਨ ਕਿ ਜਿਹੜਾ ਮਨੁੱਖ ਆਪਣੇ ਮਨ ਨੂੰ ਮਾਰਦਾ ਹੈ, ਉਹ ਹੀ ਅਸਲ ਵਿਚ ਮਧੁਸੂਦਨ (ਪਰਮਾਤਮਾ) ਰੂਪ ਹੈ। ਅਸਚਰਜ ਮਾਇਆ ਦੇ ਮੋਹ ਕਾਰਨ ਮਨੁੱਖ ਪਰਮਾਤਮਾ ਦੇ ਨਾਮ ਨੂੰ ਨਹੀਂ ਧਿਆਉਂਦਾ, ਜਿਸ ਕਾਰਨ ਅੰਤ ਸਮੇਂ ਉਸ ਨੂੰ ਪਛਤਾਉਣਾ ਪੈਂਦਾ ਹੈ :

*ਮਮਾ ਅਖਰ ਕਹਿੰਦਾ ਹੈ ਜੋ ਆਪਣੇ ਮਨ ਕੋ ਮਾਰਤਾ ਹੈ*
*ਸੋਈ ਮਧੁਸੂਦਨ ਰੂਪ ਹੈ। ਅਸਚਰਜ ਮਾਇਆ ਕਾ ਮੋਹ ਹੈ ਜੋ*

*ਪ੍ਰਾਣਾ ਤੇ ਲਗਿ ਚਿਤ ਨਹੀ ਕਰਦਾ ਅੰਤ ਪਛੋਤਾਵਦਾ ਹੈ।*[੯]

ਮਨੁੱਖ ਵਿੱਦਿਆ ਪੜ੍ਹ-ਪੜ੍ਹ ਕੇ ਹੰਕਾਰ ਕਰਨ ਨਾਲ ਕੁਰਾਹੇ ਹੀ ਪੈਂਦਾ ਹੈ। ਅਜਿਹੇ ਮਨੁੱਖ ਅੰਦਰ ਭੇਖ ਕਰਨ ਨਾਲ ਵੀ ਅਭਿਮਾਨ ਪੈਦਾ ਹੁੰਦਾ ਹੈ। ਮਨੁੱਖ ਤੀਰਥਾਂ ਉਤੇ ਇਸ਼ਨਾਨ ਕਰਦਾ ਜ਼ਰੂਰ ਹੈ, ਪਰੰਤੂ ਉਸਦਾ ਮਨ ਪਵਿੱਤਰ ਨਹੀਂ ਹੁੰਦਾ:

*ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ॥*
*ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੧)*

ਗੁਰਬਾਣੀ ਦੀ ਦ੍ਰਿਸ਼ਟੀ ਵਿਚ ਜਿਨ੍ਹਾਂ ਨੂੰ ਸੁਧਿ ਅਥਵਾ ਸੂਝ ਨਹੀਂ, ਨਾ ਹੀ ਉਨ੍ਹਾਂ ਕੋਲ ਕੁਝ ਸਮਝਣ ਵੀ ਬੁੱਧੀ ਹੈ ਅਤੇ ਨਾ ਹੀ ਅਕਲ ਦੀ ਸਾਰ ਹੈ ਅਤੇ ਉਹ ਇਕ ਅਖਰ ਵੀ ਪੜ੍ਹਨਾ ਨਹੀਂ ਜਾਣਦੇ, ਉਹ ਪਰਮਾਤਮਾ ਅਥਵਾ ਗਿਆਨ ਰੂਪੀ ਅਖਰ ਨੂੰ ਸਮਝਣ ਦੇ ਸਮਰਥ ਨਹੀਂ ਹਨ :

*ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੪੬)*

ਸਾਰ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ 'ਅਖਰ' ਸਬਦ ਦੇ ਬਹੁਤ ਪਾਸਾਰ ਹਨ। ਗੁਰਬਾਣੀ ਵਿਚ ਅਖਰ ਨੂੰ ਹਰਫ; ਉਪਦੇਸ਼/ਸਬਦ; ਨਾਮ ਅਤੇ ਈਸ਼ਵਰ ਰੂਪ ਵਿਚ ਬਿਆਨ ਕੀਤਾ ਮਿਲਦਾ ਹੈ। 'ਅਖਰ' ਦੇ ਉਕਤ ਰੂਪਾਂ ਦੀ ਵਿਆਖਿਆ ਕਰਨ ਦਾ ਜਤਨ ਮਾਤਰ ਕੀਤਾ ਗਿਆ ਹੈ।

ਹਵਾਲੇ :


੧. ਭਾਈ ਵੀਰ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,* ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ੨੦੦੩ (ਸਤਵੀਂ ਵਾਰ), ਪੰਨਾ ੧੨.

੨. *ਉਹੀ,* ਪੰਨਾ ੧੨.

੩. *ਮਹਾਨ ਕੋਸ਼,* ਪੰਨਾ ੩੮.

੪. ਪ੍ਰੋ. ਪਿਆਰਾ ਸਿੰਘ ਪਦਮ, *ਗੁਰਮੁਖੀ ਲਿੱਪੀ ਦਾ ਇਤਿਹਾਸ,* ਕਲਗੀਧਰ ਕਲਮ ਫਾਊਂਡੇਸ਼ਨ ਕਲਮ ਮੰਦਿਰ, ਪਟਿਆਲਾ, ੨੦੦੦ (ਸਤਵੀਂ ਵਾਰ), ਪੰਨਾ ੧੩.

੫. *ਉਹੀ,* ਪੰਨਾ ੬.

੬. ਡਾ. ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼* (ਭਾਗ ਪਹਿਲਾ), ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੦੨, ਪੰਨਾ ੨੮.

੭. *ਉਹੀ* (ਭਾਗ ਪਹਿਲਾ), ਪੰਨਾ ੨੮.

੮. ਮਿਹਰਬਾਨ ਸੋਢੀ, *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,* (ਸੰਪਾ.) ਕਿਰਪਾਲ ਸਿੰਘ, ਸਿੱਖ ਹਿਸਟਰੀ ਰੀਸਰਚ ਡੀਪਾਰਟਮੈਂਟ, ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ, ੧੯੬੨, ਪੰਨੇ ੩੫-੬.

੯. ਡਾ. ਜਸਬੀਰ ਸਿੰਘ ਸਾਬਰ, *ਗਿਆਨ ਰਤਨਾਵਲੀ* (ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ): *ਸੰਪਾਦਨ ਅਤੇ ਪਾਠ-ਆਲੋਚਨ,* ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ, ੧੯੯੩, ਪੰਨਾ ੨੫੨.

*ਨਵੰਬਰ ੨੦੨੨ ਦਾ ਬਾਕੀ:*

# ਸ੍ਰੀ ਗੁਰੁ ਪੰਥ ਪ੍ਰਕਾਸ਼ : ਵਿਵਰਨਾਤਮਿਕ ਅਧਿਐਨ

*-ਬੀਬੀ ਜਸਪ੍ਰੀਤ ਕੌਰ**

੧੩. ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਕਥਾ ਅਰੰਭ : (ਕਵੀ ਜੀ ਨੇ ਗੁਰੂ ਹਰਿਰਾਇ ਜੀ ਨੂੰ ਨਮਸਕਾਰ ਕੀਤੀ ਹੈ।) ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਸੰਮਤ ਪੰਦ੍ਰਾਂ ਸੌ ਏਕ ਸਾਠ ਵਿਚ ਮੱਤੇ ਕੀ ਸਰਾਂਇ ਵਿਚ ਹੋਇਆ। ਪਿਤਾ ਫੇਰੂ ਚੰਦ ਤੇਹਣ ਮਾਤਾ ਸਭਰਾਈ ਦੇ ਘਰ ਹੋਇਆ। ਆਪ ਜੀ ਦਾ ਨਾਮ ਲਹਿਣਾ ਰੱਖਿਆ ਗਿਆ। ਸੰਮਤ ੧੫੭੮ ਬਾਬਰ ਦੇ ਹਮਲੇ ਤੋਂ ਬਾਅਦ ਆਪ ਜੀ ਦਾ ਪਰਵਾਰ ਖਡੂਰ ਸਾਹਿਬ ਵੱਸ ਗਿਆ। ਫਿਰ ਆਪ ਜੀ ਦੀ ਕੁੜਮਾਈ ਹੋ ਗਈ। ੧੫੮੩ ਵਿਚ ਆਪ ਜੀ ਸ੍ਰੀ ਗੁਰੂ ਨਾਨਕ ਸਾਹਿਬ ਪਾਸ ਆਏ ਤੇ ਉੱਥੇ ਹੀ ਰਹਿ ਗਏ। ਫਿਰ ਆਪ ਜੀ ਨੇ ਗੁਰੂ ਜੀ ਦੀ ਸੇਵਾ ਕੀਤੀ, ਆਪ ਜੀ ਦੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੱਖ-ਵੱਖ ਪ੍ਰੀਖਿਆਵਾਂ ਲਈਆਂ, ਜਦੋਂ ਆਪ ਸਭ ਵਿੱਚੋਂ ਪਾਸ ਹੋ ਗਏ ਤਾਂ ਆਪ ਜੀ ਨੂੰ ਗੁਰਿਆਈ ਮਿਲੀ। ਸ੍ਰੀ ਗੁਰੂ ਨਾਨਕ ਦੇਵ ਜੀ ਇਕ ਸਾਲ ਬਾਅਦ ਜੋਤੀ ਜੋਤ ਸਮਾ ਗਏ।

੧੪. ਗੁਰਿਆਈ ਤੋਂ ਜੋਤੀ ਜੋਤ ਸਮਾਉਣ ਤਕ ਦੀ ਕਥਾ : (ਕਵੀ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਨਮਸਕਾਰ ਕਰਦੇ ਹਨ।) ਆਪ ਜੀ ਗੁਰਿਆਈ ਮਿਲਣ ਤੋਂ ਬਾਅਦ ਸਦਾ ਪਰਮਾਤਮਾ ਦੀ ਭਗਤੀ ਵਿਚ ਲੀਨ ਰਹਿੰਦੇ ਸਨ। ਆਪ ਜੀ ਦੇ ਘਰ ਦੋ ਪੁੱਤਰ ਦਾਸੂ ਤੇ ਦਾਤੂ ਮਾਤਾ ਖੀਵੀ ਜੀ ਤੋਂ ਹੋਏ। ਆਪ ਜੀ ਨੇ ਅਨੇਕਾਂ ਕਾਰਜ ਕੀਤੇ ਜਿਵੇਂ ਗੁਰਮੁਖੀ ਲਿਪੀ, ਲੰਗਰ ਆਦਿ। ਫਿਰ ਆਪ ਜੀ ਪਾਸ ਸ੍ਰੀ ਗੁਰੂ ਅਮਰਦਾਸ ਜੀ ਆਏ ਤੇ ਆਪ ਜੀ ਦੀ ਸੇਵਾ ਕੀਤੀ। ਆਪ ਜੀ ਨੂੰ ਗੁਰੂ ਜੀ ਨੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ ਆਦਿ ਵਰ ਦਿੱਤੇ।

੧੫. ਸ੍ਰੀ ਗੁਰੂ ਅਮਰਦਾਸ ਜੀ ਦੀ ਕਥਾ : (ਕਵੀ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਨਮਸਕਾਰ ਕਰਦਾ ਹੈ।) ਆਪ ਜੀ ਦਾ ਪ੍ਰਕਾਸ਼ ੧੫੩੬ ਬਿਕ੍ਰਮੀ ਨੂੰ ਬਾਸਰਕੇ ਤੇਜ ਭਾਨ ਭੱਲਾ ਜੀ ਦੇ ਘਰ ਮਾਤਾ ਲੱਖੋ ਦੀ ਕੁੱਖੋਂ ਹੋਇਆ। ਆਪ ਜੀ ਦਾ ਵਿਆਹ ਸੰਮਤ ੧੫੭੧ ਬਿਕ੍ਰਮੀ ਵਿਚ ਮਨਸਾ ਦੇਈ ਨਾਲ ਹੋਇਆ। ਆਪ ਜੀ ਦੇ ਘਰ ਦੋ ਪੁੱਤਰ ਮੋਹਨ ਜੀ, ਮੋਹਰੀ ਜੀ ਅਤੇ ਦੋ ਸਪੁੱਤਰੀਆਂ ਬੀਬੀ ਭਾਨੀ ਜੀ ਅਤੇ ਬੀਬੀ ਦਾਨੀ ਜੀ ਪੈਦਾ ਹੋਏ। ਆਪ ਜੀ ਬੀਬੀ ਅਮਰੋ ਜੀ ਤੋਂ ਬਾਣੀ ਸੁਣ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪਾਸ ਆਏ। ਉਸ ਸਮੇਂ ਆਪ ਦੀ ਉਮਰ ੬੨ ਸਾਲ ਸੀ। ਆਪ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਵਾਉਣ ਲਈ ਬਿਆਸ ਦਰਿਆ ਤੋਂ ਰੋਜ਼ ਪਾਣੀ ਲੈ ਕੇ ਆਉਂਦੇ ਸਨ। ਆਪ ਜੀ ਨੇ ਗੋਇੰਦਵਾਲ ਸਾਹਿਬ ਦੀ ਨੀਂਹ ਰੱਖੀ। ਆਪ ਜੀ ਨੇ ੨੨ ਮੰਜੀਆਂ ੫੨ ਪੀੜ੍ਹੇ ਸਥਾਪਿਤ ਕੀਤੇ। ਆਪ ਜੀ ਨੇ ਅਨੇਕਾਂ ਕਾਰਜ ਕੀਤੇ।

**ਖੋਜਾਰਥਣ, ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ-੧੪੭੦੦੨ : ਮੋ. +੯੧੯੭੨੯੮-੩੮੩੩੫*

੧੬. ਸ੍ਰੀ ਗੁਰੂ ਰਾਮਦਾਸ ਜੀ ਦੀ ਕਥਾ : (ਕਵੀ ਜੀ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਧਿਆਨ ਧਰਦੇ ਹਨ।) ਆਪ ਜੀ ਦਾ ਪ੍ਰਕਾਸ਼ ਲਾਹੌਰ ਵਿਚ ੧੫੯੧ ਵਿਚ ਪਿਤਾ ਸੋਢੀ ਹਰਿਦਾਸ ਜੀ ਦੇ ਘਰ ਮਾਤਾ ਦਯਾ ਕੌਰ ਦੀ ਕੁੱਖੋਂ ਹੋਇਆ। ਆਪ ਜੀ ਦੀ ਨਾਨੀ ਨੇ ਆਪ ਨੂੰ ਪਾਲਿਆ। ਆਪ ਜੀ ਘੁੰਗਣੀਆਂ ਵੇਚ ਕੇ ਗੁਜ਼ਾਰਾ ਕਰਦੇ ਸਨ। ਆਪ ਜੀ ਦਾ ਵਿਆਹ ਬੀਬੀ ਭਾਨੀ ਨਾਲ ਹੋਇਆ। ਆਪ ਜੀ ਦੇ ਤਿੰਨ ਪੁੱਤਰ ਪ੍ਰਿਥੀ ਚੰਦ, ਮਹਾਂਦੇਵ ਤੇ ਅਰਜਨ ਮੱਲ (ਸ੍ਰੀ ਗੁਰੂ ਅਰਜਨ ਦੇਵ ਜੀ) ਹੋਏ। ਆਪ ਜੀ ਦੀਆਂ ਸ੍ਰੀ ਗੁਰੂ ਅਮਰਦਾਸ ਜੀ ਨੇ ਕਈ ਪ੍ਰੀਖਿਆਵਾਂ ਲਈਆਂ ਜਿਵੇਂ ਥੜ੍ਹਾ ਬਣਾਉਣਾ। ਆਪ ਜੀ ਨੇ ਰਾਮਦਾਸਪੁਰ ਨਗਰ ਸੰਮਤ ੧੬੨੭ ਬਿਕ੍ਰਮੀ ਵਿਚ ਵਸਾਇਆ। ਆਪ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸੰਮਤ ੧੬੩੭ ਵਿਚ ਗੁਰਿਆਈ ਦਿੱਤੀ। ਆਪ ਜੀ ਸੰਮਤ ੧੬੩੮ ਨੂੰ ਜੋਤੀ ਜੋਤ ਸਮਾ ਗਏ।
੧੭. ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਕਥਾ ਅਰੰਭ : (ਕਵੀ ਨੇ ਸਭ ਤੋਂ ਪਹਿਲਾਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਉਪਮਾ ਕੀਤੀ ਹੈ।) ਆਪ ਜੀ ਦਾ ਪ੍ਰਕਾਸ਼ ਗੋਇੰਦਵਾਲ ਸਾਹਿਬ ਵਿਚ ਹੋਇਆ। ਤੀਜੇ ਗੁਰੂ ਜੀ ਨੇ ਆਪ ਜੀ ਦੇ ਭਵਿੱਖ ਸੰਬੰਧੀ ਬਚਨ ਕੀਤੇ। ਆਪ ਜੀ ਨੇ ਸ੍ਰੀ ਅੰਮ੍ਰਿਤਸਰ ਸਰੋਵਰ ਬਣਾਇਆ। ਫਿਰ ਆਪ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀ ਨੀਂਹ ਸਾਈਂ ਮੀਆਂ ਮੀਰ ਜੀ ਤੋਂ ਰਖਵਾਈ। ਕਵੀ ਜੀ ਨੇ ਗੁਰੂ ਸਾਹਿਬ ਜੀ ਦੇ ਵੱਖ-ਵੱਖ ਸਿੱਖਾਂ ਜਿਵੇਂ-ਭਾਈ ਭਗਤੂ, ਭਾਈ ਮੰਝ ਆਦਿ ਬਾਰੇ ਦੱਸਿਆ ਹੈ।
੧੮. ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਕਥਾ-ਜਾਰੀ : ਇਸ ਵਿਚ ਕਵੀ ਨੇ ਭਾਈ ਬਹਿਲੋ ਜੀ ਦੀ ਕਥਾ, ਲਾਹੌਰ ਵਿਚ ਭਾਈ ਬੁੱਧੂ ਦਾ ਆਵਾ ਕੱਚਾ ਰਹਿਣਾ, ਭਾਈ ਲੱਖੂ ਦਾ ਮਿਠਾਈ ਛਕਣਾ ਤੇ ਆਵੇ ਦਾ ਸਹੀ ਹੋਣਾ ਆਦਿ ਘਟਨਾਵਾਂ ਨੂੰ ਵਰਣਨ ਕੀਤਾ। ਭਾਈ ਬਹੋੜੂ ਬਾਰੇ ਦੱਸਿਆ ਹੈ। ਵਜੀਰ ਖਾਨ ਨੂੰ ਠੀਕ ਕਰਨਾ, ਵਿਚ ਅਕਬਰ ਦਾ ਗੁਰੂ ਸਾਹਿਬ ਨੂੰ ਮਿਲਣਾ, ਤਰਨ ਤਾਰਨ ਵਸਾਉਣਾ, ਕਰਤਾਰਪੁਰ ਵਸਾਉਣਾ, ਗੁਰੂ ਗ੍ਰੰਥ ਜੀ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੀ ਸੰਪਾਦਨਾ ਕਰਨੀ ਆਦਿ ਘਟਨਾਵਾਂ ਦਾ ਵਰਣਨ ਕੀਤਾ ਹੈ।
੧੯. ਪ੍ਰਿਥੀ ਚੰਦ ਅਤੇ ਚੰਦੂ ਦਾ ਵਿਰੋਧ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਜੋਤੀ ਜੋਤ ਸਮਾਵਣਾ : ਕਵੀ ਨੇ ਇਸ ਬਿਸ੍ਰਾਮ ਵਿਚ ਪ੍ਰਿਥੀ ਚੰਦ ਦੁਆਰਾ ਗੁਰੂ ਜੀ ਦਾ ਵਿਰੋਧ, ਬਾਲ ਹਰਿਗੋਬਿੰਦ ਜੀ ਨੂੰ ਮਾਰਨ ਦੀ ਕੋਸ਼ਿਸ਼, ਚੰਦੂ ਦੁਆਰਾ ਵਿਰੋਧ, ਗੁਰੂ ਜੀ ਨੂੰ ਕੈਦ ਕਰਨਾ, ਗੁਰੂ ਜੀ ਦੇ ਸਿੰਘ ਭਾਈ ਪਿਰਾਣਾ ਜੀ ਨੂੰ ਸ਼ਹੀਦ ਕਰਨਾ, ਚੰਦੂ ਦੀ ਨੂੰਹ ਦਾ ਗੁਰੂ ਜੀ ਲਈ ਦੁੱਧ ਲੈ ਕੇ ਆਉਣਾ ਆਦਿ ਘਟਨਾਵਾਂ ਦਾ ਵਰਣਨ ਕੀਤਾ। ਸੰਮਤ ੧੬੬੩ ਵਿਚ ਗੁਰੂ ਜੀ ਜੋਤੀ ਜੋਤ ਸਮਾ ਗਏ।
੨੦. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼, ਬਾਲ ਲੀਲਾ, ਗੁਰਿਆਈ, ਪਾਤਸ਼ਾਹ ਨੂੰ ਮਿਲਣਾ ਤੇ ਕਿਲ੍ਹੇ ਗੁਆਲੀਅਰ ਜਾਣਾ : (ਕਵੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਯਾਦ ਕੀਤਾ ਹੈ) ਫਿਰ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਕਥਾ ਅਰੰਭ ਕੀਤੀ ਹੈ। ਆਪ ਜੀ ਦਾ ਪ੍ਰਕਾਸ਼ ਸੰਮਤ ੧੬੫੨ ਵਿਚ ਮਾਤਾ ਗੰਗਾ ਜੀ ਦੇ ਘਰ ਹੋਇਆ।

ਆਪ ਜੀ ਨੂੰ ਗੁਰਿਆਈ ਦੇਣ ਸਮੇਂ ਬਾਬਾ ਬੁੱਢਾ ਜੀ ਨੇ ਰਸਮ ਅਦਾ ਕੀਤੀ। ਆਪ ਜੀ ਨੇ ਮੀਰੀ-ਪੀਰੀ ਦੀਆਂ ਤਲਵਾਰਾਂ ਧਾਰਨ ਕੀਤੀਆਂ। ਆਪ ਜੀ ਨੇ ਅਕਾਲ ਬੁੰਗਾ ਬਣਵਾਇਆ। ਆਪ ਜੀ ਨੂੰ ਗੁਆਲੀਅਰ ਵਿਚ ਕੈਦ ਕੀਤਾ ਗਿਆ।

੨੧. ਬੰਦੀ ਛੋੜ ਸਤਿਗੁਰਾਂ ਨੇ ਬਵੰਜਾ ਕੈਦੀ ਰਾਜੇ ਛੁਡਾਉਣੇ ਤੇ ਚੰਦੂ ਨੂੰ ਸਜ਼ਾ ਦੇਣੀ: ਗੁਰੂ ਜੀ ਨੇ ਬਵਿੰਜਾ ਕੈਦੀ ਹਿੰਦੂ ਰਾਜਿਆਂ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਆਜ਼ਾਦ ਕਰਵਾਇਆ। ਗੁਰੂ ਜੀ ਦੇ ਸਿੱਖਾਂ ਨੇ ਚੰਦੂ ਨੂੰ ਸਜ਼ਾ ਦਿੱਤੀ।

੨੨. ਕਸ਼ਮੀਰ ਦੀ ਸੈਰ, ਸ੍ਰੀ ਹਰਿਗੋਬਿੰਦ ਪੁਰ ਵਸਾਉਣਾ, ਕੌਲਾਂ ਦਾ ਪ੍ਰਸੰਗ: ਆਪ ਜੀ ਨੇ ਸ੍ਰੀ ਹਰਿਗੋਬਿੰਦ ਪੁਰ ਵਸਾਇਆ। ਆਪ ਜੀ ਨੇ ਕਸ਼ਮੀਰ ਦੀ ਸੈਰ ਕੀਤੀ। ਆਪ ਜੀ ਬਾਰਮੂਲਾ, ਹਾਫ਼ਜ਼ਾਬਾਦ ਆਦਿ ਸਥਾਨਾਂ 'ਤੇ ਗਏ। ਬੀਬੀ ਕੌਲਾਂ ਕਾਜੀ ਦੀ ਧੀ ਸੀ। ਬੀਬੀ ਕੌਲਾਂ ਗੁਰੂ ਜੀ ਦੀ ਭਗਤ ਸੀ ਪਰ ਉਸਦੇ ਪਿਤਾ ਜੀ ਵਿਰੋਧੀ ਸਨ, ਉਹ ਰਾਮਦਾਸਪੁਰ ਆ ਗਈ। ਆਪ ਜੀ ਨੇ ਵੱਖ-ਵੱਖ ਥਾਵਾਂ 'ਤੇ ਯਾਤਰਾਵਾਂ ਕੀਤੀਆਂ। ਆਪ ਜੀ ਨੇ ਬਿਬੇਕਸਰ ਤਿਆਰ ਕਰਵਾਇਆ।

੨੩. ਕਿਲ੍ਹਾ ਲੋਹਗੜ੍ਹ (ਸ੍ਰੀ ਅੰਮ੍ਰਿਤਸਰ) ਅਤੇ ਸ੍ਰੀ ਹਰਿਗੋਬਿੰਦਪੁਰ ਦੇ ਜੰਗ : ਕਵੀ ਉਸ ਅਕਾਲ ਪੁਰਖ ਪ੍ਰਭੂ ਨੂੰ ਧਿਆਉਂਦਾ ਹੈ। ਲੋਹਗੜ੍ਹ ਦੀ ਜੰਗ ਦਾ ਕਾਰਨ ਬਾਜ਼ ਸੀ। ਇਸ ਜੰਗ ਵਿਚ ਮੁਗ਼ਲ ਹਾਰ ਗਏ।

੨੪. ਬਾਬਾ ਅਟੱਲ ਰਾਇ ਅਤੇ ਮਾਲਵੇ ਦਾ ਜੰਗ : ਬਾਬਾ ਅਟੱਲ ਰਾਇ ਜੀ ਨੇ ਬੱਚੇ ਨੂੰ ਜਿੰਦਾ ਕੀਤਾ। ਗੁਰੂ ਜੀ ਨੇ ਅੱਟਲ ਰਾਇ ਜੀ ਨੂੰ ਕਰਾਮਾਤ ਦਿਖਾਉਣ 'ਤੇ ਕਿਹਾ ਕਿ ਇਸ ਤਰ੍ਹਾਂ ਨਹੀ ਕਰਨਾ ਚਾਹੀਦਾ ਸੀ ਜੋ ਕੁਝ ਹੋ ਰਿਹਾ ਹੈ ਉਹ ਪਰਮਾਤਮਾ ਕਰ ਰਿਹਾ ਹੈ। ਬਾਬਾ ਅਟੱਲ ਰਾਇ ਜੀ ਸੰਮਤ ੧੬੮੭ ਨੂੰ ਜੋਤੀ ਜੋਤ ਸਮਾ ਗਏ। ਗੁਰੂ ਜੀ ਮਾਲਵੇ ਦੇਸ ਜਾਂਦੇ ਹੋਏ ਡਰੋਲੀ ਗਏ ਤੇ ਰੂਪਾ ਸੁੱਧੂ ਤੋਂ ਜਲ ਛਕਿਆ। ਮਾਲਵੇ ਦੀ ਜੰਗ ਦੋ ਘੋੜਿਆਂ ਕਰਕੇ ਹੋਈ ਜੋ ਪੈਂਦੇ ਖਾਨ ਲੈ ਕੇ ਆਇਆ ਸੀ। ਗੁਰੂ ਜੀ ਦੀ ਜਿੱਤ ਹੋਈ।

੨੫. ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਗੁਰਿਆਈ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜੋਤੀ ਜੋਤ ਸਮਾਉਣਾ : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰੂ ਹਰਿਰਾਇ ਜੀ ਨੂੰ ਗੁਰਿਆਈ ਸੌਂਪ ਦੇ ਕੇ ਆਪ ਸੰਮਤ ੧੬੯੫ ਨੂੰ ਕੀਰਤਪੁਰ ਵਿਖੇ ਜੋਤੀ ਜੋਤ ਸਮਾ ਗਏ।

੨੬. ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਕਥਾ ਆਰੰਭ : (ਕਵੀ ਸ੍ਰੀ ਗੁਰੂ ਅਰਜਨ ਦੇਵ ਜੀ ਅੱਗੇ ਬੇਨਤੀ ਕਰਦਾ ਕਹਿੰਦਾ ਹੈ) ਕਿ ਮੈਂ ਤੁਹਾਡੇ ਚਰਨਾਂ ਦਾ ਭੌਰਾ ਬਣਿਆ ਰਹਾਂ। ਸ੍ਰੀ ਗੁਰੂ ਹਰਿਰਾਇ ਜੀ ਦਾ ਪ੍ਰਕਾਸ਼ ਸੰਮਤ ੧੬੮੭ ਬਿਕ੍ਰਮੀ ਮਾਘ ਸੁਦੀ ੧੩ ਨੂੰ ਹੋਇਆ। ਆਪ ਸੰਗਤ ਨੂੰ ਉਪਦੇਸ਼ ਦਿੰਦੇ, ਫਿਰ ਦਿਨ ਚੜ੍ਹੇ ਆਪ ਸ਼ਿਕਾਰ ਕਰਨ ਜਾਂਦੇ। ਆਪ ਪੰਛੀਆਂ ਜਾਨਵਰਾਂ ਨੂੰ ਫੜ੍ਹ ਕੇ ਲੈ ਕੇ ਆਉਂਦੇ ਤੇ ਕੁਝ ਦਿਨ ਆਪਣੇ ਕੋਲ ਰੱਖਦੇ ਤੇ ਛੱਡ ਦਿੰਦੇ ਕਿਸੇ ਨੂੰ ਮਾਰਦੇ ਨਹੀਂ ਸਨ। ਆਪ ਜੀ ਨੇ ਦਾਰਾ ਸ਼ਿਕੋਹ ਦੀ ਮਦਦ ਕੀਤੀ।

੨੭. ਦਾਰਾ ਸ਼ਿਕੋਹ ਤੇ ਰਾਮ ਰਾਇ ਦਾ ਪ੍ਰਸੰਗ : (ਆਪ ਜੀ ਸੱਤਵੇਂ ਗੁਰੂ ਜੀ ਨੂੰ ਬੰਦਨਾ ਕਰਦੇ ਹਨ।) ਇਸ ਪ੍ਰਸੰਗ ਵਿਚ ਗੁਰੂ ਜੀ ਦੁਆਰਾ ਵੱਖ-ਵੱਖ ਸਥਾਨਾਂ 'ਤੇ

ਜਾਣ ਦਾ ਵੇਰਵਾ ਦਿੱਤਾ ਗਿਆ ਜਿਵੇਂ ਆਪ ਜੀ ਕੀਰਤਪੁਰ ਸਾਹਿਬ, ਤਰਨ ਤਾਰਨ ਸਾਹਿਬ, ਖਡੂਰ (ਖਡੂਰ ਸਾਹਿਬ) ਅਤੇ ਕਰਤਾਰਪੁਰ ਸਾਹਿਬ ਆਦਿ ਸਥਾਨਾਂ 'ਤੇ ਗਏ। ਆਪ ਜੀ ਪਾਸ ਦਾਰਾ ਸ਼ਿਕੋਹ ਆਇਆ ਉਸ ਨੇ ਗੁਰੂ ਜੀ ਨੂੰ ਬੰਦਨਾ ਕੀਤੀ। ਗੁਰੂ ਜੀ ਨੇ ਉਸ ਦੀ ਸਹਾਇਤਾ ਕੀਤੀ। ਦਾਰਾ ਲਾਹੌਰ ਦੀ ਤਰਫ ਗਿਆ ਫਿਰ ਉਹ ਫਕੀਰ ਹੋ ਗਿਆ। ਬਾਅਦ ਵਿਚ ਦਾਰਾ ਸ਼ਿਕੋਹ ਨੂੰ ਬਾਦਸ਼ਾਹ ਦੁਆਰਾ ਕਤਲ ਕਰ ਦਿੱਤਾ ਗਿਆ। ਰਾਮਰਾਇ ਨੇ ਬਾਣੀ ਦੀ ਤੁਕ ਬਦਲ ਦਿੱਤੀ ਜਿਸ ਤੋਂ ਗੁਰੂ ਜੀ ਬਹੁਤ ਨਿਰਾਸ਼ ਹੋਏ ਤੇ ਉਨ੍ਹਾਂ ਨੇ ਰਾਮਰਾਇ ਨੂੰ ਕਿਹਾ ਕਿ ਮੈਨੂੰ ਆਪਣਾ ਮੁਖ ਨਾ ਦਿਖਾਈਂ।

੨੮. ਸ੍ਰੀ ਕਰਤਾਰਪੁਰ ਸਾਹਿਬ ਜਾਣਾ, ਮਾਲਵੇ ਦੇਸ਼ ਵਿਚ ਰਹਿਣਾ ਤੇ ਫਿਰ ਕੀਰਤਪੁਰ ਪਹੁੰਚਣਾ : ਗੁਰੂ ਜੀ ਜਦੋਂ ਕਰਤਾਰਪੁਰ ਪਹੁੰਚੇ ਤਾਂ ਧੀਰਮੱਲ ਆ ਕੇ ਆਪ ਜੀ ਨੂੰ ਮਿਲਿਆ। ਉੱਥੋਂ ਗੁਰੂ ਜੀ ਮਾਲਵੇ ਦੇਸ ਆਏ ਗੁਰੂ ਜੀ ਦੇ ਸਿੱਖਾਂ ਨੇ ਗੁਰੂ ਜੀ ਦੀ ਸੇਵਾ ਕੀਤੀ। ਗੁਰੂ ਜੀ ਨੇ ਸੰਦਲੀ, ਫੂਲ ਤੇ ਬਖ਼ਸ਼ਿਸ਼ਾਂ ਕੀਤੀਆਂ।

੨੯. ਸ੍ਰੀ ਕਰਤਾਰਪੁਰ ਜਾਣਾ, ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਜੋਤੀ ਜੋਤ ਸਮਾਉਣਾ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਸੰਪੂਰਨ ਕਥਾ : ਗੁਰੂ ਜੀ ਛੇ ਮਹੀਨੇ ਕੀਰਤਪੁਰ ਸਾਹਿਬ ਬਿਤਾ ਕੇ ਉੱਥੋਂ ਚੱਲ ਕੇ ਰੋਪੜ, ਕੋਟਲੀ, ਬਸੀ, ਆਏ ਤੇ ਉੱਥੇ ਡੇਰਾ ਕੀਤਾ। ਫਿਰ ਗੁਰੂ ਜੀ ਕਰਤਾਰਪੁਰ ਆ ਗਏ। ਆਪ ਜੀ ਹਰਿਕ੍ਰਿਸ਼ਨ ਜੀ ਨੂੰ ਗੁਰਿਆਈ ਸੌਂਪ ਕੇ ਆਪ ਜੋਤੀ ਜੋਤ ਸਮਾ ਗਏ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਰਾਜਾ ਜੈ ਸਿੰਘ ਦੇ ਬੇਨਤੀ ਕਰਨ 'ਤੇ ਦਿੱਲੀ ਜਾਣ ਸਮੇਂ ਪੰਜੋਖਰੇ ਗਏ, ਗੂੰਗੇ ਤੋਂ ਗੀਤਾ ਦੇ ਅਰਥ ਕਰਵਾਏ, ਰਾਣੀ ਦੀ ਗੋਦ ਵਿਚ ਬੈਠ ਕੇ ਉਸ ਨੂੰ ਲੱਭਿਆ ਤੇ ਨਿਹਾਲ ਕੀਤਾ। ਆਪ ਜੀ "ਬਾਬਾ ਬਕਾਲੇ" ਕਹਿ ਕੇ ਜੋਤੀ-ਜੋਤ ਸਮਾ ਗਏ।

੩੦. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਕਥਾ ਅਰੰਭ : (ਕਵੀ ਜੀ ਗੁਰੂ ਅੰਗਦ ਦੇਵ ਜੀ ਨੂੰ ਬੰਦਨਾ ਕਰਦੇ ਹਨ।) ਆਪ ਜੀ ਦਾ ਪ੍ਰਕਾਸ਼ ਸੰਮਤ ੧੬੭੮ ਬਿਕ੍ਰਮੀ ਨੂੰ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਮਾਤਾ ਨਾਨਕੀ ਜੀ ਦੇ ਘਰ ਹੋਇਆ। ਭਾਈ ਮੱਖਣ ਸ਼ਾਹ ਲੁਬਾਣੇ ਦੁਆਰਾ ਆਪ ਜੀ ਨੂੰ ਲੱਭਿਆ, ਆਪ ਜੀ ਨੂੰ ਗੁਰਿਆਈ ਮਿਲੀ। ਆਪ ਜੀ ਜਦੋਂ ਸ੍ਰੀ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਗਏ ਤਾਂ ਧੀਰ ਮੱਲੀਆਂ ਨੇ ਦਰਵਾਜੇ ਬੰਦ ਕਰ ਦਿੱਤੇ।

੩੧. ਸ੍ਰੀ ਅਨੰਦਪੁਰ ਸ਼ਹਿਰ ਵਸਾਉਣਾ, ਧਰਮ ਪ੍ਰਚਾਰ ਲਈ ਜਾਣਾ, ਸ੍ਰੀ ਪਟਣੇ ਸਾਹਿਬ ਪਹੁੰਚਣਾ : ਆਪ ਜੀ ਨੇ ਸੰਮਤ ੧੭੨੧ ਮਾਘ ਸੁਦੀ ਪੰਚਮੀ ਨੂੰ ਸ੍ਰੀ ਅਨੰਦਪੁਰ ਸ਼ਹਿਰ ਵਸਾਇਆ। ਆਪ ਜੀ ਸੰਮਤ ੧੭੨੨ ਵਿਚ ਪ੍ਰਚਾਰ ਯਾਤਰਾ 'ਤੇ ਗਏ। ਆਪ ਜੀ ਗੁਰ ਅਸਥਾਨਾਂ 'ਤੇ ਗਏ। ਆਪ ਜੀ ਰੋਪੜ, ਸੰਘੋਲ, ਲੋਪੋ, ਖੇੜੀ, ਅਨੰਦਪੁਰ ਕਲੌੜ, ਦਾਦੂਮਾਜਰਾ, ਉਗਾਣਾ, ਨੌਲੱਖਾ, ਸੁਹਾਣਾ, ਆਕੜ, ਰੋਹਟਾ, ਮੂਲੋਵਾਲ, ਫਰਵਾਹੀ, ਕੱਟੂ, ਧੌਲੇ, ਢਿਲਮਾਂ, ਭੰਦੇਰ, ਅਲੀਸ਼ੇਰ, ਜੋਗੇ, ਭੂਪਾਲ, ਖੀਵਾ, ਭਿਖੀ, ਖਿਆਲੇ, ਮੌੜ, ਦਮਦਮੇ, ਸੂਲੀਸਰ, ਧਮਧਾਨ, ਕੈਂਬਲਪੁਰ, ਕੜੇ, ਪ੍ਰਯਾਗ, ਪਟਨੇ ਆਦਿ ਥਾਵਾਂ 'ਤੇ ਗਏ।

੩੨. ਸ੍ਰੀ ਪਟਨਾ ਸਾਹਿਬ ਤੋਂ ਢਾਕੇ ਸ਼ਹਿਰ ਪਹੁੰਚਣਾ : ਗੁਰੂ ਜੀ ਪਟਨਾ ਤੋਂ ਢਾਕੇ

ਗਏ, ਉੱਥੋਂ ਬਿਸ਼ਨ ਸਿੰਘ ਨਾਲ ਕਾਮਰੂਪ ਦੇਸ਼ ਗਏ।
੩੩. ਕਾਮਰੂਪ ਤੇ ਆਸਾਮ ਦੇਸ਼ ਦਾ ਉੱਧਾਰ ਕੀਤਾ : (ਕਵੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਧਿਆਨ ਧਰਦਾ ਹੈ।) ਗੁਰੂ ਜੀ ਨੇ ਇਨ੍ਹਾਂ ਦੇਸਾਂ ਦਾ ਉੱਧਾਰ ਕੀਤਾ। ਉਸ ਸਮੇਂ ਗੁਰੂ ਜੀ ਨੂੰ ਆਪਣੇ ਘਰ ਪੁੱਤਰ ਹੋਣ ਬਾਰੇ ਖੁਸ਼ਖਬਰੀ ਇਕ ਸਿੱਖ ਨੇ ਦਿੱਤੀ। ਗੁਰੂ ਜੀ ਨੇ ਰਾਜਾਰਾਮ ਨੂੰ ਪੁੱਤਰ ਦਾ ਵਰ ਦਿੱਤਾ।
੩੪. ਬੰਗਾਲ ਤੇ ਉੜੀਸਾ ਦੀਆਂ ਸੰਗਤ ਦਾ ਉੱਧਾਰ, ਸ੍ਰੀ ਪਟਨਾ ਸਾਹਿਬ ਵਾਪਸ ਆਉਣਾ, ਫਿਰ ਵਾਪਸ ਅਨੰਦਪੁਰ ਸਾਹਿਬ ਪਹੁੰਚਣਾ : ਗੁਰੂ ਜੀ ਲੋਕਾਂ ਨੂੰ ਤਾਰਦੇ ਹੋਏ ਬੰਗਾਲ ਤੋਂ ਵਾਪਸ ਪਟਨਾ ਆਏ। ਆਪ ਜੀ ਪਟਨੇ ਆ ਕੇ ਆਪਣੇ ਪੁੱਤਰ ਨੂੰ ਦੇਖਿਆ ਤੇ ਖ਼ੁਸ਼ੀਆਂ ਮਨਾਈਆਂ। ਆਪ ਜੀ ਛੇ ਮਹੀਨੇ ਛੇ ਦਿਨ ਪਟਨੇ ਰਹੇ, ਫਿਰ ਅਨੰਦਪੁਰ ਸਾਹਿਬ ਆ ਗਏ।
੩੫. ਹਿੰਦੂ ਧਰਮ ਦੀ ਰੱਖਿਆ ਲਈ ਦਿੱਲੀ ਨੂੰ ਜਾਂਦਿਆਂ ਸ੍ਰੀ ਅਨੰਦਪੁਰ ਸਾਹਿਬ ਤੋਂ ਚੱਲ ਕੇ ਆਗਰੇ ਪਹੁੰਚਣਾ : (ਕਵੀ ਸ੍ਰੀ ਗੁਰੂ ਹਰਿਰਾਇ ਜੀ ਨੂੰ ਸੀਸ ਨਿਵਾਉਂਦਾ ਹੈ।) ਹਿੰਦੂਆਂ ਉੱਪਰ ਮੁਗ਼ਲਾਂ ਦੇ ਅੱਤਿਆਚਾਰ ਬਹੁਤ ਵਧ ਗਏ ਸਨ ਹਿੰਦੂਆਂ ਨੂੰ ਜਬਰਦਸਤੀ ਮੁਸਲਮਾਨ ਬਣਾਇਆ ਜਾਣ ਲੱਗਾ। ਹਿੰਦੂ ਆਪਣੇ ਧਰਮ ਦੀ ਰੱਖਿਆ ਲਈ ਗੁਰੂ ਜੀ ਪਾਸ ਆਏ ਤਾਂ ਗੁਰੂ ਜੀ ਨੇ ਕਿਹਾ ਕਿ ਮੁਗ਼ਲਾਂ ਨੂੰ ਕਹਿ ਦਿਉ ਜੇਕਰ ਤੇਗ ਬਹਾਦਰ (ਸ੍ਰੀ ਗੁਰੂ ਤੇਗ ਬਹਾਦਰ ਜੀ) ਹਿੰਦੂ ਬਣ ਜਾਣ ਤਾਂ ਅਸੀਂ ਵੀ ਹਿੰਦੂ ਬਣ ਜਾਵਾਂਗੇ। ਉਨ੍ਹਾਂ ਦੇ ਧਰਮ ਨੂੰ ਬਚਾਉਣ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣੇ ਪੁੱਤਰ ਨੂੰ ਗੁਰਿਆਈ ਸੌਂਪ ਕੇ ਦਿੱਲੀ ਵੱਲ ਨੂੰ ਤੁਰੇ। ਆਪ ਜੀ ਨਾਲ ਭਾਈ ਮਤੀ ਦਾਸ ਦੀਵਾਨ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਸਿੱਖ ਸਨ। ਆਪ ਜੀ ਦਿੱਲੀ ਜਾਂਦੇ ਹੋਏ ਸੈਫਾਬਾਦ, ਸਮਾਣੇ, ਜੀਂਦ, ਲਖਣ ਮਜਾਰੇ, ਰੋਹਤਕ, ਆਗਰੇ ਪਹੁੰਚੇ। ਇੱਥੋਂ ਦੇ ਕੋਤਵਾਲ ਨੇ ਗੁਰੂ ਜੀ ਦੇ ਆਗਰੇ ਹੋਣ ਦੀ ਖ਼ਬਰ ਬਾਦਸ਼ਾਹ ਕੋਲ ਪਹੁੰਚਾ ਦਿੱਤੀ।
੩੬. ਦਿੱਲੀ ਔਰੰਗਜ਼ੇਬ ਨਾਲ ਚਰਚਾ ਤੇ ਤਿੰਨਾਂ ਸਿੱਖਾਂ ਦਾ ਸ਼ਹੀਦ ਹੋਣਾ: ਬਾਦਸ਼ਾਹ ਨੇ ਗੁਰੂ ਜੀ ਤੇ ਸਿੱਖਾਂ ਨੂੰ ਕਿਹਾ ਇਸਲਾਮ ਕਬੂਲ ਲਵੋ ਜਾਂ ਕਰਾਮਾਤ ਦਿਖਾਉ, ਗੁਰੂ ਜੀ ਨੇ ਸਾਫ ਇਨਕਾਰ ਕਰ ਦਿੱਤਾ। ਬਾਦਸ਼ਾਹ ਨੇ ਭਾਈ ਮਤੀ ਦਾਸ ਜੀ ਨੂੰ ਸਰੀਰ ਚਿਰਵਾ ਕੇ ਸ਼ਹੀਦ ਕਰ ਦਿੱਤਾ, ਭਾਈ ਦਿਆਲਾ ਜੀ ਨੂੰ ਦੇਗ ਵਿਚ ਉਬਾਲ ਕੇ ਸ਼ਹੀਦ ਕਰ ਦਿੱਤਾ, ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਅੱਗ ਲਗਾ ਕੇ ਸ਼ਹੀਦ ਕਰ ਦਿੱਤਾ।
੩੭. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ : (ਕਵੀ ਸ੍ਰੀ ਗੁਰੂ ਗੋਬਿੰਦ ਜੀ ਦੇ ਚਰਨਾਂ ਦਾ ਆਸਰਾ ਲੈਂਦਾ ਹੈ।) ਗੁਰੂ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ, ਉਨ੍ਹਾਂ ਦਾ ਸੀਸ ਧੜ ਤੋਂ ਅਲੱਗ ਕਰ ਦਿੱਤਾ ਤੇ ਗੁਰੂ ਜੀ ਦਿੱਲੀ ਦੇ ਚਾਂਦਨੀ ਚੌਕ ਵਿਚ ਸ਼ਹੀਦ ਹੋ ਗਏ। ਲੱਖੀ ਸ਼ਾਹ ਵਣਜਾਰੇ ਨੇ ਗੁਰੂ ਜੀ ਦਾ ਧੜ ਚੁੱਕਿਆ ਤੇ ਸਸਕਾਰ ਕਰਨ ਲਈ ਆਪਣੇ ਘਰ ਨੂੰ ਅੱਗ ਲਾ ਦਿੱਤੀ। ਗੁਰੂ ਜੀ ਦਾ ਸੀਸ ਭਾਈ ਉਦੇ ਜੀ ਅਨੰਦਪੁਰ ਸਾਹਿਬ ਲੈ ਗਏ। ਸੰਮਤ ੧੭੩੨ ਨੂੰ ਗੁਰੂ ਜੀ ਸ਼ਹੀਦੀ ਪਾ ਗਏ।

*ਚਲਦਾ. . .*

# ਦੱਖਣੀ ਸਿੱਖਾਂ ਦੇ ਭਾਰਤ ਦੇ ਦੱਖਣ ਵਿਚ ਵੱਸਣ ਦੇ ਵੱਖ-ਵੱਖ ਪੜਾਅ

*-ਸ. ਜਗਰਾਜ ਸਿੰਘ**

ਪੰਜਾਬ ਅਤੇ ਪੰਜਾਬੀਆਂ ਲਈ ਉਹ ਦੱਖਣੀ ਸਿੱਖ ਹਨ। ਉਹ ਭਾਰਤ ਦੇ ਦੱਖਣੀ ਹਿੱਸੇ ਵਿਚ ਗੋਦਾਵਰੀ ਤੋਂ ਕ੍ਰਿਸ਼ਨਾ ਦਰਿਆਵਾਂ ਵਿਚਕਾਰਲੇ ਖ਼ਿੱਤੇ 'ਚ ਵੱਸਦੇ ਹਨ। ਉਹ ਖ਼ੁਦ ਨੂੰ ਦੱਖਣੀ ਸਿੱਖ ਸਦਵਾਉਂਦੇ ਹਨ। ਇਹ ਮੁੱਖ ਤੌਰ 'ਤੇ ਉਸ ਖ਼ਿੱਤੇ ਦੇ ਵਸਨੀਕ ਹਨ ਜਿੱਥੇ ਲੰਮਾ ਸਮਾਂ ਹੈਦਰਾਬਾਦ ਦੇ ਨਿਜ਼ਾਮ (੧੭੨੦-੧੯੪੮ ਈ.) ਦੀ ਹਕੂਮਤ ਰਹੀ ਹੈ। ਇਨ੍ਹਾਂ ਦੀ ਅਬਾਦੀ ਪੱਛਮ ਵਿਚ ਔਰੰਗਾਬਾਦ ਤੋਂ ਪੂਰਬ ਵਿਚ ਖਮਾਮ ਅਤੇ ਦੱਖਣ ਵਿਚ ਬਿਦਰ (ਹੈਦਰਾਬਾਦ) ਤਕ ਹੈ। ਇਸ ਖ਼ਿੱਤੇ ਵਿਚ ਤਿੰਨ ਮੁੱਖ ਭਾਸ਼ਾਈ-ਖੇਤਰ ਮਰਾਠੀ, ਤੇਲਗੂ ਤੇ ਕੰਨੜ ਪੈਂਦੇ ਹਨ ਅਤੇ ਪ੍ਰਸ਼ਾਸਕੀ ਤੌਰ 'ਤੇ ਇਹ ਮਹਾਂਰਾਸ਼ਟਰ, ਤੇਲੰਗਾਨਾ ਤੇ ਕਰਨਾਟਕ ਸੂਬਿਆਂ ਦਾ ਇਲਾਕਾ ਹੈ।[੧]

ਉੱਤਰੀ ਭਾਰਤ ਤੋਂ ਆ ਕੇ ਇਹ ਦੱਖਣੀ ਸਿੱਖ ਇਸ ਇਲਾਕੇ ਵਿਚ ਸਥਾਈ ਤੌਰ 'ਤੇ ਵੱਸ ਗਏ ਸਨ। ਇਸ ਇਲਾਕੇ ਵਿਚ ਆ ਕੇ ਵੱਸਣ ਕਾਰਨ ਇਨ੍ਹਾਂ ਸਿੱਖਾਂ ਨੂੰ ਦੱਖਣੀ ਕਿਹਾ ਜਾਂਦਾ ਹੈ। ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਧਰਮ-ਪ੍ਰਚਾਰ ਯਾਤਰਾਵਾਂ ਦੌਰਾਨ ਦੱਖਣ ਦੇ ਇਸ ਇਲਾਕੇ ਵਿਚ ਬੁਰਹਾਨਪੁਰ, ਬਸਮਤ, ਨਾਂਦੇੜ, ਬਿਦਰ, ਗੋਲਕੁੰਡਾ, ਵਿਜੇਵਾੜਾ ਆਦਿ ਸਥਾਨਾਂ ਉੱਤੇ ਸੰਗਤ ਕਾਇਮ ਕਰ ਕੇ ਸਿੱਖ ਧਰਮ ਦੇ ਪ੍ਰਚਾਰ ਕੇਂਦਰ ਸਥਾਪਿਤ ਕੀਤੇ ਸੀ। ਉਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਧਰਮ ਉਪਦੇਸ਼ ਨਾਲ ਉੱਥੋਂ ਦੇ ਸਥਾਨਕ ਵਾਸੀਆਂ ਨੂੰ ਨਿਹਾਲ ਕੀਤਾ ਸੀ। ਇਸ ਕਾਰਨ ਸਥਾਨਕ ਵਾਸੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੱਖ ਹੋ ਗਏ ਸਨ।

ਦੱਖਣੀ ਸਿੱਖਾਂ ਦੇ ਦੱਖਣ ਵਿਚ ਜਾ ਕੇ ਵੱਸਣ ਦੇ ਵੱਖ-ਵੱਖ ਪੜਾਅ (ਦੌਰ) ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਦਸਮ ਗੁਰੂ ਜੀ ਸੰਨ ੧੭੦੮ ਈ. ਵਿਚ ਨਾਂਦੇੜ ਗਏ। ਉਸ ਸਮੇਂ ਉਨ੍ਹਾਂ ਨਾਲ ਲੱਗਭਗ ਤਿੰਨ ਸੌ ਸਿੱਖ ਸਨ। ਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਉਨ੍ਹਾਂ ਸਿੱਖਾਂ ਵਿੱਚੋਂ ਕੁਝ ਪੰਜਾਬ ਪਰਤ ਆਏ ਪਰ ਬਹੁਤੇ ਉੱਥੇ ਹੀ ਰਹੇ ਅਤੇ ਉੱਥੇ ਹੀ ਸਥਾਨਕ ਇਸਤਰੀਆਂ ਨਾਲ ਵਿਆਹ ਰਚਾ ਕੇ ਪਰਵਾਰ ਚਲਾਏ। ਉਨ੍ਹਾਂ ਦੀ ਸੰਤਾਨ ਤੋਂ ਹੀ ਦੱਖਣੀ ਸਿੱਖਾਂ ਦਾ ਅਰੰਭ ਹੁੰਦਾ ਹੈ।[੨] ਇਹ ਪੰਜਾਬੀ ਸਿੱਖਾਂ ਨਾਲੋਂ ਸਿਰਫ਼ ਭਾਸ਼ਾ, ਡੀਲ-ਡੌਲ ਅਤੇ ਪਹਿਰਾਵੇ ਪੱਖੋਂ ਹੀ ਵੱਖਰੇ ਨਹੀਂ ਸਗੋਂ ਦਿਨ-ਤਿਹਾਰਾਂ (ਤਿਉਹਾਰਾਂ) ਨੂੰ ਮਨਾਉਣ ਦੇ ਢੰਗ ਤਰੀਕੇ ਵੀ ਇਨ੍ਹਾਂ ਦੇ ਵੱਖਰੇ ਹੀ ਹਨ।[੩]

ਪੰਜਾਬੀ ਸਿੱਖਾਂ ਤੋਂ ਇਨ੍ਹਾਂ ਦੀ ਭਾਸ਼ਾ ਅਤੇ ਸੱਭਿਆਚਾਰ ਵੀ ਅਲੱਗ ਹੈ। ਬੋਲੀ

*ਖੋਜਾਰਥੀ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ-੧੪੭੦੦੨; ਮੋ. +੯੧੭੫੮੯੪-੬੭੭੦੪

ਦਾ ਸੰਬੰਧ ਆਮ ਤੌਰ 'ਤੇ ਇਲਾਕੇ ਨਾਲ ਹੋਇਆ ਕਰਦਾ ਹੈ ਧਰਮ ਨਾਲ ਨਹੀਂ। ਅਜਿਹੇ ਮਹੌਲ ਵਿਚ (ਪੰਜਾਬ ਤੋਂ ਬਾਹਰ) ਪੰਜਾਬੀ ਬੋਲਣ ਸਿੱਖਣ ਦੇ ਮੌਕੇ ਬਹੁਤ ਘੱਟ ਸਨ ਜਿਸ ਕਰਕੇ ਸਿੱਖ ਸਥਾਨਕ ਬੋਲੀ ਬੋਲਣ ਲੱਗ ਪਏ, ਉਰਦੂ ਵੱਲ ਵਿਸ਼ੇਸ਼ ਧਿਆਨ ਹੋ ਗਿਆ ਕਿਉਂਕਿ ਇਹ ਰਿਆਸਤ (ਹੈਦਰਾਬਾਦ) ਦੀ ਸਰਕਾਰੀ ਭਾਸ਼ਾ ਸੀ। ਮਰਦਾਂ ਲਈ ਪੰਜ ਕਕਾਰ ਧਾਰਨ ਕਰਨੇ ਅੱਜ ਤਕ ਲਾਜ਼ਮੀ ਹਨ। ਵਧੀਕ ਔਰਤਾਂ (ਇਸਤਰੀਆਂ) ਸਥਾਨਕ ਲਿਬਾਸ (ਸਾੜ੍ਹੀ) ਪਹਿਨਦੀਆਂ ਹਨ ਤੇ ਸਥਾਨਕ ਬੋਲੀ ਬੋਲਦੀਆਂ ਹਨ।[੪] ਇਹ ਦੱਖਣੀ ਸਿੱਖ ਗੁਰਮਤਿ ਅਨੁਸਾਰ ਸਿੱਖ ਰਹਿਤ ਮਰਿਆਦਾ ਦਾ ਪਾਲਣ ਕਰਦਿਆਂ ਆਪਣਾ ਜੀਵਨ ਬਤੀਤ ਕਰਦੇ ਹਨ।

ਸਿੱਖਾਂ ਦਾ ਦੱਖਣ ਵਿਚ ਜਾ ਕੇ ਵੱਸਣ ਦਾ ਦੂਜਾ ਪੜਾਅ ਹੈਦਰਾਬਾਦ ਦੇ ਨਿਜ਼ਾਮ ਸਿਕੰਦਰ ਜਾਹ ਅਸਾਫ ਜਾਹ ਤੀਜਾ (੧੮੦੩-੨੯ ਈ.) ਦੇ ਸਮੇਂ ਸ਼ੁਰੂ ਹੁੰਦਾ ਹੈ। ਜਦੋਂ ਨਿਜ਼ਾਮ ਦੇ ਰਾਜ ਵਿਚ ਜਾਗੀਰਦਾਰਾਂ ਅਤੇ ਮਰਾਠਿਆਂ ਵੱਲੋਂ ਬਗ਼ਾਵਤ ਕੀਤੀ ਗਈ ਸੀ। ਇਸ ਸਮੇਂ ਹੈਦਰਾਬਾਦ ਦੇ ਨਿਜ਼ਾਮ ਨੇ ਆਪਣੇ ਵਜ਼ੀਰ ਚੰਦੂ ਲਾਲ (੧੭੬੬-੧੮੪੫ ਈ.) ਦੀ ਸਲਾਹ ਨਾਲ ਪੰਜਾਬ ਦੇ ਮਹਾਰਾਜਾ ਰਣਜੀਤ ਸਿੰਘ ਪਾਸੋਂ ਸੈਨਿਕ ਮਦਦ ਮੰਗੀ ਸੀ। ਮਹਾਰਾਜਾ ਰਣਜੀਤ ਸਿੰਘ ਨੇ ਨਿਜ਼ਾਮ ਦੀ ਸੈਨਿਕ ਮਦਦ ਕੀਤੀ ਅਤੇ ਹੈਦਰਾਬਾਦ ਰਿਆਸਤ ਅੰਦਰ ਫੈਲੀ ਬਦਅਮਨੀ ਉੱਪਰ ਕਾਬੂ ਪਾਇਆ ਸੀ। ਇਸ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ੧੨੦੦ ਚੋਣਵੇਂ ਸਿੱਖ ਜਵਾਨ, ੧੨ ਜਥੇਦਾਰਾਂ ਦੀ ਕਮਾਨ ਹੇਠ, ੧੨ ਬਟਾਲੀਅਨਾਂ (ਬੇੜੇ) ਦੇ ਰੂਪ ਵਿਚ ਭੇਜੇ ਸੀ। ਇਹ ਸਿੱਖ ਸੈਨਿਕ ਨਿਜ਼ਾਮ ਦੀ ਫੌਜ ਅੰਦਰ 'ਜਮਾਇਤ-ਏ-ਸਿੱਖਾਂ' ਫੌਜ ਕਰਕੇ ਮਸ਼ਹੂਰ ਹੋਏ। ਇਨ੍ਹਾਂ ਨੂੰ 'ਲਾਹੌਰੀ ਫ਼ੌਜ' ਵੀ ਕਿਹਾ ਜਾਂਦਾ ਹੈ। ਹੈਦਰਾਬਾਦ ਦੇ ਸਥਾਨਕ ਸਿੱਖਾਂ ਦਾ ਕਹਿਣਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਇਸ ਫ਼ੌਜ ਨੂੰ ਤਿੰਨ ਹੁਕਮ ਦਿੱਤੇ ਸੀ। ਪਹਿਲਾ ਇਹ ਕਿ ਜੰਗ ਦੇ ਮੈਦਾਨ ਵਿਚ ਪਿੱਠ ਨਹੀਂ ਦਿਖਾਉਣੀ। ਦੂਜਾ; ਅਗਰ ਜੰਗ ਨਹੀਂ ਵੀ ਹੋਈ ਤਾਂ ਉੱਥੇ ਹੀ ਵੱਸਣਾ ਹੈ ਜਦੋਂ ਤਕ ਮੈਂ ਨਹੀਂ ਬੁਲਾਵਾਂਗਾ। ਤੀਜਾ; ਗੁਰੂ ਦਾ ਬਾਣਾ ਅਤੇ ਸਿੱਖ ਰਹਿਤ ਕਦੇ ਨਹੀਂ ਛੱਡਣੀ ਅਤੇ ਸਿੱਖ ਧਰਮ ਦਾ ਪ੍ਰਚਾਰ ਕਰਨਾ ਹੈ। ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਨਾਂਦੇੜ ਵਿਖੇ ਤਖਤ ਸ੍ਰੀ ਹਜ਼ੂਰ ਸਾਹਿਬ ਦੀ ਉਸਾਰੀ ਲਈ ਪੰਜਾਬ ਤੋਂ ਸਰਦਾਰ ਚੰਦਾ ਸਿੰਘ ਦੀ ਅਗਵਾਈ ਹੇਠ ਸਿੰਘ ਅਤੇ ਕਾਰੀਗਰ ਭੇਜੇ ਸੀ। ਤਖ਼ਤ ਸਾਹਿਬ ਦੀ ਉਸਾਰੀ ਤੋਂ ਬਾਅਦ ਇਹ ਸਿੰਘ ਵੀ ਉੱਥੇ ਹੀ ਵੱਸ ਗਏ ਸੀ। ਉਨ੍ਹਾਂ ਨੇ ਸਥਾਨਕ ਇਸਤਰੀਆਂ ਨਾਲ ਵਿਆਹ ਕਰ ਕੇ ਆਪਣੇ ਪਰਵਾਰ ਬਣਾਏ। ਇਨ੍ਹਾਂ ਸਭ ਦੀ ਸੰਤਾਨ ਦੱਖਣੀ ਸਿੱਖਾਂ ਵਜੋਂ ਪ੍ਰਸਿੱਧ ਹੋਈ। ਸੰਨ ੧੯੧੧ ਈ. ਦੀ ਮਰਦਮ-ਸ਼ੁਮਾਰੀ ਵੇਲੇ ਇਨ੍ਹਾਂ ਦੀ ਗਿਣਤੀ ੪੬੩੭ ਸੀ। ਇਹ ਸਭ ਸਿੱਖ ਮਰਯਾਦਾ ਦੀ ਪੂਰੀ ਪਾਲਣਾ ਕਰਦੇ ਸਨ। ਪਰ ਇਨ੍ਹਾਂ ਉੱਤੇ ਪਿਆ ਸਥਾਨਕ ਪ੍ਰਭਾਵ ਅਤੇ ਸਥਾਨਕ ਇਸਤਰੀਆਂ ਦਾ ਪਰੰਪਰਾਗਤ ਸੱਭਿਆਚਾਰ ਪੰਜਾਬ ਦੇ ਸਿੱਖਾਂ ਨਾਲੋਂ ਇਨ੍ਹਾਂ ਦੀ ਵੱਖ ਪਛਾਣ ਕਾਇਮ ਕਰਦਾ ਆਇਆ ਹੈ।[੫] ੧੮੮੧ ਈ. ਦੀ ਮਰਦਮ-ਸ਼ੁਮਾਰੀ ਵਿਚ ਹੈਦਰਾਬਾਦ ਰਿਆਸਤ

ਅੰਦਰ ਸਿੱਖਾਂ ਦੀ ਗਿਣਤੀ ੪੩੩੫[੬] ਸੀ।

ਇੱਥੇ ਇਕ ਗੱਲ ਧਿਆਨ ਦੇਣ ਯੋਗ ਹੈ ਕਿ ਨਾਂਦੇੜ ਅਤੇ ਇਸ ਖੇਤਰ ਵਿਚ ਵੱਸਣ ਵਾਲੇ ਸਿੱਖਾਂ ਨੂੰ ਹਜ਼ੂਰੀ ਸਿੱਖ[੭] ਕਿਹਾ ਜਾਂਦਾ ਹੈ ਅਤੇ ਹੈਦਰਾਬਾਦ ਅਤੇ ਇਸ ਖੇਤਰ ਵਿਚ ਵੱਸਣ ਵਾਲੇ ਸਿੱਖਾਂ ਨੂੰ ਦੱਖਣੀ ਸਿੱਖ (ਲਾਹੌਰੀ ਫ਼ੌਜ) ਕਿਹਾ ਜਾਂਦਾ ਹੈ। ਹੈਦਰਾਬਾਦ ਦੇ ਸਿੱਖਾਂ ਨੂੰ ਨਿਜ਼ਾਮ ਦੀ ਭਰੋਸੇਯੋਗ ਲਾਹੌਰੀ ਫ਼ੌਜ ਮੰਨਿਆ ਗਿਆ ਹੈ। ਇਸ ਲਾਹੌਰੀ ਫ਼ੌਜ ਨੂੰ ਨਿਜ਼ਾਮ ਹੈਦਰਾਬਾਦ ਨੇ ਆਪਣੀ ਦੱਖਣੀ ਫ਼ੌਜ ਤੋਂ ਵਧੀਕ ਮਾਣ-ਸਨਮਾਨ, ਤਨਖਾਹਾਂ ਅਤੇ ਸਹੂਲਤਾਂ ਦਿੱਤੀਆਂ ਸਨ। ਇਹ ਲਾਹੌਰੀ ਫ਼ੌਜ ਹੈਦਰਾਬਾਦ ਰਿਆਸਤ ਦੇ ੧੯੫੬ ਈ. ਤਕ ਵਜੂਦ ਵਿਚ ਰਹਿਣ ਤਕ ਕਾਇਮ ਰਹੀ ਸੀ। ਨਿਜ਼ਾਮ ਦੇ ਇਲਾਕੇ ਦੀ ਵੰਡ ਹੋਣ ਕਾਰਨ ਅਤੇ ਰਿਆਸਤ ਦੇ ਖਤਮ ਹੋਣ ਨਾਲ ਦੱਖਣੀ ਸਿੱਖਾਂ ਉੱਪਰ ਬਹੁਤ ਅਸਰ ਪਿਆ, ਪਰ ਸਮੇਂ ਦੇ ਨਾਲ ਇਨ੍ਹਾਂ ਨੇ ਆਪਣੇ ਆਪ ਨੂੰ ਆਰਥਿਕ ਪੱਖੋਂ ਫਿਰ ਤੋਂ ਮਜ਼ਬੂਤ ਕਰ ਲਿਆ ਸੀ। ਰਿਆਸਤ ਦੇ ਖ਼ਤਮ ਹੋਣ ਮਗਰੋਂ ੧੯੫੬ ਈ. ਤੋਂ ਬਾਅਦ ਨਿਜ਼ਾਮ (ਮੀਰ ਓਸਮਾਨ ਖ਼ਾਨ ਆਸਫ਼ ਜਾਹ ਸੱਤਵਾਂ ੧੮੮੬-੧੯੬੭ ਈ.) ਨੇ ਆਪਣੇ ਮਹਿਲ ਵਾਸਤੇ ਨਿੱਜੀ ਸੈਨਿਕ ਟੁੱਕੜੀ ਕਾਇਮ ਕੀਤੀ ਸੀ। ਇਸ ਸੈਨਿਕ ਟੁੱਕੜੀ ਵਿਚ ਸਾਰੇ ਦੱਖਣੀ ਸਿੱਖ ਸਨ। ਇਸ ਤੋਂ ਪਹਿਲਾਂ ਵਜ਼ੀਰ ਚੰਦੂ ਲਾਲ ਨੇ ਆਪਣੇ ਨਿੱਜੀ ਅੰਗ ਰੱਖਿਅਕਾਂ ਵਿਚ ਵੀ ਸਿੱਖਾਂ ਨੂੰ ਹੀ ਰੱਖਿਆ ਸੀ।

ਸਿੱਖਾਂ ਦੇ ਦੱਖਣ ਵਿਚ ਜਾ ਕੇ ਵੱਸਣ ਦਾ ਤੀਜਾ ਦੌਰ ਦੇਸ਼ ਦੀ ਅਜ਼ਾਦੀ ਅਤੇ ਪੰਜਾਬ ਦੀ ਵੰਡ ਤੋਂ ਬਾਅਦ ਸ਼ੁਰੂ ਹੁੰਦਾ ਹੈ। ਪੰਜਾਬ (ਪਾਕਿਸਤਾਨ) ਤੋਂ ਉੱਜੜੇ ਹੋਏ ਹਜ਼ਾਰਾਂ ਸਿੱਖ ਹੈਦਰਾਬਾਦ ਰਿਆਸਤ ਦੇ ਅਨੇਕਾਂ ਨਗਰਾਂ ਵਿਚ ਜਾ ਵੱਸੇ। ਲੱਗਭਗ ਉਹ ਸਾਰੇ ਲੋਕ ਵਪਾਰੀ ਸਨ। ਇਸ ਲਈ ਉਨ੍ਹਾਂ ਨੇ ਆ ਕੇ ਆਪਣੇ ਪਿਤਾ-ਪੁਰਖੀ ਰੋਜ਼ਗਾਰ ਨੂੰ ਖ਼ੂਬ ਚਮਕਾਇਆ। ਦੱਖਣੀ ਸਿੱਖ ਵੀ ਉਨ੍ਹਾਂ ਦੇ ਸੰਪਰਕ ਵਿਚ ਆਏ ਅਤੇ ਉਨ੍ਹਾਂ ਵਿਚ ਰਚ-ਮਿਚ ਗਏ। ਹੁਣ ਉਨ੍ਹਾਂ ਨੂੰ ਪੰਜਾਬੀ ਸਿੱਖਾਂ ਨਾਲੋਂ ਨਿਖੇੜ ਸਕਣਾ ਸਰਲ ਨਹੀਂ।[੮] ਵਰਤਮਾਨ ਸਮੇਂ ਦੱਖਣੀ ਭਾਰਤ ਦੇ ਔਰੰਗਾਬਾਦ, ਨਾਗਪੁਰ, ਮੁੰਬਈ, ਪੂਨੇ, ਬਿਦਰ, ਹੈਦਰਾਬਾਦ ਆਦਿ ਵੱਡੇ ਸ਼ਹਿਰਾਂ ਵਿਚ ਸਿੱਖ ਵੱਸਦੇ ਹਨ। ਭਾਰਤ ਵਿਚ ਆਸਾਮ, ਮੇਘਾਲਿਆ, ਨਾਗਾਲੈਂਡ, ਬਿਹਾਰ, ਕਰਨਾਟਕ ਅਤੇ ਹੋਰ ਹਿੱਸਿਆਂ ਵਿਚ ਵੱਸਣ ਵਾਲੇ ਸਿੱਖ ਵੀ ਰਹਿਤ ਰੱਖਦੇ ਹਨ।[੯] ਨਵੇਂ ਸੰਪਰਕ ਕਾਰਨ ਦੱਖਣੀ ਸਿੱਖਾਂ ਦੀ ਸੋਚ ਬਦਲੀ ਅਤੇ ਵਪਾਰ ਵਿਚ ਰੁਚੀ ਵਧੀ। ਹੁਣ ਹੈਦਰਾਬਾਦ (ਆਂਧਰਾ ਪ੍ਰਦੇਸ਼)[੧੦] ਵਿਚ ਦੱਖਣੀ ਸਿੱਖ ਚੰਗੀ ਤਰ੍ਹਾਂ ਸਥਾਪਿਤ ਵਪਾਰੀ ਹੀ ਨਹੀਂ, ਠੇਕੇਦਾਰ, ਕਾਰਖਾਨੇਦਾਰ, ਵਕੀਲ, ਟਰਾਂਸਪੋਰਟਰ, ਸਿੱਖਿਆ ਸ਼ਾਸਤਰੀ ਅਤੇ ਕਿਸਾਨ ਵੀ ਹਨ।[੧੧]

ਪੰਜਾਬ ਦੇ ਰਾਜਨੀਤਿਕ ਅੰਦੋਲਨਾਂ ਤੋਂ ਦੱਖਣੀ ਸਿੱਖ ਹਮੇਸ਼ਾ ਪ੍ਰਭਾਵਿਤ ਹੁੰਦੇ ਰਹੇ ਹਨ। ਨਾਂਦੇੜ, ਹੈਦਰਾਬਾਦ ਖੇਤਰਾਂ ਦੇ ਦੱਖਣੀ ਸਿੱਖਾਂ ਨੇ ਭਾਰਤ ਦੀ ਅਜ਼ਾਦੀ ਦੀ ਲੜਾਈ ਵਿਚ ਆਪਣਾ ਸਹਿਯੋਗ ਦਿੱਤਾ। ਮੰਗਲ ਸਿੰਘ (ਪਿੱਛੋਂ ਪੰਜਾਬ ਚਲਾ ਗਿਆ) ਹਰਨਾਮ ਸਿੰਘ ਅਕਾਲੀ, ਇੰਦਰ ਸਿੰਘ, ਰਾਜਾ ਸਿੰਘ, ਪ੍ਰਤਾਪ ਸਿੰਘ, ਦਰਬਾਰਾ ਸਿੰਘ, ਕਾਮਰੇਡ ਕਰਮ ਸਿੰਘ ਅਤੇ ਲੇਖਕ (ਨਾਨਕ ਸਿੰਘ ਨਿਸ਼ਤਰ) ਦਾ ਵੱਡਾ ਭਰਾ

ਗੁਰਚਰਨ ਸਿੰਘ ਬੀ. ਏ. ਅਜ਼ਾਦੀ ਅੰਦੋਲਨ ਵਿਚ ਕਿਰਿਆਸ਼ੀਲ ਰਹੇ। ਇਨ੍ਹਾਂ ਸਾਰਿਆਂ ਦੀਆਂ ਕੁਰਬਾਨੀਆਂ ਸਵੀਕਾਰ ਕਰਦਿਆਂ ਇਨ੍ਹਾਂ ਨੂੰ ਸੁਤੰਤਰਤਾ ਸੈਨਿਕ ਸਨਮਾਨ, ਪੈਨਸ਼ਨ ਅਤੇ ਸੰਬੰਧਿਤ ਲਾਭ ਪ੍ਰਦਾਨ ਕੀਤੇ ਗਏ।[੧੨] ਭਾਰਤ ਦੇ ਦੱਖਣੀ ਖੇਤਰ ਵਿਚ ਪਿਛਲੇ ੧੫੦ ਸਾਲ ਦੇ ਅਰਸੇ ਤੋਂ ਹਿੰਦੂ, ਮੁਸਲਮਾਨ ਅਤੇ ਸਿੱਖ ਭਰਾਤਰੀ-ਭਾਵ ਅਤੇ ਅਮਨ-ਸ਼ਾਂਤੀ ਨਾਲ ਰਹਿੰਦੇ ਆ ਰਹੇ ਹਨ।

ਹਵਾਲੇ ਤੇ ਟਿੱਪਣੀਆਂ :


੧. *ਪੰਜਾਬੀ ਟ੍ਰਿਬਿਊਨ* ਅਖਬਾਰ, ਮਿਤੀ ੧੪ ਅਕਤੂਬਰ, ੨੦੧੯

੨. ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ,* ਭਾਗ ਦੂਜਾ, ਗੁਰ ਰਤਨ ਪਬਲਿਸ਼ਰਜ਼, ਪਟਿਆਲਾ, ੨੦੦੫, ਪੰਨਾ ੯੪੩.

੩. *ਪੰਜਾਬੀ ਟ੍ਰਿਬਿਊਨ ਅਖਬਾਰ,* ਮਿਤੀ ੧੪ ਅਕਤੂਬਰ, ੨੦੧੯

੪. ਨਾਨਕ ਸਿੰਘ ਨਿਸ਼ਤਰ, *ਤਖ਼ਤ ਸ਼੍ਰੀ ਹਜ਼ੂਰ ਸਾਹਿਬ ਇਤਿਹਾਸ ਅਤੇ ਸਿੱਖ ਪੰਥ ਨੂੰ ਦੇਣ,* ਪ੍ਰੋ. ਹਰਪਾਲ ਸਿੰਘ ਪੰਨੂ (ਪੰਜਾਬੀ ਅਨੁਵਾਦ), *ਗੁਰਮੀਤ ਸਿੰਘ ਕਿੰਦਰਾਆਫ ਹਿਊਸਟਨ,* ਯੂ. ਐਸ. ਏ., ਪਹਿਲੀ ਵਾਰ ਫਰਵਰੀ ੨੦੧੯, ਪੰਨਾ ੪੮.

੫. ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼ ਭਾਗ ਦੂਜਾ,* ਗੁਰ ਰਤਨ ਪਬਲਿਸ਼ਰਜ਼, ਪਟਿਆਲਾ, ੨੦੦੫, ਪੰਨਾ ੯੪੩.

੬. *ਇੰਪੀਰੀਅਲ ਗਜ਼ਟੀਅਰ ਆਫ਼ ਇੰਡੀਆ* ਪ੍ਰੋਵਿੰਸ਼ੀਅਲ ਸੀਰੀਜ਼ ਹੈਦਰਾਬਾਦ ਸਟੇਟ, ਸੁਪਰਡੈਂਟ ਆਫ਼ ਗਵਰਨਮੈਂਟ ਪ੍ਰਿੰਟਿੰਗ ਕਲਕੱਤਾ, ੧੯੦੯, ਪੰਨਾ ੨੪.

੭. ਗੁਰੂ ਦੀ ਸੇਵਾ ਵਿਚ ਸਦਾ ਹਾਜ਼ਰ ਰਹਿਣ ਵਾਲਾ ਸਿੱਖ। *ਮਹਾਨ ਕੋਸ਼* ਅਨੁਸਾਰ ਹਜ਼ੂਰੀਆ ਭਾਵ ਜਿਸ ਨੇ ਹਜ਼ੂਰ ਸਾਹਿਬ ਅਬਿਚਲਨਗਰ ਦੀ ਯਾਤ੍ਰਾ ਕੀਤੀ ਹੈ। ਦੂਜਾ ਭਾਵ ਹਜ਼ੂਰ ਸਾਹਿਬ ਵਿਚ ਰਹਿਣ ਵਾਲਾ (ਸਿੱਖ) ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼* ਜਿਲਦ ਦੂਜੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੧੦, ਪੰਨਾ ੫੯੭.

੮. ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼ ਭਾਗ ਦੂਜਾ,* ਗੁਰ ਰਤਨ ਪਬਲਿਸ਼ਰਜ਼, ਪਟਿਆਲਾ, ੨੦੦੫, ਪੰਨਾ ੯੪੩-੪੪.

੯. ਨਾਨਕ ਸਿੰਘ ਨਿਸ਼ਤਰ, *ਤਖ਼ਤ ਸ੍ਰੀ ਹਜ਼ੂਰ ਸਾਹਿਬ ਇਤਿਹਾਸ ਅਤੇ ਸਿੱਖ ਪੰਥ ਨੂੰ ਦੇਣ,* ਪ੍ਰੋ. ਹਰਪਾਲ ਸਿੰਘ ਪੰਨੂ (ਪੰਜਾਬੀ ਅਨੁਵਾਦ), *ਗੁਰਮੀਤ ਸਿੰਘ ਕਿੰਦਰਾ ਆਫ ਹਿਊਸਟਨ,* ਯੂ. ਐਸ. ਏ., ਫਰਵਰੀ ੨੦੨੦, ਪੰਨਾ ੫੧.

੧੦. ਅਜੋਕੇ ਸਮੇਂ ਹੈਦਰਾਬਾਦ ਤੇਲੰਗਾਨਾ ਰਾਜ ਵਿਚ ਸਥਿਤ ਹੈ। ਤੇਲੰਗਾਨਾ ਰਾਜ ਦੀ ਰਾਜਧਾਨੀ ਹੈਦਰਾਬਾਦ ਹੈ।

੧੧. ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼ ਭਾਗ ਦੂਜਾ,* ਗੁਰ ਰਤਨ ਪਬਲਿਸ਼ਰਜ਼, ਪਟਿਆਲਾ, ੨੦੦੫, ਪੰਨਾ ੯੪੪.

੧੨. ਨਾਨਕ ਸਿੰਘ ਨਿਸ਼ਤਰ, *ਤਖ਼ਤ ਸ਼੍ਰੀ ਹਜ਼ੂਰ ਸਾਹਿਬ ਇਤਿਹਾਸ ਅਤੇ ਸਿੱਖ ਪੰਥ ਨੂੰ ਦੇਣ,* ਪ੍ਰੋ. ਹਰਪਾਲ ਸਿੰਘ ਪੰਨੂ (ਪੰਜਾਬੀ ਅਨੁਵਾਦ), ਗੁਰਮੀਤ ਸਿੰਘ ਕਿੰਦਰਾ ਆਫ ਹਿਊਸਟਨ, ਯੂ. ਐਸ. ਏ., ਫਰਵਰੀ ੨੦੨੦, ਪੰਨਾ ੩੮.


■

*ਨਵੰਬਰ ੨੦੨੨ ਦਾ ਬਾਕੀ:*

# ਪੁਸਤਕ 'ਗੁਰਬਾਣੀ ਇਕ ਜੀਵਨ-ਜਾਚ':ਇਕ ਅੰਤਰ-ਝਾਤ

*-ਗਿ. ਸੁਰਿੰਦਰ ਸਿੰਘ ਨਿਮਾਣਾ**

ਪੁਸਤਕ ਦਾ (ਅ) ਭਾਗ ਕੁੱਲ ੭੮ ਸਟੈਂਡਰਡ ਪੰਨਿਆਂ ਉੱਪਰ ਫੈਲਿਆ ਹੋਇਆ ਪਾਠਕਾਂ ਦੇ ਸਨਮੁਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਕੁਝ ਕੁ ਪਾਵਨ ਬਾਣੀਆਂ ਦਾ ਅਤਿ ਲੋੜੀਂਦੇ ਵਿਸਥਾਰ ਸਹਿਤ ਚਿੰਤਨ ਅਤੇ ਅਧਿਐਨ ਵਿਸ਼ਲੇਸ਼ਣ ਪ੍ਰਸਤੁਤ ਕਰਦਾ ਹੈ। ਇਸ ਦਾ ਪਹਿਲਾ ਲੇਖ ਵਿਆਪਕ ਤੌਰ 'ਤੇ ਸਮੁੱਚੀ ਗੁਰਬਾਣੀ ਦੀ ਸਾਡੇ ਯੁੱਗ 'ਚ ਪੂਰੀ ਪ੍ਰਸੰਗਿਕਤਾ ਤੇ ਉੱਚੀ ਮਹੱਤਤਾ ਨੂੰ ਦਰਸਾਉਣਾ ਲੋੜਦਾ ਹੈ। ਇਹ ਲੇਖ ਸਾਨੂੰ ਸਿਰਫ਼ ਬਾਹਰਮੁਖੀ ਸਿਰ ਹੀ ਨਿਵਾ ਕੇ ਦਿਖਾਵੇ ਦਾ ਸਤਿਕਾਰ ਅਤੇ ਪੂਜਾ-ਉਪਾਸਨਾ ਵਾਲੇ ਰੂਪ 'ਚ ਗੁਰਬਾਣੀ ਨੂੰ ਮੌਜੂਦਾ ਸਮੇਂ ਲਏ ਜਾਣਦੇ ਵਡੇਰੇ ਝੁਕਾਅ ਦੀ ਪਛਾਣ ਕਰਦਾ ਹੋਇਆ ਸਾਨੂੰ ਗੁਰਬਾਣੀ ਖ਼ਜ਼ਾਨੇ ਨੂੰ ਖੋਲ੍ਹ ਕੇ ਪੜ੍ਹਨ, ਵਿਚਾਰਨ ਅਤੇ ਅਮਲ 'ਚ ਲਿਆਂਦੇ ਜਾਣ ਦੀ ਵੱਡੀ ਲੋੜਵੰਦੀ ਦਰਸਾਉਂਦਾ ਹੈ। ਲੇਖਕ ਅਨੁਸਾਰ ਇੱਕੀਵੀਂ ਸਦੀ ਦੇ ਤੇਜ਼ ਤਰਾਰ ਯੁੱਗ 'ਚ ਗੁਰਬਾਣੀ ਦੀ ਲੋੜਵੰਦੀ ਪਿਛਲੇ ਵਕਤਾਂ ਨਾਲੋਂ ਕਿਤੇ ਵੱਧ ਹੈ ਅਤੇ ਸਹੀ ਸੱਚੇ ਰੂਪ 'ਚ ਸਾਡੀਆਂ ਮੌਜੂਦਾ ਸਾਰੀਆਂ ਬੁਰੀਆਂ ਅਲਾਮਤਾਂ ਤੋਂ ਖਹਿੜਾ ਛੁਡਾਉਣ ਦਾ ਇਹ ਇਕ ਪੂਰਨ ਸਮਰੱਥ ਖਜ਼ਾਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸਮੁੱਚੇ ਸੰਸਾਰ ਦੀ ਤਾਂ ਗੱਲ ਕਰਦਾ ਹੀ ਹੈ ਇਹ ਤਾਂ ਸਮੁੱਚੇ ਬ੍ਰਹਿਮੰਡ ਨੂੰ ਹੀ ਆਪਣੇ ਪਿਆਰੇ ਕਲਾਵੇ ਵਿਚ ਲੈ ਲੈਂਦਾ ਹੈ। ਮਨੁੱਖਤਾ ਦੇ ਬਚਾਅ ਲਈ ਅਜਿਹੀ ਜੋੜਦੀ ਭਰੀ ਭਾਵਨਾ ਗੁਰਬਾਣੀ ਦੇ ਹੀ ਪੂਰਨ ਨਿਰਮਲ ਆਸ਼ੇ ਦੇ ਅਨੁਰੂਪ ਹੈ ਵਰਨਾ ਸੰਸਾਰ ਬੜੀਆਂ ਸੌੜੀਆਂ ਫਿਰਕੂ ਦੀਵਾਰਾਂ ਦੇ ਅੰਦਰ ਘਿਰਿਆ ਹੋਇਆ ਦਿੱਸ ਰਿਹਾ ਹੈ। ਇਸ ਨੂੰ ਇਨ੍ਹਾਂ 'ਚੋਂ ਬਾਹਰ ਦਾ ਰਸਤਾ ਦਿਖਾਉਣਾ ਸਿਰਫ਼ ਗੁਰੂ-ਪਾਤਸ਼ਾਹਾਂ ਦਾ ਹੀ ਨਿਰਮਲਤਮ ਅਮਲ-ਓ-ਕਰਮ ਹੈ। ਅਜਿਹਾ ਸਰਬ-ਸਾਂਝਾ ਸਦ-ਨਵੀਨ ਗ੍ਰੰਥ ਲਾਸਾਨੀ ਹੈ, ਦੁਰਲੱਭ ਹੈ। ਇਹ ਗੱਲ ਗੈਰ-ਸਿੱਖ ਵਿਦਵਾਨ ਪੁਰਸ਼ਾਂ ਅਤੇ ਮਹਾਨ ਇਸਤਰੀ ਚਿੰਤਕਾਂ ਨੇ ਨਿਰਸੰਕੋਚ ਸਵੀਕਾਰ ਤੇ ਪਾਸਾਰੀ ਹੋਈ ਹੈ। ਲੇਖਕ ਦੱਸਦਾ ਹੈ :

> ਨੋਬਲ ਪੁਰਸਕਾਰ ਵਿਜੇਤਾ ਪਰਲ ਬੱਕ ਦੇ ਸ਼ਬਦਾਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਇਕ ਹੈਰਾਨੀਜਨਕ ਨਵੀਨਤਾ ਹੈ ਅਤੇ ਇਹ ਬਾਣੀ ਸਾਰੇ ਸੰਸਾਰ ਲਈ ਸਾਂਝੀ ਹੈ।
>
> (ਸਫਾ ੮੦)

**C/O, ਸ. ਬਲਵਿੰਦਰ ਸਿੰਘ ਗੰਭੀਰ, ਹਾਊਸ ਨੰ. ੧੯੧, ਬੈਕਸਾਈਡ ਸੰਸਕ੍ਰਿਤੀ ਸਕੂਲ, ਬਲਾਕ ਸੀ, ਗ੍ਰੇਟਰ ਕੈਲਾਸ਼, ਬਟਾਲਾ- ੧੪੩੫੦੫ (ਜ਼ਿਲ੍ਹਾ ਗੁਰਦਾਸਪੁਰ) ਮੋ. +੯੧੯੮੭੨੨-੩੫੧੧੧*

ਡਾ. ਟਾਇਨਬੀ ਦੇ ਸ਼ਬਦਾਂ ਵਿਚ ਇਹ ਗ੍ਰੰਥ ਸਮੁੱਚੀ ਮਨੁੱਖਤਾ
ਦਾ ਸਾਂਝਾ ਅਤਮਿਕ ਖਜ਼ਾਨਾ ਹੈ। (ਸਫਾ ੮੦)

ਇਵੇਂ ਹੀ ਲੇਖਕ ਨੇ ਡਾ. ਰਾਧਾ ਕ੍ਰਿਸ਼ਨਨ, ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ ਦੇ ਇਸ ਗ੍ਰੰਥ ਸੰਬੰਧੀ ਕੀਤੇ ਕਥਨਾਂ ਨੂੰ ਇਸ ਲੇਖ 'ਚ ਸੰਜੋਇਆ ਪਿਰੋਇਆ ਹੈ।

ਸ਼ਾਂਤ ਹੋਰਾਂ ਨੇ ਮਾਂ-ਬੋਲੀ ਪੰਜਾਬੀ ਪੁਸਤਕ ਸੱਭਿਆਚਾਰ ਸਿਰਜਣ ਅਤੇ ਸਾਹਿਤਕ ਵਿਰਾਸਤ ਦੀ ਪੂਰੀ ਸੰਭਾਲ ਕੀਤੇ ਜਾਣ ਸੰਬੰਧੀ ਮਨੋਭਾਵ ਵੀ ਸ਼ਿੱਦਤ ਨਾਲ ਪ੍ਰਗਟਾਇਆ ਹੈ। ਪ੍ਰੋ. ਸ਼ਿਵ ਜੋਸ਼ੀ ਦੇ ਸ਼ਬਦਾਂ 'ਚ ਸਾਨੂੰ ਸ਼ਾਂਤ ਜੀ ਰਾਹੀਂ ਪਤਾ ਲੱਗਦਾ ਹੈ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਭਾਸ਼ਾ ਵਿਕਾਸ ਦਾ ਇਕ ਸੁੰਦਰ ਇਤਿਹਾਸ ਹੈ। ਸ਼ਾਂਤ ਜੀ ਦੇ ਆਪਣੇ ਸ਼ਬਦ ਹਨ :

ਇਹ ਗ੍ਰੰਥ ਪੰਜਾਬੀ, ਸਧੁਕੜੀ, ਪ੍ਰਾਕ੍ਰਿਤ, ਅਪਭਰੰਸ਼, ਬ੍ਰਿਜ,
ਅਵਧੀ, ਗੁਜਰਾਤੀ, ਮਰਾਠੀ, ਬੰਗਲਾ, ਫਾਰਸੀ ਆਦਿ ਭਾਸ਼ਾਵਾਂ
ਦੇ ਸ਼ਬਦਾਂ ਲਈ ਇਕ ਪ੍ਰਮਾਣਿਕ ਸ੍ਰੋਤ ਹੈ। (ਸਫਾ ੮੨)

ਲੇਖਕ ਅਨੁਸਾਰ ਇਹ ਗ੍ਰੰਥ ਏਡਜ਼ ਜਿਹੀਆਂ ਮਾਰੂ ਬਿਮਾਰੀਆਂ ਤੋਂ ਬਚਣ ਦਾ ਸਭ ਤੋਂ ਵੱਧ ਪ੍ਰਭਾਵਕਾਰੀ ਢੰਗ ਹੈ।

ਦੂਸਰੇ ਭਾਗ ਦਾ ਦੂਸਰਾ ਲੇਖ 'ਗੁਰੂ ਨਾਨਕ ਸਾਹਿਬ ਦੀ ਅਦਭੁਤ ਰਚਨਾ' ਮੂਲ ਮੰਤਰ ਬਾਰੇ ਇਕ ਦੁਰਲੱਭ ਲੇਖ ਹੈ ਜੋ ਕਿ ਇਕ ਧਰੋਹਰ ਵਾਂਗ ਹੈ। ਤਦ ਹੀ ਇਹ ਇਸ ਲਾਸਾਨੀ ਗ੍ਰੰਥ 'ਚ ਬਹੁਤ ਵਾਰ ਦਰਜ ਕੀਤਾ ਗਿਆ ਹੈ। ਇਹ ਬਹੁਤੀਆਂ ਬਾਣੀਆਂ ਦੇ ਅਰੰਭ 'ਚ ਦਰਜ ਹੈ। ਇਸ 'ਚ ਪਰਮਾਤਮਾ ਦੇ ਮੂਲ ਸਰੂਪ ਦੇ ਗੁਣਾਂ ਦਾ ਸੰਪੂਰਨ ਬਖਾਨ ਹੈ। ਉਦਾਹਰਣ ਦੇ ਤੌਰ 'ਤੇ 'ਨਿਰਭਉ' ਹੋਣ ਦੇ ਗੁਣ ਨੂੰ *ਨਿਰਭਉ ਜਪੈ ਸਗਲ ਭਉ ਮਿਟੈ* ਦੁਆਰਾ ਅਤੇ 'ਅਜੂਨੀ' ਹੋਣ ਦੇ ਗੁਣ ਨੂੰ '*ਜੋ ਹਮ ਕੋ ਪਰਮੇਸਰ ਉਚਰਿਹੈਂ ॥ ਤੇ ਸਭ ਨਰਕ ਕੁੰਡ ਮਹਿ ਪਰਿਹੈਂ ॥*' ਦੁਆਰਾ ਵਿਆਖਿਆਇਆ ਹੈ।

'ਜਪੁਜੀ ਬਾਣੀ ਵਿਚ ਰਹੱਸਵਾਦ' 'ਚ ਭਾਈ ਕਾਨ੍ਹ ਸਿੰਘ ਨਾਭਾ ਦੇ ਹਵਾਲੇ ਨਾਲ ਇਹ ਦੱਸਿਆ ਹੈ ਕਿ 'ਰਹੱਸ' ਦਾ ਅਰਥ ਏਕਾਂਤ 'ਚ ਹੋਣ ਵਾਲਾ ਦੱਸਦਿਆਂ ਇਸ ਨੂੰ ਛਿਪਾਉਣ ਵਾਲੀ ਚੀਜ਼ ਦਰਸਾਇਆ ਹੈ ਨਾ ਕਿ ਢੋਲ ਵਜਾ ਕੇ ਹਰੇਕ ਨੂੰ ਦੱਸ ਦੇਣ ਵਾਲੀ।

'ਜਪੁ ਜੀ ਵਿਚ ਪੰਜ ਖੰਡਾਂ ਦੀ ਅਧਿਆਤਮਿਕ ਯਾਤਰਾ' ਸੂਖਮ ਤੇ ਡੂੰਘੀ ਤਰ੍ਹਾਂ ਸਮਝਣ ਵਾਲੀ ਰਹੱਸਮਈ ਗੱਲ ਹੈ। ਇਹ ਰੂਹਾਨੀ ਆਤਮਿਕ ਅਨੁਭਵ ਨਾਲ ਸੰਬੰਧਿਤ ਲੇਖ ਹੈ। ਲੇਖਕ ਸ਼ਾਂਤ ਹੋਰਾਂ ਨੇ ਇਸ ਰਹੱਸਮਈ ਲੇਖ ਨੂੰ ਭਾਈ ਕਾਨ੍ਹ ਸਿੰਘ ਨਾਭਾ ਅਤੇ ਡਾ. ਰਾਮ ਸਿੰਘ ਦੇ ਅਧਿਐਨ ਵਿਸ਼ਲੇਸ਼ਣ ਉੱਪਰ ਆਧਾਰਿਤ ਕਰਦਿਆਂ ਆਪਣੀ ਤਰਫੋਂ ਇਹ ਸਪੱਸ਼ਟ ਕੀਤਾ ਹੈ ਕਿ "ਇਹ ਯਾਤਰਾ ਗੁਰਮਤਿ ਦੇ ਪਾਂਧੀ ਬਣੇ

ਜਗਿਆਸੂ ਦੇ ਮਨ ਕੀ ਅਧਿਆਤਮਿਕ ਯਾਤਰਾ ਹੈ।" "ਜਗਿਆਸੂ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਚੰਦਰਮਾ, ਸੂਰਜ ਅਤੇ ਧਰਤੀ ਨਿਯਮਾਂ ਵਿਚ ਬੰਨ੍ਹੇ ਹੋਏ ਆਪੋ ਆਪਣਾ ਧਰਮ ਨਿਭਾ ਰਹੇ ਹਨ। ਉਹ ਦੇਖਦਾ ਹੈ ਕਿ ਕੁਦਰਤ ਦੀ ਮਰਯਾਦਾ ਅਨੁਸਾਰ ਹੀ ਦਿਨ-ਰਾਤ, ਰੁੱਤਾਂ, ਥਿੱਤਾਂ ਅਤੇ ਵਾਰ ਬਦਲਦੇ ਰਹਿੰਦੇ ਹਨ। ਉਸ ਨੂੰ ਇਹ ਅਨੁਭਵ ਹੁੰਦਾ ਹੈ ਕਿ ਏਨੇ ਵਿਸ਼ਾਲ ਸ੍ਰਿਸ਼ਟੀ ਪ੍ਰਬੰਧ ਨੂੰ ਚਲਾਉਣ ਵਾਲੇ ਪਰਮਾਤਮਾ ਨੇ ਸਾਰੇ ਬ੍ਰਹਿਮੰਡ ਨੂੰ ਆਪਣੇ ਹੁਕਮ ਵਿਚ ਬੰਨਿਆ ਹੋਇਆ ਹੈ।

ਇਵੇਂ ਹੀ ਗਿਆਨ ਖੰਡ, ਧਰਮ ਖੰਡ, ਕਰਮ ਖੰਡ ਅਤੇ ਸਚ ਖੰਡ ਦੀ ਵਿਆਖਿਆ ਦੇਂਦਿਆਂ ਸਮੁੱਚੀ ਸ੍ਰਿਸ਼ਟੀ ਸੰਬੰਧੀ ਯਥਾਰਥਵਾਦੀ ਅਤੇ ਰਹੱਸਮਈ ਵਿਚਾਰ ਨੁਕਤੇ ਪ੍ਰਸਤੁਤ ਕੀਤੇ ਤੇ ਉਭਾਰੇ ਗਏ ਹਨ।

ਬਾਣੀ 'ਸਿਧ ਗੋਸਟਿ' ਵਿਚ ਸੰਵਾਦ ਦੀ ਜਾਚ ਲੇਖ ਅਰੰਭ 'ਚ ਦਰਸਾਉਂਦਾ ਹੈ ਕਿ ਗੁਰੂ ਜੀ ਉਨ੍ਹਾਂ ਸਿੱਧਾਂ ਨਾਲ ਸੰਵਾਦ ਕਰਨ ਲਈ ਨਾਨਕ ਮਤਾ, ਸੁਮੇਰ, ਪਰਬਤ, ਅੱਚਲ ਵਟਾਲਾ ਅਤੇ ਮੁਲਤਾਨ ਗਏ। ਗਿਆਨ ਗੋਸਟਿ ਕਰਨ ਵਾਲੇ ਸਿੱਧਾਂ ਦੀ ਅਗਵਾਈ ਚਰਪਟਨਾਥ ਅਤੇ ਲੋਹਾ ਰੀਪਾ ਨਾਂਅ ਦੇ ਸਿੱਧ ਕਰ ਰਹੇ ਸਨ। ਲੇਖਕ ਨੇ ਇਹ ਵੱਖਰਾ ਤੱਥ ਵੀ ਜ਼ਾਹਰ ਕੀਤਾ ਹੈ ਕਿ ਚਰਪਟਨਾਥ ਅਤੇ ਲੋਹਾਰੀਪਾ ਨਾਥ ਨਾਂਅ ਦੇ ਸਿੱਧ ਦਸਵੀਂ-ਗਿਆਰ੍ਹਵੀਂ ਸਦੀ 'ਚ ਹੋਏ ਦੱਸੇ ਜਾਂਦੇ ਹਨ। ਨਿਰਸੰਦੇਹ ਇਨ੍ਹਾਂ ਹੀ ਨਾਵਾਂ ਵਾਲੇ ਪਹੁੰਚੇ ਹੋਏ ਸਿੱਧਾਂ ਨੇ ਗੁਰੂ ਜੀ ਨਾਲ ਗੋਸਟ ਵਿਚ ਹਿੱਸਾ ਲਿਆ ਅਤੇ ਇਹ ਸਿੱਖ ਗੁਰੂ ਜੀ ਦੇ ਸਮਕਾਲੀ ਸਨ। ਇਹ ਸਿੱਧ ਗੋਰਖਨਾਥ ਦੀ ਨਾਥ ਪਰੰਪਰਾ ਦੀ ਚੱਲਦੀ ਆ ਰਹੀ ਲੜੀ ਵਿੱਚੋਂ ਹੀ ਸਨ। ਇਸੇ ਕਰਕੇ ਗੁਰੂ ਜੀ ਨੇ 'ਗੋਰਖ ਪੂਤ ਲੋਹਾਰੀਪਾ ਸ਼ਬਦਾਂ ਦੀ ਵਰਤੋਂ ਆਪਣੀ ਬਾਣੀ ਵਿਚ ਕੀਤੀ ਹੋਈ ਹੈ। (ਸਫਾ ੧੦੬) ਲੇਖਕ ਨੇ ਇਸ ਚਰਚਿਤ ਬਾਣੀ ਰਾਹੀਂ ਹੋਈ ਵਿਚਾਰ-ਚਰਚਾ ਦਾ ਸਾਰ ਦਿੰਦਿਆਂ ਅਨੇਕਾਂ ਨੁਕਤੇ ਤੇ ਵਿਚਾਰ ਦਿੰਦਿਆਂ ਜੋਗਮਤ ਅਤੇ ਗੁਰਮਤਿ ਵਿਚਕਾਰ ਲੋੜੀਂਦਾ ਅੰਤਰ-ਨਿਖੇੜ ਸਪੱਸ਼ਟ ਕਰ ਦਿੱਤਾ ਹੈ। ਬਹੁਤੀਆਂ ਉਦਾਹਰਨਾਂ ਇਸ ਬਾਣੀ 'ਚੋਂ ਦਿੰਦਿਆਂ ਇਸੇ ਬਾਣੀ 'ਤੇ ਵਿਚਾਰ ਨੂੰ ਕੇਂਦ੍ਰਿਤ ਕੀਤਾ ਹੈ ਜਦਕਿ ਖਾਸ ਨੁਕਤਾ ਦਰਸਾਉਣ ਲਈ ਕੁਝ ਕੁ ਬਾਣੀ ਪੰਕਤੀਆਂ ਹੋਰ ਵੀ ਉਪਯੋਗ 'ਚ ਲਿਆਂਦੀਆਂ ਹਨ।

'ਅਨੰਦੁ' ਬਾਣੀ ਵਿਚ ਅਨੰਦ ਦਾ ਸੰਕਲਪ ਲੇਖਕ ਸ਼ਾਂਤ ਹੋਰਾਂ ਦਾ ਤੀਸਰੇ ਗੁਰੂ, ਸ੍ਰੀ ਗੁਰੂ ਅਮਰਦਾਸ ਜੀ ਦੀ ਸ਼ਾਹਕਾਰ ਦੇ ਤੌਰ 'ਤੇ ਸਵੀਕਾਰ ਕੀਤੀ ਗਈ ਬਾਣੀ ਦਾ ਸੰਜਮਈ ਸ਼ੈਲੀ ਵਿਚ ਇਕ ਬਹੁਪੱਖੀ ਅਤੇ ਵਿਸਤ੍ਰਿਤ ਪ੍ਰਕਾਰ ਦਾ ਸੂਖ਼ਮ ਵਿਸ਼ਲੇਸ਼ਣਾਤਮਿਕ ਅਧਿਐਨ ਵਿਸ਼ਲੇਸ਼ਣ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ 'ਚ 'ਅਨੰਦੁ ਸ਼ਬਦ ਦਾ ਭਾਵ ਪ੍ਰਗਟਾਉਣ ਵਾਲੇ ਕਈ ਹੋਰ ਸ਼ਬਦਾਂ ਜਿਵੇਂ ਸਹਜ, ਸੁਖ, ਨਿਰਬਾਨ, ਮੁਕਤਿ, ਹਰਿ ਰੰਗਿ, ਹਰਿ ਰਸੁ ਆਦਿ ਦੀ ਮੌਜੂਦਗੀ ਦੀ ਸੋਅ ਦਿੰਦਿਆਂ ਲੇਖਕ ਨੇ ਇਸ ਦੇ ਅੱਖਰਾਂ ਦੇ ਨਾਲ ਜੁੜੀਆਂ ਲਗਾਂ-ਮਾਤਰਾਂ ਦੀ ਭਿੰਨਤਾ ਦਾ ਜ਼ਿਕਰ ਕਰਦਿਆਂ

ਆਪਣੇ ਇਸ ਲੇਖ ਦਾ ਆਰੰਭ ਕੀਤਾ ਹੈ।

ਲੇਖ ਦਾ ਦੂਸਰਾ ਵਡੇਰਾ ਭਾਗ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਉਚਾਰਨ ਕੀਤੀ ਗਈ ਇਸ 'ਅਨੰਦ' ਸਿਰਲੇਖ ਅਧੀਨ ਦਰਜ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਦਰਜ ਬਾਣੀ ਦਾ ਅਤਿ ਵਿਆਪਕ ਤੱਤਸਾਰੀ ਤੇ ਡੂੰਘੇਰਾ ਵਿਸ਼ਲੇਸ਼ਣ ਕਰਦਿਆਂ ਅਨੰਦ ਪ੍ਰਾਪਤੀ ਦੇ ਸੋਮਿਆਂ, ਜੁਗਤਾਂ ਅਤੇ ਉੱਦਮ ਉਪਰਾਲਿਆਂ ਨੂੰ ਰੇਖਾਂਕਿਤ ਕਰਨ ਦਾ ਸਫਲ ਯਤਨ ਕੀਤਾ ਹੈ। ਇਹ ਲੇਖ ਮੂਲ ਵਿਸ਼ੈ-ਵਸਤੂ ਨਾਲ ਡੂੰਘੀ ਤਰ੍ਹਾਂ ਵਾਬਸਤਾ ਦੇਖਿਆ ਜਾਂਚਿਆ ਜਾ ਸਕਦਾ ਹੈ। ਇਹ ਵਿਚਾਰ-ਵਿਵੇਚਨ ਪਾਠਕਾਂ ਨੂੰ ਇਸ ਅਤਿਸਰਲ ਸਮਝੀ ਜਾਂਦੀ ਬਾਣੀ ਨੂੰ ਡੂੰਘੇਰੀ ਤਰ੍ਹਾਂ ਪੜ੍ਹਨ ਵਿਚਾਰਨ ਦਾ ਇਕ ਸਹਿਜ ਸੁਨੇਹਾ ਦੇਂਦਾ ਪ੍ਰਤੀ ਹੁੰਦਾ ਹੈ। ਸਿਰਫ ਕੁਝ ਕੁ ਵਿਚਾਰ :

੧. ਸਰੀਰਿਕ ਸੁਖ ਤੋਂ ਅਗਲੀ ਪੱਧਰ ਦਾ ਸੁਖ ਹੈ- ਮਾਨਸਿਕ ਸੁਖ। ਮਾਨਸਿਕ ਸੁਖ ਜਾਂ ਅਨੰਦੁ ਵਿਚ ਮਨ ਦੀ ਸ਼ਾਂਤੀ ਜਾਂ ਮਨ ਦੀ ਪ੍ਰਸੰਨਤਾ ਸ਼ਾਮਿਲ ਹੈ। (ਸਫਾ ੧੧੪)

੨. ਤੀਸਰੀ ਪੱਧਰ ਦਾ ਅਤੇ ਦੂਜੀ ਨਾਲੋਂ ਵੀ ਉਚੇਰੀ ਪੱਧਰ ਦਾ ਸੁਖ ਹੈ ਆਤਮਿਕ ਸੁਖ।

੩. ... ਗੁਰੂ ਸਾਹਿਬ ਦਾ 'ਅਨੰਦੁ' ਦਾ ਸੰਕਲਪ ਮਨੁੱਖ ਦੇ ਸਰੀਰਿਕ, ਮਾਨਸਿਕ ਅਤੇ ਆਤਮਿਕ ਸੁਖ ਦੀ ਪ੍ਰਾਪਤੀ ਦੇ ਨਾਲ-ਨਾਲ ਵਿਸਮਾਦੀ ਅਵਸਥਾ ਦਾ ਵੀ ਸੂਚਕ ਹੈ। (ਸਫਾ ੧੧੫)

੪. ਸਤਿਗੁਰੂ ਦੀਆਂ ਸਿੱਖਿਆਵਾਂ ਨੂੰ ਮਨ ਵਿਚ ਵਸਾਉਣਾ ਹੀ ਸਤਿਗੁਰੂ ਦੇ ਸਨਮੁਖ ਹੋਣਾ ਹੈ। (ਸਫਾ ੧੧੭)

੫. ਸਤਿਗੁਰੂ ਦੀ ਪ੍ਰਾਪਤੀ ਲਈ ਅਨੰਦੁ ਦੀ ਪ੍ਰਾਪਤੀ ਲਈ ਅਤੇ ਭਗਤਾਂ ਦੀ ਚਾਲ ਚੱਲਣ ਲਈ ਬਿਖਮ ਮਾਰਗ 'ਤੇ ਚੱਲਣਾ ਪੈਂਦਾ ਹੈ। (ਸਫ਼ਾ ੧੧੮)

'ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਪ੍ਰਭੂ-ਪ੍ਰੀਤ ਦਾ ਰਹੱਸਵਾਦੀ ਵਰਣਨ' ਲੇਖ ਗੁਰੂ ਜੀ ਬਾਣੀ ਦੇ ਇਕ ਪਰੰਤੂ ਮੂਲ ਪੱਖ-ਪਾਸਾਰ ਨੂੰ ਅਧਿਐਨ-ਵਿਸ਼ਲੇਸ਼ਣ ਅਧੀਨ ਲਿਆਉਣ ਦਾ ਯਤਨ ਕਰਦਾ ਇਕ ਪ੍ਰਭੂ ਭਗਤੀ 'ਚ ਰਚੀ-ਮਿਚੀ ਤੇ ਗੜੂੰਦ ਹੋਈ ਸਹਿਜ, ਸਰਲ ਤੇ ਸੁੱਚੀ-ਸੱਚੀ ਨਿਰਮਲ ਸ਼ਖ਼ਸੀਅਤ ਗੁਰੂ ਪਾਤਸ਼ਾਹ ਦੀ ਵਿਭਿੰਨ ਰਾਗਾਂ 'ਚ ਦਰਜ ਕੁਝ ਕੁ ਬਾਣੀ ਨੂੰ ਦ੍ਰਿਸ਼ਟੀਗੋਚਰ ਕਰਦਾ ਹੋਇਆ ਸਹਿਜ ਤੇ ਸਰਲ ਸੁਭਾਵਿਕ ਅੰਦਾਜ਼ 'ਚ ਪ੍ਰਸਤੁਤ ਕਰਦੀ ਇਕ ਲੜੀਬੱਧ ਨਿਰਮਲ ਨਦੀ ਦੀ ਧਾਰਾ ਜਿਹਾ ਪ੍ਰਭਾਵ ਪਾਠਕਾਂ-ਸਰੋਤਿਆਂ ਉੱਪਰ ਪਾਉਣ ਦੀ ਸਮਰੱਥਾ/ ਸੰਭਾਵਨਾ ਰੱਖਦਾ ਹੈ। ਇਸ 'ਚ ਇਕ ਮਾਤਰ ਡੁਬਕੀ ਲਗਾਉਣ ਵਾਲੇ ਜਨਾਂ ਨੂੰ ਵੀ ਚਿਰਸਥਾਈ ਹੀ ਨਹੀਂ ਸਗੋਂ ਸਦੀਵੀ ਖੇੜੇ ਤੇ ਵਿਗਾਸ ਦੀ ਘੁੱਟੀ ਪ੍ਰਦਾਨ ਕਰ ਦਿੰਦਾ ਹੈ। ਇਸ ਪਿੱਛੇ ਹਕੀਕੀ ਰੂਪ 'ਚ ਗੁਰੂ ਸਾਹਿਬ ਦੀ ਜ਼ਿੰਦਗੀ ਦੀ ਅਥਾਹ ਘਾਲਣਾ ਦਾ ਸਮ੍ਰਿਤੀ

'ਚ ਆਉਣਾ ਕੁਦਰਤੀ ਹੈ। ਗੁਰੂ ਸਾਹਿਬ ਦੇ ਜੀਵਨ ਬ੍ਰਿਤਾਂਤ ਤੋਂ ਜਾਣੂ ਪਾਠਕ ਵੀ ਚਕ੍ਰਿਤ ਹੋ ਸਕਦੇ ਹਨ ਅਤੇ ਇਸ ਤੋਂ ਅਨਜਾਣ ਵੀ। ਗੁਰੂ ਸਾਹਿਬ ਦੀ ਬੋਲ-ਬਾਣੀ ਵੀ ਤਾਂ ਅਤਿ ਨਿਰਮਲ ਅਤੇ ਸੀਤਲ ਸੀ। ਨਿਰਮਲ ਅਤੇ ਸੀਤਲ ਦਿਲ 'ਚੋਂ ਤਾਂ ਕੁਝ ਵੀ ਉਗਮੇ ਉਹ ਨਿਰਮਲਤਾ ਤੇ ਸੀਤਲਤਾ ਹੀ ਵੰਡੇਗਾ। ਲੇਖਕ ਸ਼ਾਂਤ ਹੋਰਾਂ ਵੀ ਲਿਖਿਆ ਹੈ:

> ਜਦ ਅਸੀਂ ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਵਲ ਝਾਤੀ ਮਾਰਦੇ ਹਾਂ ਤਾਂ ਸਾਨੂੰ ਉਹ ਨਿਮਰਤਾ, ਹਲੀਮੀ ਅਤੇ ਸੇਵਾ ਦੀ ਜਿਉਂਦੀ-ਜਾਗਦੀ ਮੂਰਤ ਨਜ਼ਰ ਆਉਂਦੇ ਹਨ।

ਸ੍ਰੀ ਗੁਰੂ ਅਮਰਦਾਸ ਜੀ ਦੀ ਜਿਸ ਤਨਦੇਹੀ ਨਾਲ ਸ੍ਰੀ ਗੁਰੂ ਰਾਮਦਾਸ ਜੀ ਨੇ ਸੇਵਾ ਕੀਤੀ ਉਸ ਤੋਂ ਗੁਰ-ਇਤਿਹਾਸ ਦਾ ਹਰ ਇਕ ਜਾਣੂ ਭਲੀ ਭਾਂਤ ਵਾਕਫ਼ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਜਦ ਆਪ ਜੀ ਨੂੰ ਮਿਲਣ ਆਏ ਤਾਂ ਉਨ੍ਹਾਂ ਨੇ ਗੁਰੂ ਜੀ ਪਾਸੋਂ ਉਨ੍ਹਾਂ ਦੀ ਲੰਮੀ ਸੁੰਦਰ ਦਾੜ੍ਹੀ ਦਾ ਰਾਜ਼ ਪੁੱਛਿਆ। ਗੁਰੂ ਜੀ ਨੇ ਹਲੀਮੀ ਨਾਲ ਦੱਸਿਆ ਕਿ ਇਹ ਉਨ੍ਹਾਂ ਨੇ ਬਾਬਾ ਜੀ ਵਰਗੇ ਮਹਾਂਪੁਰਸ਼ਾਂ ਦੇ ਚਰਨ ਝਾੜਨ ਲਈ ਵਧਾਈ ਹੋਈ ਹੈ। ਬਾਬਾ ਸ੍ਰੀ ਚੰਦ ਜੀ ਉੱਤੇ ਉਨ੍ਹਾਂ ਦੇ ਇਸ ਉੱਤਰ ਦਾ ਏਨਾਂ ਅਸਰ ਪਿਆ ਕਿ ਉਦਾਸੀ ਸੰਪਰਦਾ ਨਾਲ ਗੁਰੂ-ਘਰ ਦੇ ਸੰਬੰਧ ਬਹੁਤ ਹੀ ਪ੍ਰੇਮ ਭਰੇ ਅਤੇ ਸੁਖਾਵੇਂ ਹੋ ਗਏ। ਉਦਾਸੀ ਸੰਪਰਦਾ ਨੇ ਇਸੇ ਕਰਕੇ ਗੁਰਮਤਿ ਦੇ ਪ੍ਰਚਾਰ ਵਿਚ ਅਹਿਮ ਹਿੱਸਾ ਪਾਉਣਾ ਸ਼ੁਰੂ ਕਰ ਦਿੱਤਾ।

ਪਿਆਰ ਤੇ ਨਿਮਰਤਾ ਦੀ ਸਾਕਾਰ ਮੂਰਤ ਗੁਰੂ ਸਾਹਿਬ ਦੀ ਪ੍ਰਭੂ-ਪ੍ਰੀਤ ਨਾਲ ਓਤ-ਪ੍ਰੋਤ ਕੁਝ ਇਕ ਤੁਕਾਂ, ਜੋ ਸ਼ਾਂਤ ਹੋਰਾਂ ਦਿੱਤੀਆਂ ਹਨ :

*-ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥੪॥*
*ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥੫॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੫੭)*

*-ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੫੭)*

*-ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੫੭)*

*ਚਲਦਾ. . .*

# ਪੋਹ ਸੁਦੀ ਸਤਮੀ ੨੯ ਦਸੰਬਰ, ੨੦੨੨ ਦਿਨ ਵੀਰਵਾਰ

*-ਐਡਵੋਕੇਟ ਗੁਰਚਰਨਜੀਤ ਸਿੰਘ ਲਾਂਬਾ**

ਇਸ ਸਾਲ ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪਾਵਨ ਪ੍ਰਕਾਸ਼ ਗੁਰਪੁਰਬ ਪੋਹ ਸੁਦੀ ਸਤਮੀ ੨੯ ਦਸੰਬਰ, ੨੦੨੨ ਈ. ਦਿਨ ਵੀਰਵਾਰ ਨੂੰ ਹੈ। ਪੋਹ ਸੁਦੀ ਸਤਮੀ ਜਾਣਨ ਲਈ ਕੇਵਲ Google (ਗੂਗਲ) ਵਿਚ ਜਾ ਕੇ ਚੰਦ੍ਰਾਇਣ ਜਾਂ Moon calendar ਵੇਖਣ ਦੀ ਲੋੜ ਹੈ। ਇਸ ਬਾਬਤ Google (ਗੂਗਲ) ਦੇ ਕੈਲੰਡਰ ਨੂੰ ਵੇਖਿਆ ਜਾ ਸਕਦਾ ਹੈ ਕਿ ਏਕਮ ਸੁਦੀ ਪੋਹ (new moon) ੨੩ ਦਸੰਬਰ ਨੂੰ ਹੈ। ਇਸ ਤਰ੍ਹਾਂ ਇਸ ਸਾਲ ਪੋਹ ਸੁਦੀ ਸਤਮੀ ੨੩ ਦਸੰਬਰ ਤੋਂ ਸੱਤਵਾਂ ਦਿਨ ਯਾਨਿ ੨੯ ਦਸੰਬਰ, ੨੦੨੨ ਈ. ਦਿਨ ਵੀਰਵਾਰ ਨੂੰ ਹੈ।

ਇਹ ਕੁਦਰਤ ਦਾ ਸਦੀਵੀ ਨਿਯਮ ਹੈ। ਇਸ ਵਿਚ ਕੋਈ ਵੀ ਤਬਦੀਲੀ ਨਹੀਂ ਕਰ ਸਕਦਾ। ਇਸ ਨੂੰ ਗੁਰੂ ਸਾਹਿਬਾਨ ਨੇ ਅਪਣਾਇਆ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤੁਖਾਰੀ ਰਾਗ ਵਿਚ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਾਂਝ ਰਾਗ ਵਿਚ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਛੰਤ ਵਿਚ ਬਾਰਹਮਾਹ ਰਚੇ। ਇਸ ਤਰ੍ਹਾਂ ਨਾਨਕਸ਼ਾਹੀ ਸੰਮਤ (ਸਾਲ) ਚੇਤ ਤੋਂ ਫੱਗਣ ਵਿਚ ਪੋਹ ਸੁਦੀ ਸਤਮੀ ਕੇਵਲ ਇੱਕ ਵਾਰ ਹੀ ਆ ਸਕਦੀ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ, ਸਾਰੇ ਤਖ਼ਤ ਸਾਹਿਬਾਨ ਅਤੇ ਸਮੂਹ ਸਿੱਖ ਜਗਤ ਵਿਚ ਪੋਹ ਸੁਦੀ ਸਤਮੀ ੨੯ ਦਸੰਬਰ, ੨੦੨੨ ਈ. ਦਿਨ ਵੀਰਵਾਰ ਨੂੰ ਹੀ ਮਨਾਈ ਜਾ ਰਹੀ ਹੈ। ਇਸ ਦਿਨ ਗੁਰਪੁਰਬ ਮਨਾ ਕੇ ਗੁਰੂ ਕੀਆਂ ਖੁਸ਼ੀਆਂ ਹਾਸਿਲ ਕਰੀਏ! ■

*santsipahi@gmail.com, Ph. +19736990950*

*ਹੱਕ ਹੱਕ ਆਗਾਹ ਗੁਰ ਗੋਬਿੰਦ ਸਿੰਘ*
*ਸ਼ਾਹਿ ਸ਼ਹਨਸ਼ਾਹ ਗੁਰ ਗੋਬਿੰਦ ਸਿੰਘ ॥੧੦੭॥*
*ਬਰ ਦੋ ਆਲਮ ਸ਼ਾਹ ਗੁਰ ਗੋਬਿੰਦ ਸਿੰਘ*
*ਖ਼ਸਮ ਰਾ ਜਾਂ-ਕਾਹ ਗੁਰ ਗੋਬਿੰਦ ਸਿੰਘ ॥੧੦੮॥. . .*
*(ਭਾਈ ਨੰਦ ਲਾਲ ਜੀ)*

ਕਵਿਤਾ

# ਮਾਂ ਬੋਲੀ

*-ਕਰਨਲ ਪ੍ਰਤਾਪ ਸਿੰਘ**

*ਮਾਂ ਬੋਲੀ ਪੰਜਾਬੀ ਹੈ ਮਹਾਨ ਇਸ ਨੂੰ ਪਿਆਰ ਕਰੋ,*
*ਸੱਚ ਆਖਾਂ ਇਹ ਪੰਜਾਬੀਆਂ ਦੀ ਸ਼ਾਨ ਇਸ ਨੂੰ ਪਿਆਰ ਕਰੋ।*

*ਸ਼ਹਿਦ ਨਾਲੋਂ ਮਿੱਠੀ ਇਹ ਪਿਆਰੀ ਸਾਡੀ ਬੋਲੀ ਹੈ,*
*ਇਹਦੇ ਸ਼ਾਇਰਾਂ ਇਸ ਵਿਚ ਮਿਸ਼ਰੀ ਵੀ ਘੋਲੀ ਹੈ।*

*ਗੁਰੂਆਂ, ਸੰਤਾਂ ਤੇ ਨਾਥਾਂ ਦੀ ਜ਼ੁਬਾਨ ਇਸ ਨੂੰ ਪਿਆਰ ਕਰੋ।*
*ਭਾਸ਼ਾ ਇਹ ਅਮੀਰ ਕੋਈ ਨਹੀਂ ਇਹਦਾ ਹਾਣੀ ਹੈ,*
*ਇਸ ਵਿਚ ਰਚੀ ਗੁਰੂ ਗ੍ਰੰਥ ਸਾਹਿਬ* ਦੀ ਬਾਣੀ ਹੈ।*

*ਪੰਜਾਂ ਪਾਣੀਆਂ 'ਚ ਹੋਈ ਇਹ ਜਵਾਨ ਇਸ ਨੂੰ ਪਿਆਰ ਕਰੋ,*
*ਗੁਰੂ ਨਾਨਕ ਨੇ ਇਸ ਤਾਈਂ ਪ੍ਰਚਾਰਿਆ,*

*ਬੁੱਲੇ ਬਾਹੂ ਵਾਰਿਸ ਨੇ ਇਹ ਨੂੰ ਸਤਿਕਾਰਿਆ।*
*ਬਾਬਾ ਫ਼ਰੀਦ ਨੇ ਵਧਾਇਆ ਇਹਦਾ ਮਾਣ ਇਸ ਨੂੰ ਪਿਆਰ ਕਰੋ।*

*ਭੁੱਲਿਓ ਨ ਕਦੇ ਵੀ ਪੰਜਾਬੀ ਨੂੰ ਪੰਜਾਬੀਓ,*
*ਮਝੈਲੋ ਮਲਵਈਓ ਗੱਲ ਸੁਣ ਲਉ ਦੁਆਬੀਓ।*

*ਮੰਗੇ ਪ੍ਰਤਾਪ ਸਿੰਘ ਅੱਜ ਤੁਸਾਂ ਤੋਂ ਜ਼ੁਬਾਨ ਇਸ ਨੂੰ ਪਿਆਰ ਕਰੋ,*
*ਸੱਚ ਆਖਾਂ ਇਹ ਪੰਜਾਬੀਆਂ ਦੀ ਸ਼ਾਨ ਇਸ ਨੂੰ ਪਿਆਰ ਕਰੋ।* ■

*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

*#੮੧੧, ਗਾਰਡਨ ਇਨਕਲੇਵ, ਜੀ.ਟੀ. ਰੋਡ, ਸ੍ਰੀ ਅੰਮ੍ਰਿਤਸਰ-੧੪੩੫੦੧; ਮੋ. +੯੧੭੮੮੮੪੪੭੮੭੫

ਕਵਿਤਾ

# ਪੋਹ ਦਾ ਮਹੀਨਾ

*-ਸ. ਚਰਨ ਸਿੰਘ ਮਾਹੀ (ਲੰਮਿਆਂ ਵਾਲਾ)**

ਸਾਹਿਬਜ਼ਾਦੇ:- *ਪੋਹ ਦਾ ਮਹੀਨਾ ਉਤੋਂ ਕਾਲੀ ਬੋਲੀ ਰਾਤ,*
*ਘਟਾਂ ਕਾਲੀਆਂ ਅੰਬਰ 'ਤੇ ਛਾਈਆਂ।*
*ਕੋਈ ਦਿਸੇ ਨਾ ਟਿਕਾਣਾ ਅੰਮੀਏ,*
*ਕਿਹੜੇ ਪਾਸੇ ਦੀਆਂ ਕਰੀਆਂ ਚੜ੍ਹਾਈਆਂ, ਕੋਈ ਦਿਸੇ ਨਾ ਟਿਕਾਣਾ ਅੰਮੀਏ।*
ਦਾਦੀ ਮਾਤਾ ਜੀ:- *ਪੋਹ ਦਾ ਮਹੀਨਾ ਉਤੋਂ ਕਾਲੀ ਬੋਲੀ ਰਾਤ,*
*ਤੁਸੀਂ ਬੱਚਿਓ ਜ਼ਰਾ ਨੀ ਘਬਰਾਣਾ,*
*ਵੇ ਇੱਥੋਂ ਥੋੜੀ ਦੂਰ ਬੱਚਿਓ।*
*ਆਪਾਂ ਗੰਗੂ ਦੇ ਸਹੇੜੀ ਪਿੰਡ ਜਾਣਾ, ਵੇ ਇੱਥੋਂ ਥੋੜੀ ਦੂਰ ਬੱਚਿਓ।*
ਸਾਹਿਬਜ਼ਾਦੇ:- *ਮਾਤਾ ਪਿਤਾ ਵੀਰ ਵੱਡੇ,*
*ਸਾਨੂੰ ਕਿਉਂ ਵਿਛੋੜ ਗਏ।*
*ਕਿਹੜੀ ਗੱਲੋਂ ਮਾਤਾ ਮੁਖ ਸਾਡੇ ਵੱਲੋਂ ਮੋੜ ਗਏ।*
*ਖਿੱਚ ਕੇ ਜੁਦਾਈ ਵਾਲੇ ਮਾਰੇ ਉਨ੍ਹਾਂ ਤੀਰ,*
*ਸਾਥੋਂ ਝੱਲੀਆਂ ਨਾ ਜਾਣ ਜੁਦਾਈਆਂ, ਕੋਈ ਦਿਸੇ ਨਾ ਟਿਕਾਣਾ ਅੰਮੀਏ।*
ਦਾਦੀ ਮਾਤਾ ਜੀ:- *ਸਰਸਾ ਨਿਮਾਣੀ ਨੇ ਇਹ ਕਹਿਰ ਕਮਾਇਆ ਵੇ,*
*ਸਾਰੇ ਪਰਿਵਾਰ ਦਾ ਵਿਛੋੜਾ ਓਨੇ ਪਾਇਆ ਵੇ,*
*ਲਿਖੀ ਤਕਦੀਰ ਦੀ ਨਾ ਮੇਟ ਸਕੇ ਕੋਈ,*
*ਮੰਨੋ ਮਿੱਠਾ ਸਤਿਗੁਰ ਦਾ ਭਾਣਾ, ਵੇ ਇੱਥੋਂ ਥੋੜੀ ਦੂਰ ਬੱਚਿਓ।*
ਸਾਹਿਬਜ਼ਾਦੇ:- *ਔਰੰਗਜ਼ੇਬ ਕਾਹਤੋਂ ਜ਼ੁਲਮ ਕਮਾ ਲਿਆ,*
*ਸਾਡੇ ਨਾਲ ਉਨ੍ਹਾਂ ਮਾਤਾ ਵੈਰ ਕਾਹਤੋਂ ਪਾ ਲਿਆ।*
*ਦੁਖੀ ਮਜ਼ਲੂਮ ਉੱਤੇ ਜ਼ੁਲਮ ਕਮਾਵੇ,*
*ਨਾਲੇ ਕਰਦਾ ਰਹੇ ਉਹ ਮਨ ਆਈਆਂ,*
*ਕੋਈ ਦਿਸੇ ਨਾ ਟਿਕਾਣਾ ਅੰਮੀਏ, ਕਿਹੜੇ ਪਾਸੇ ਦੀਆਂ ਕਰੀਆਂ ਚੜ੍ਹਾਈਆਂ।*
ਦਾਦੀ ਮਾਤਾ ਜੀ:- *ਨੇਕੀ ਅਤੇ ਬਦੀ ਦਾ ਤਾਂ ਮੁੱਢ ਤੋਂ ਹੀ ਵੈਰ ਵੇ,*
*ਸਾਡੀ ਝੋਲੀ ਪਾਈ ਰੱਬ ਨੇਕੀਆਂ ਦੀ ਖੈਰ ਵੇ।*
*ਧਰਮ ਦੇ ਲਈ ਥੋਡੇ ਦਾਦਾ ਜੀ ਨੂੰ ਦਿੱਲੀ ਜਾ ਕੇ,*
*ਪਿਆ ਸੀ ਸੀਸ ਕਟਵਾਣਾ, ਵੇ ਇੱਥੋਂ ਥੋੜੀ ਦੂਰ ਬੱਚਿਓ।*
ਸਾਹਿਬਜ਼ਾਦੇ:- *ਦਾਦੇ ਵਾਂਗੂੰ ਅਸੀਂ ਵੀ ਤਾਂ ਧਰਮ ਬਚਾਵਾਂਗੇ।*
*ਦੇ ਕੇ ਕੁਰਬਾਨੀ ਸ਼ਾਨ ਸਿੱਖੀ ਦੀ ਵਧਾਵਾਂਗੇ।*
*ਉਨ੍ਹਾਂ ਲੀਹਾਂ ਉੱਤੇ ਅਸੀਂ ਚਲਦੇ ਰਹਾਂਗੇ।*
*ਸਾਡੇ ਦਾਦੇ ਪੜ੍ਹਦਾਦਿਆਂ ਜੋ ਪਾਈਆਂ, ਕੋਈ ਦਿਸੇ ਨਾ ਟਿਕਾਣਾ ਅੰਮੀਏ।*
ਦਾਦੀ ਮਾਤਾ ਜੀ:- *ਥੋਡੇ ਕੋਲੋਂ ਮੈਨੂੰ ਇਹੋ ਬੱਚਿਓ ਸੀ ਆਸ ਵੇ।*
*ਹੋਵੋਗੇ ਜ਼ਰੂਰ ਸਿੱਖੀ ਪੇਪਰਾਂ 'ਚੋਂ ਪਾਸ ਵੇ।*
*"ਲੰਮਿਆਂ ਦੇ ਮਾਹੀ" ਨੇ ਬਣਾ ਕੇ ਇਤਿਹਾਸ*
*ਵਿਚ ਸੰਗਤ ਦੇ ਫਿਰ ਹੈ ਸੁਣਾਣਾ, ਵੇ ਇੱਥੋਂ ਥੋੜੀ ਦੂਰ ਬੱਚਿਓ।* ■

*ਸ਼ਹੀਦੀ

*ਪਿੰਡ ਲੰਮਾ, ਤਹਿ: ਜਗਰਾਓਂ, ਜ਼ਿਲ੍ਹਾ ਲੁਧਿਆਣਾ। +੯੧੯੯੧੪੩-੬੪੭੨੮

ਖ਼ਬਰਨਾਮਾ

## ਐਡਵੋਕੇਟ ਹਰਜਿੰਦਰ ਸਿੰਘ ਧਾਮੀ ਮੁੜ ਬਣੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਮੇਟੀ ਦੇ ਪ੍ਰਧਾਨ

ਸ੍ਰੀ ਅੰਮ੍ਰਿਤਸਰ, ੯ ਨਵੰਬਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀ ਸਾਲਾਨਾ ਚੋਣ ਲਈ ਇਥੇ ਹੋਏ ਜਨਰਲ ਇਜਲਾਸ ਦੌਰਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ। ਉਨ੍ਹਾਂ ਨੇ ਹੋਈਆਂ ਵੋਟਾਂ ਦੌਰਾਨ ਬੀਬੀ ਜਗੀਰ ਕੌਰ ਨੂੰ ਵੱਡੇ ਫ਼ਰਕ ਨਾਲ ਹਰਾ ਕੇ ਜਿੱਤ ਹਾਸਲ ਕੀਤੀ। ਐਡਵੋਕੇਟ ਧਾਮੀ ਲਗਾਤਾਰ ਦੂਸਰੀ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹੋਏ ਇਜਲਾਸ ਦੌਰਾਨ ਮੈਂਬਰ ਸ. ਅਲਵਿੰਦਰਪਾਲ ਸਿੰਘ ਪੱਖੋਕੇ ਨੇ ਐਡਵੋਕੇਟ ਹਰਜਿੰਦਰ ਸਿੰਘ ਦਾ ਨਾਂ ਪ੍ਰਧਾਨਗੀ ਲਈ ਪੇਸ਼ ਕੀਤਾ, ਜਿਸ ਦੀ ਤਾਈਦ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਅਤੇ ਤਾਈਦ ਮਜੀਦ ਸ. ਨਵਤੇਜ ਸਿੰਘ ਕਾਉਣੀ ਨੇ ਕੀਤੀ। ਇਸੇ ਦੌਰਾਨ ਸ. ਅਮਰੀਕ ਸਿੰਘ ਸ਼ਾਹਪੁਰ ਨੇ ਬੀਬੀ ਜਗੀਰ ਕੌਰ ਦਾ ਨਾਂ ਪ੍ਰਧਾਨਗੀ ਪਦ ਲਈ ਪੇਸ਼ ਕੀਤਾ, ਜਿਸ 'ਤੇ ਹੋਈਆਂ ਵੋਟਾਂ ਮਗਰੋਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਜੇਤੂ ਰਹੇ। ਕੁੱਲ ਪਈਆਂ ੧੪੬ ਵੋਟਾਂ ਵਿੱਚੋਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ੧੦੪ ਅਤੇ ਬੀਬੀ ਜਗੀਰ ਕੌਰ ਨੂੰ ੪੨ ਵੋਟਾਂ ਪ੍ਰਾਪਤ ਹੋਈਆਂ।

ਜਨਰਲ ਇਜਲਾਸ ਦੌਰਾਨ ਸ. ਬਲਦੇਵ ਸਿੰਘ ਕਾਇਮਪੁਰ ਸੀਨੀਅਰ ਮੀਤ ਪ੍ਰਧਾਨ, ਸ. ਅਵਤਾਰ ਸਿੰਘ ਰਿਆ ਜੂਨੀਅਰ ਮੀਤ ਪ੍ਰਧਾਨ ਅਤੇ ਭਾਈ ਗੁਰਚਰਨ ਸਿੰਘ ਗਰੇਵਾਲ ਨੂੰ ਜਨਰਲ ਸਕੱਤਰ ਚੁਣਿਆ ਗਿਆ। ਇਸ ਤੋਂ ਇਲਾਵਾ ੧੧ ਮੈਂਬਰੀ ਅੰਤ੍ਰਿੰਗ ਕਮੇਟੀ ਵਿਚ ਸ. ਮੋਹਨ ਸਿੰਘ ਬੰਗੀ, ਸ. ਜਰਨੈਲ ਸਿੰਘ ਕਰਤਾਰਪੁਰ, ਸ. ਸੁਰਜੀਤ ਸਿੰਘ ਤੁਗਲਵਾਲ, ਸ. ਬਾਵਾ ਸਿੰਘ ਗੁਮਾਨਪੁਰਾ, ਬੀਬੀ ਗੁਰਿੰਦਰ ਕੌਰ ਭੋਲੂਵਾਲਾ, ਸ. ਗੁਰਨਾਮ ਸਿੰਘ ਜੱਸਲ, ਸ. ਪਰਮਜੀਤ ਸਿੰਘ ਖਾਲਸਾ, ਸ. ਸ਼ੇਰ ਸਿੰਘ ਮੰਡਵਾਲਾ, ਬਾਬਾ ਗੁਰਪ੍ਰੀਤ ਸਿੰਘ ਰੰਧਾਵਾ, ਸ. ਭੁਪਿੰਦਰ ਸਿੰਘ ਅਸੰਧ ਤੇ ਸ. ਮਲਕੀਤ ਸਿੰਘ ਚੰਗਾਲ ਨੂੰ ਲਿਆ ਗਿਆ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਚੁਣੇ ਜਾਣ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀ ਦੀ ਚੋਣ ਅਤਿ ਅਹਿਮ ਸੀ, ਕਿਉਂਕਿ ਇਸ ਵਿਚ ਕੇਂਦਰ

ਦੀ ਭਾਜਪਾ ਸਰਕਾਰ, ਆਰਐਸਐਸ, ਉਚੇਚੇ ਤੌਰ 'ਤੇ ਘੱਟਗਿਣਤੀ ਕਮਿਸ਼ਨ ਦੇ ਚੇਅਰਮੈਨ ਸ. ਇਕਬਾਲ ਸਿੰਘ ਲਾਲਪੁਰਾ, ਪੰਜਾਬ ਤੇ ਹਰਿਆਣਾ ਸਰਕਾਰ ਦੇ ਨਾਲ-ਨਾਲ ਕਾਂਗਰਸ ਦੀ ਪੂਰੀ ਤਾਕਤ ਇਕਸੁਰਤਾ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ 'ਤੇ ਦਬਾਅ ਪਾ ਕੇ ਹਰ ਹੀਲੇ ਸ਼੍ਰੋਮਣੀ ਅਕਾਲੀ ਦਲ ਦੇ ਵਿਰੋਧ 'ਚ ਭੁਗਤਣ ਲਈ ਕਹਿ ਰਹੇ ਸਨ। ਪਰੰਤੂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਨੇ ਸਿੱਖ ਸੰਸਥਾ ਨੂੰ ਤੋੜਨ ਵਾਲੀਆਂ ਸ਼ਕਤੀਆਂ ਨੂੰ ਮੂੰਹ ਤੋੜ ਜਵਾਬ ਦਿੰਦਿਆਂ ਵੱਡੀ ਗਿਣਤੀ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨੂੰ ਵੋਟਾਂ ਪਾ ਕੇ ਕਾਮਯਾਬ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਜਿੱਤ ਦਾ ਸਿਹਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਨ੍ਹਾਂ ਸਾਰੇ ਮੈਂਬਰਾਂ ਨੂੰ ਜਾਂਦਾ ਹੈ, ਜਿਨ੍ਹਾਂ ਨੇ ਉਲਟ ਹਾਲਾਤ ਦੇ ਬਾਵਜੂਦ ਵੀ ਦ੍ਰਿੜ੍ਹ ਰਹਿਣ ਦਾ ਸੰਕਲਪ ਕੀਤਾ। ਐਡਵੋਕੇਟ ਧਾਮੀ ਪ੍ਰਧਾਨ ਚੁਣੇ ਜਾਣ 'ਤੇ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਦੇ ਨਾਲ-ਨਾਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਅਤੇ ਦਲ ਦੇ ਸਮੁੱਚੇ ਆਗੂਆਂ ਦਾ ਵੀ ਧੰਨਵਾਦ ਕੀਤਾ।

ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਉਹ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਪ੍ਰੰਪਰਾਵਾਂ ਤੇ ਰਵਾਇਤਾਂ ਦੀ ਰੋਸ਼ਨੀ ਵਿਚ ਸਿੱਖ ਪੰਥ ਦੇ ਮਸਲਿਆਂ ਦੀ ਪੈਰਵਾਈ ਦੇ ਨਾਲ-ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਵਾਲੇ ਗੁਰਦੁਆਰਾ ਸਾਹਿਬਾਨ ਅਤੇ ਹੋਰ ਅਦਾਰਿਆਂ ਦੀ ਸੇਵਾ-ਸੰਭਾਲ ਲਈ ਦਿਨ ਰਾਤ ਇਕ ਕਰਨਗੇ। ਉਨ੍ਹਾਂ ਕਿਹਾ ਕਿ ਪ੍ਰਬੰਧਕੀ ਕੰਮ-ਕਾਜ ਨੂੰ ਹੋਰ ਚੁਸਤ-ਦਰੁੱਸਤ ਬਣਾਉਣ ਲਈ ਸਮੇਂ ਦੇ ਹਾਣ ਦੀਆਂ ਤਰਜੀਹਾਂ ਅਨੁਸਾਰ ਅੱਗੇ ਵਧਿਆ ਜਾਵੇਗਾ। ਧਰਮ ਪ੍ਰਚਾਰ, ਸਿੱਖਿਆ ਅਤੇ ਲੋਕ ਭਲਾਈ ਦੇ ਕਾਰਜ ਨਿਰੰਤਰ ਜਾਰੀ ਰੱਖੇ ਜਾਣਗੇ। ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਕਾਰਜਸ਼ੀਲ ਜਥੇਬੰਦੀਆਂ ਅਤੇ ਸਭਾ-ਸੁਸਾਇਟੀਆਂ ਦਾ ਸਹਿਯੋਗ ਲੈ ਕੇ ਚੱਲਿਆ ਜਾਵੇਗਾ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਚੁਣੇ ਹੋਰ ਅਹੁਦੇਦਾਰਾਂ ਨੇ ਗੁਰੂ ਸਾਹਿਬ ਦਾ ਕੀਤਾ ਸ਼ੁਕਰਾਨਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਜਾਣ ਮਗਰੋਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਹੋਰ ਅਹੁਦੇਦਾਰਾਂ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ, ਜਿੱਥੇ ਉਨ੍ਹਾਂ ਨੂੰ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਗੁਰੂ ਬਖ਼ਸ਼ਿਸ਼ ਸਿਰੋਪਾਓ ਦਿੱਤੇ। ਐਡਵੋਕੇਟ ਧਾਮੀ ਸਮੇਤ ਅਹੁਦੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਯਾਦਗਾਰ ਸ਼ਹੀਦਾਂ ਵਿਖੇ

ਵੀ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਨ ਲਈ ਗਏ।

**ਜਨਰਲ ਇਜਲਾਸ ਦੌਰਾਨ ਸਿੰਘ ਸਾਹਿਬਾਨ ਰਹੇ ਮੌਜੂਦ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਮੇਤ ਹੋਰ ਅਹੁਦੇਦਾਰਾਂ ਦੀ ਚੋਣ ਲਈ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਏ ਜਨਰਲ ਇਜਲਾਸ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੀ ਮੌਜੂਦ ਰਹੇ। ਇਜਲਾਸ ਦੀ ਆਰੰਭਤਾ ਸਮੇਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਅਰਦਾਸ ਕੀਤੀ ਅਤੇ ਪਾਵਨ ਹੁਕਮਨਾਮਾ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਸਰਵਣ ਕਰਵਾਇਆ। ਪ੍ਰਧਾਨ ਅਤੇ ਹੋਰ ਅਹੁਦੇਦਾਰ ਚੁਣੀਆਂ ਗਈਆਂ ਸ਼ਖ਼ਸੀਅਤਾਂ ਨੂੰ ਜਨਰਲ ਇਜਲਾਸ ਦੌਰਾਨ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਐਡਵੋਕੇਟ ਧਾਮੀ ਨੇ ਹਾਜ਼ਰ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਜਨਰਲ ਇਜਲਾਸ ਦੀ ਕਾਰਵਾਈ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਚਲਾਈ।

**ਜਨਰਲ ਹਾਊਸ ਦੌਰਾਨ ਹਾਜ਼ਰ ਰਹੇ ਮੈਂਬਰ ਸਾਹਿਬਾਨ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਅਹੁਦੇਦਾਰਾਂ ਦੀ ਚੋਣ ਸਮੇਂ ਇਜਲਾਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ੧੪੯ ਮੈਂਬਰ ਹਾਜ਼ਰ ਸਨ। ਹਾਜ਼ਰ ਮੈਂਬਰਾਂ ਵਿਚ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਭਾਈ ਗੋਬਿੰਦ ਸਿੰਘ ਲੌਂਗੋਵਾਲ, ਸ. ਅਲਵਿੰਦਰਪਾਲ ਸਿੰਘ ਪੱਖੋਕੇ, ਬੀਬੀ ਜਗੀਰ ਕੌਰ, ਸ. ਦਲਜੀਤ ਸਿੰਘ ਭਿੰਡਰ, ਬੀਬੀ ਹਰਜਿੰਦਰ ਕੌਰ, ਸ. ਅਮਰੀਕ ਸਿੰਘ ਜਨੈਤਪੁਰ, ਸ. ਹਰਪਾਲ ਸਿੰਘ ਪਾਲੀ, ਸ. ਬਲਦੇਵ ਸਿੰਘ ਕਾਇਮਪੁਰ, ਸ. ਹਰਭਜਨ ਸਿੰਘ ਮਸਾਣਾਂ, ਸ. ਭੁਪਿੰਦਰ ਸਿੰਘ ਅਸੰਧ, ਸ. ਅਮੀਰ ਸਿੰਘ, ਸ. ਬਲਦੇਵ ਸਿੰਘ ਖਾਲਸਾ, ਬੀਬੀ ਅਮਰਜੀਤ ਕੌਰ, ਬਾਬਾ ਗੁਰਮੀਤ ਸਿੰਘ ਤ੍ਰਿਲੋਕੇਵਾਲਾ, ਸ. ਜਗਸੀਰ ਸਿੰਘ ਮਾਂਗੇਆਣਾ, ਸ. ਗੁਰਪਾਲ ਸਿੰਘ ਗੋਰਾ, ਬੀਬੀ ਕਿਰਨਵੀਰ ਕੌਰ, ਸ. ਨਵਤੇਜ ਸਿੰਘ ਕਾਉਣੀ, ਸ. ਕੌਰ ਸਿੰਘ, ਬੀਬੀ ਪ੍ਰਮਿੰਦਰ ਕੌਰ, ਸ. ਸੂਬਾ ਸਿੰਘ ਡੱਬਵਾਲਾ, ਸ. ਦਰਸ਼ਨ ਸਿੰਘ ਬਰਾੜ, ਸ. ਪ੍ਰੀਤਮ ਸਿੰਘ ਮਲਸੀਹਾਂ, ਸ. ਦਰਸ਼ਨ ਸਿੰਘ ਸ਼ੇਰਖਾਂ, ਸ. ਬਲਵਿੰਦਰ ਸਿੰਘ ਭੰਮਾਂਲੰਡਾ, ਸ. ਸਤਪਾਲ ਸਿੰਘ ਤਲਵੰਡੀ ਭਾਈ, ਬੀਬੀ ਜਸਵਿੰਦਰ ਕੌਰ ਜੀਰਾ, ਸ. ਗੁਰਮੀਤ ਸਿੰਘ ਬੂਹ, ਸ. ਸੁਖਜੀਤ ਸਿੰਘ ਲੋਹਗੜ੍ਹ, ਬੀਬੀ ਨਰਿੰਦਰ ਕੌਰ, ਸ. ਗੁਰਮੇਲ ਸਿੰਘ ਸੰਗਤਪੁਰਾ, ਸ. ਸੁਖਹਰਪ੍ਰੀਤ ਸਿੰਘ ਰੋਡੇ, ਸ. ਤਰਸੇਮ

ਸਿੰਘ ਰੱਤੀਆ, ਬੀਬੀ ਜਸਵਿੰਦਰ ਕੌਰ, ਬੀਬੀ ਗੁਰਿੰਦਰ ਕੌਰ, ਸ. ਸ਼ੇਰ ਸਿੰਘ ਮੰਡਵਾਲਾ, ਸ. ਫੁੰਮਣ ਸਿੰਘ, ਸ. ਮੇਜਰ ਸਿੰਘ ਮਹਿਰਾਜ, ਬੀਬੀ ਜਸਪਾਲ ਕੌਰ, ਸ. ਅਮਰੀਕ ਸਿੰਘ ਕੋਟਸ਼ਮੀਰ, ਬੀਬੀ ਜੋਗਿੰਦਰ ਕੌਰ, ਸ. ਮੋਹਣ ਸਿੰਘ ਬੰਗੀ, ਸ. ਸੁਰਜੀਤ ਸਿੰਘ ਰਾਏਪੁਰ, ਮਾਸਟਰ ਮਿੱਠੂ ਸਿੰਘ ਕਾਹਨੇਕੇ, ਬਾਬਾ ਬੂਟਾ ਸਿੰਘ, ਸ. ਗੁਰਪ੍ਰੀਤ ਸਿੰਘ ਝੱਬਰ, ਬੀਬੀ ਜਸਵੀਰ ਕੌਰ, ਸ. ਇੰਦਰਮੋਹਨ ਸਿੰਘ ਲਖਮੀਰਵਾਲਾ, ਬੀਬੀ ਜਸਪਾਲ ਕੌਰ, ਸ. ਮਲਕੀਤ ਸਿੰਘ ਚੰਗਾਲ, ਸ. ਪਰਮਜੀਤ ਸਿੰਘ ਖਾਲਸਾ, ਸ. ਬਲਦੇਵ ਸਿੰਘ ਚੂੰਘਾ, ਸੰਤ ਬਲਬੀਰ ਸਿੰਘ ਘੁੰਨਸ, ਬੀਬੀ ਸ਼ਰਨਜੀਤ ਕੌਰ, ਸ. ਜੈਪਾਲ ਸਿੰਘ ਮੰਡੀਆਂ, ਸ. ਭੁਪਿੰਦਰ ਸਿੰਘ ਭਲਵਾਨ, ਸ. ਹਰਦੇਵ ਸਿੰਘ ਰੋਗਲਾ, ਬੀਬੀ ਮਲਕੀਤ ਕੌਰ ਕਮਾਲਪੁਰ, ਸ. ਨਿਰਮਲ ਸਿੰਘ ਹਰਿਆਓ, ਸ. ਕੁਲਦੀਪ ਸਿੰਘ ਨੱਸੂਪੁਰ, ਸ. ਸਤਵਿੰਦਰ ਸਿੰਘ ਟੌਹੜਾ, ਸ. ਜਰਨੈਲ ਸਿੰਘ, ਸ. ਸਵਿੰਦਰ ਸਿੰਘ ਸਭਰਵਾਲ, ਸ. ਜਸਮੇਲ ਸਿੰਘ ਲਾਛੜੂ, ਬੀਬੀ ਕੁਲਦੀਪ ਕੌਰ ਟੌਹੜਾ, ਸ. ਨਿਰਮੈਲ ਸਿੰਘ ਜੌਲਾਂ, ਸ. ਸੁਰਜੀਤ ਸਿੰਘ ਗੜ੍ਹੀ, ਸ. ਗੁਰਪ੍ਰੀਤ ਸਿੰਘ, ਸ. ਰਣਧੀਰ ਸਿੰਘ ਚੀਮਾਂ, ਸ. ਅਵਤਾਰ ਸਿੰਘ ਰਿਆ, ਸ. ਰਵਿੰਦਰ ਸਿੰਘ ਖ਼ਾਲਸਾ, ਸ. ਦਵਿੰਦਰ ਸਿੰਘ ਖੱਟੜਾ, ਸ. ਰਘਬੀਰ ਸਿੰਘ ਸਹਾਰਨਮਾਜਰਾ, ਸ. ਚਰਨ ਸਿੰਘ ਆਲਮਗੀਰ, ਸ. ਹਰਪਾਲ ਸਿੰਘ ਜੱਲਾ, ਸ. ਹਰਪ੍ਰੀਤ ਸਿੰਘ ਗਰਚਾ, ਸ. ਜਗਜੀਤ ਸਿੰਘ ਤਲਵੰਡੀ, ਸ. ਗੁਰਚਰਨ ਸਿੰਘ ਗਰੇਵਾਲ, ਸ. ਜਸਵੰਤ ਸਿੰਘ ਪੁੜੈਣ, ਸ. ਕੇਵਲ ਸਿੰਘ ਬਾਦਲ, ਸ. ਬਲਵਿੰਦਰ ਸਿੰਘ ਬੈਂਸ, ਬੀਬੀ ਰਜਿੰਦਰ ਕੌਰ, ਸ. ਰਣਜੀਤ ਸਿੰਘ ਮੰਗਲੀ, ਸ. ਸਰਬੰਸ ਸਿੰਘ ਮਾਣਕੀ, ਬੀਬੀ ਹਰਜਿੰਦਰ ਕੌਰ, ਸ. ਮਹਿੰਦਰ ਸਿੰਘ ਹੁਸੈਨਪੁਰਾ, ਸ. ਗੁਰਬਖ਼ਸ਼ ਸਿੰਘ ਖ਼ਾਲਸਾ, ਸ. ਸੁਖਦੇਵ ਸਿੰਘ ਭੌਰ, ਸ. ਬਲਦੇਵ ਸਿੰਘ ਕਲਿਆਣ, ਸ. ਪਰਮਜੀਤ ਸਿੰਘ ਰਾਏਪੁਰ, ਬੀਬੀ ਦਵਿੰਦਰ ਕੌਰ ਕਾਲੜਾ, ਸ. ਕੁਲਵੰਤ ਸਿੰਘ ਮੰਨਣ, ਸ. ਰਣਜੀਤ ਸਿੰਘ ਕਾਹਲੋਂ, ਬੀਬੀ ਗੁਰਮੀਤ ਕੌਰ, ਸ. ਸਰਵਣ ਸਿੰਘ ਕੁਲਾਰ, ਬੀਬੀ ਗੁਰਪ੍ਰੀਤ ਕੌਰ, ਸ. ਜਰਨੈਲ ਸਿੰਘ ਡੋਗਰਾਂਵਾਲਾ, ਸ. ਬਲਜੀਤ ਸਿੰਘ ਜਲਾਲਉਸਮਾ, ਸ. ਅਮਰਜੀਤ ਸਿੰਘ ਭਲਾਈਪੁਰ, ਸ. ਬਲਵਿੰਦਰ ਸਿੰਘ ਵੇਈਂਪੂਈਂ, ਸ. ਗੁਰਬਚਨ ਸਿੰਘ ਕਰਮੂੰਵਾਲਾ, ਸ. ਖੁਸ਼ਵਿੰਦਰ ਸਿੰਘ ਭਾਟੀਆ, ਬੀਬੀ ਹਰਜਿੰਦਰ ਕੌਰ, ਭਾਈ ਮਨਜੀਤ ਸਿੰਘ, ਸ. ਨਿਰਮਲ ਸਿੰਘ ਨੌਸ਼ਹਿਰਾ ਢਾਲਾ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਸ. ਗੁਰਿੰਦਰਪਾਲ ਸਿੰਘ ਰਣੀਕੇ, ਸ. ਹਰਜਾਪ ਸਿੰਘ ਸੁਲਤਾਨਵਿੰਡ, ਭਾਈ ਰਜਿੰਦਰ ਸਿੰਘ ਮਹਿਤਾ, ਸ. ਬਾਵਾ ਸਿੰਘ ਗੁਮਾਨਪੁਰਾ, ਬੀਬੀ ਕਿਰਨਜੋਤ ਕੌਰ, ਸ. ਸੁਰਜੀਤ ਸਿੰਘ ਭਿੱਟੇਵਡ, ਬੀਬੀ ਬਲਵਿੰਦਰ ਕੌਰ ਲੋਪੋਕੇ, ਸ. ਅਮਰੀਕ ਸਿੰਘ ਵਿਛੋਆ, ਸ. ਜੋਧ ਸਿੰਘ ਸਮਰਾ, ਬੀਬੀ ਸਵਰਨ ਕੌਰ ਤੇੜਾ, ਸ. ਅਮਰਜੀਤ ਸਿੰਘ

ਬੰਡਾਲਾ, ਸ. ਬਿਕਰਮਜੀਤ ਸਿੰਘ ਕੋਟਲਾ, ਸ. ਭਗਵੰਤ ਸਿੰਘ ਸਿਆਲਕਾ, ਸ. ਸੁਰਜੀਤ ਸਿੰਘ ਤੁਗਲਵਾਲਾ, ਸ. ਗੁਰਿੰਦਰਪਾਲ ਸਿੰਘ ਗੋਰਾ, ਸ. ਗੁਰਨਾਮ ਸਿੰਘ ਜੱਸਲ, ਸ. ਅਮਰੀਕ ਸਿੰਘ ਸ਼ਾਹਪੁਰ, ਬੀਬੀ ਜੋਗਿੰਦਰ ਕੌਰ, ਬੀਬੀ ਜਸਵੀਰ ਕੌਰ ਜੱਫਰਵਾਲ, ਸ. ਰਵਿੰਦਰ ਸਿੰਘ ਚੱਕ, ਸ. ਤਾਰਾ ਸਿੰਘ ਤਲਵੰਡੀ, ਸ. ਹਰਜਿੰਦਰ ਸਿੰਘ ਧਾਮੀ, ਸ. ਸੁਰਿੰਦਰ ਸਿੰਘ ਠੇਕੇਦਾਰ, ਸ. ਜੰਗ ਬਹਾਦਰ ਸਿੰਘ ਰਾਏ, ਭਾਈ ਅਮਰਜੀਤ ਸਿੰਘ ਚਾਵਲਾ, ਸ. ਅਜਮੇਰ ਸਿੰਘ ਖੇੜਾ, ਸ. ਚਰਨਜੀਤ ਸਿੰਘ ਕਾਲੇਵਾਲ, ਬੀਬੀ ਪਰਮਜੀਤ ਕੌਰ ਲਾਂਡਰਾਂ, ਸ. ਰਘੂਜੀਤ ਸਿੰਘ ਵਿਰਕ, ਸ. ਕਰਨੈਲ ਸਿੰਘ ਪੰਜੋਲੀ, ਭਾਈ ਰਾਮ ਸਿੰਘ, ਸ. ਜਗਤਾਰ ਸਿੰਘ ਰੋਡੇ, ਸ. ਸੁਰਜੀਤ ਸਿੰਘ ਕੰਗ, ਸ. ਹਰਭਜਨ ਸਿੰਘ ਚੀਮਾਂ, ਸ. ਚਰਨਜੀਤ ਸਿੰਘ ਜੱਸੋਵਾਲ, ਸ. ਸੁਖਮੀਤ ਸਿੰਘ ਕਾਦੀਆਂ, ਸ. ਹਰਮਨਜੀਤ ਸਿੰਘ, ਸ. ਗੁਰਮਿੰਦਰ ਸਿੰਘ ਮਠਾਰੂ, ਬੀਬੀ ਸੁਖਵਿੰਦਰ ਕੌਰ, ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ, ਓਐਸਡੀ ਸ. ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਸ. ਪਰਮਜੀਤ ਸਿੰਘ ਸਰੋਆ, ਸ. ਕੁਲਵਿੰਦਰ ਸਿੰਘ ਰਮਦਾਸ, ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਨਿਰਵੈਲ ਸਿੰਘ ਆਦਿ ਮੌਜੂਦ ਸਨ।

**ਐਡਵੋਕੇਟ ਧਾਮੀ ੧੯੯੬ ਤੋਂ ਚਲੇ ਆ ਰਹੇ ਹਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੂਸਰੀ ਵਾਰ ਲਗਾਤਾਰ ਪ੍ਰਧਾਨ ਚੁਣੇ ਗਏ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਲੰਮੇ ਅਰਸੇ ਤੋਂ ਸਿੱਖ ਸੰਸਥਾ ਨਾਲ ਜੁੜੇ ਹੋਏ ਹਨ। ੧੯੫੬ ਈ. ਵਿਚ ਜਨਮੇ ਐਡਵੋਕੇਟ ਹਰਜਿੰਦਰ ਸਿੰਘ ਬੀ.ਏ., ਐਲ.ਐਲ.ਬੀ. ਪਾਸ ਹਨ ਅਤੇ ਚਾਰ ਦਹਾਕਿਆਂ ਤੋਂ ਵਕਾਲਤ ਦੇ ਪੇਸ਼ੇ ਨਾਲ ਜੁੜੇ ਹੋਏ ਹਨ। ਉਹ ੧੯੯੬ ਈ. ਵਿਚ ਪਹਿਲੀ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬਣੇ ਅਤੇ ਉਦੋਂ ਤੋਂ ਹੁਣ ਤਕ ਲਗਾਤਾਰ ਮੈਂਬਰ ਬਣਦੇ ਰਹੇ। ਉਹ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਵੀ ਰਹੇ ਅਤੇ ਅੰਤ੍ਰਿੰਗ ਮੈਂਬਰ ਵੀ ਬਣੇ। ਐਡਵੋਕੇਟ ਧਾਮੀ ੨੦੧੯ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਚੁਣੇ ਗਏ, ਜਿਸ ਮਗਰੋਂ ੨੦੨੦ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਦੇ ਪ੍ਰਬੰਧਕੀ ਅਹੁਦੇ 'ਤੇ ਸੇਵਾ ਨਿਭਾਈ। ਉਹ ਸਿੱਖ ਸਰੋਕਾਰਾਂ ਦੀ ਡੂੰਘੀ ਪਕੜ ਰੱਖਦੇ ਹਨ ਅਤੇ ਇਕ ਦਿਆਨਤਦਾਰ ਆਗੂ ਵਜੋਂ ਜਾਣੇ ਜਾਂਦੇ ਹਨ। ਸਿੱਖ ਸੰਘਰਸ਼ ਦੇ ਯੋਧਿਆਂ ਦੇ ਕੇਸਾਂ ਦੀ ਪੈਰਵਾਈ ਵੀ ਕਰਦੇ ਰਹੇ ਹਨ। ਐਡਵੋਕੇਟ ਧਾਮੀ ਦੇ ਮੁੱਖ ਸਕੱਤਰ ਅਤੇ ਪ੍ਰਧਾਨ ਹੁੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਮੋਰਚਾ ਗੁਰੂ ਕਾ ਬਾਗ ਅਤੇ ਸ਼ਹੀਦੀ ਸਾਕਾ ਸ੍ਰੀ ਪੰਜਾ ਸਾਹਿਬ ਦੀਆਂ ਸ਼ਤਾਬਦੀਆਂ ਮਨਾਈਆਂ ਗਈਆਂ ਹਨ। ■



ਗੁਰਦੁਆਰਾ ਸ੍ਰੀ ਫ਼ਤਿਹਗੜ੍ਹ ਸਾਹਿਬ

Registered with Registrar of Newspaper at No. 354/57
Postal Regd.No.L-I/PB-ASR/007/2022-2024 Without Pre-payment of Postage under License no. PB/370/2022-2024

# GURMAT PARKASH

December 2022
Dharam Parchar Committee, Shiromani Gurdwara Parbandhak Committee, Sri Amritsar Sahib

ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਾ. ਨੌਂਵੀਂ, ਪਟਿਆਲਾ



Owner : Shiromani Gurdwara Parbandhak Committee. Publisher & Printer : S. Manjit Singh. Printed at Golden Offset Press, Gurdwara Sri Ramsar Sahib, Sri Amritsar. Published from SGPC office, Teja Singh Samundri Hall, Sri Amritsar. Editor : Satwinder Singh Date: 2-12-2022